RNI No. - PUNPUN/2022/82997

ISSN : 2584-1211

# ਆਪਣੀ ਆਵਾਜ਼

# अपनी आवाज़

# APNI AAWAAZ


| Vol. 4 | Issue 5 | December 2025 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 4 | ਅੰਕ 5 | ਦਸੰਬਰ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




| ਸਾਲ 4 | Vol. 4 | ਅੰਕ 5 | Issue 5 | ਮਾਸਿਕ | Monthly | ਦਸੰਬਰ 2025 | December 2025 |
|---|---|---|---|---|---|---|---|

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਸੰਪਾਦਕੀ – | ਡਾ. ਰਾਮ ਮੂਰਤੀ | 3 |
| 2. ਸੁਰਿੰਦਰ ਸਿੰਘ ਸੁੰਨੜ ਦੀ ਕਾਵਿ-ਸਾਧਨਾ | ਪ੍ਰੋ. ਸੁਹਿੰਦਰ ਬੀਰ ਸਿੰਘ | 4 |
| 3. ਪੰਜਾਬ ਦਾ ਅਣਛਪਿਆ ਇਤਿਹਾਸ | ਚੇਤਨ ਸਿੰਘ | 15 |
| 4. ਗਲੇਸ਼ੀਅਰ ਪਿਘਰ ਗਿਆ | 'ਮਿੱਤਰ' ਮਨਜੀਤ | 21 |
| 5. ਗੁਰੂ ਤੇਗ ਬਹਾਦਰ | ਜਸਵੰਤ ਜ਼ਫ਼ਰ | 28 |
| 6. ਇੰਡੋਂ-ਕਨੇਡੀਅਨ ਪਰਵਾਸੀਆਂ ਦਾ ਸੰਘਰਸ਼ਨਾਮਾ | ਸੁਰਿੰਦਰ ਸੰਘਾ | 29 |
| 7. "ਡਾਂਗੇ ਮਰ ਚੁੱਕਾ ਹੈ" ਇੱਕ ਤਥਾਤਮਕ ਕਹਾਣੀ | ਅਮਰ ਗਰਗ ਕਲਮਦਾਨ | 35 |
| 8. ਕਵਿਤਾ – ਬਾਬੇ ਨਾਨਕ ਦੀ ਕਲਮ | ਹਰਪ੍ਰੀਤ ਪੱਤੋ | 38 |
| 9. ਟੂਮਾਂ ਵਰਗੀਆਂ ਗ਼ਜ਼ਲਾਂ | ਡਾ. ਰਾਮ ਮੂਰਤੀ | 39 |
| 10. ਕਹਾਣੀ 'ਬਿਨ ਸਰਨਾਵਿਓ' ਦਾ ਰਿਲੀਜ਼ ਤੇ | ਸ. ਮੋਤਾ ਸਿੰਘ | 40 |
| 11. ਕਹਾਣੀ – ਡਰ | ਗੁਰਨਾਮ ਬਾਵਾ | 41 |
| 12. ਕੁਲਦੀਪ ਦੁਸਾਂਝ ਦੀਆਂ ਤਿੰਨ ਕਵਿਤਾਵਾਂ | ਕੁਲਦੀਪ ਦੁਸਾਂਝ | 43 |
| 13. ਪ੍ਰਕਾਸ਼ ਪੁੰਜ | ਪ੍ਰੋਮਿਲਾ ਅਰੋੜਾ | 44 |
| 14. ਸੁਖਮਿੰਦਰ ਸੇਖੋਂ ਦਾ ਮਿੰਨੀ ਕਹਾਣੀ ਸੰਗ੍ਰਹਿ ਰਿਸ਼ਤਿਆਂ ਦੀ... | ਸਰਬਜੀਤ ਧੀਰ | 45 |
| 15. ਦਿਲ ਤੇ ਦਿਮਾਗ | ਰਾਜਪਿੰਦਰ ਕੌਰ ਹੂੰਜਨ | 46 |
| 16. ਬਲਦੇਵ ਸਿੰਘ 'ਬੱਦਨ' ਰਚਿਤ ਕਾਵਿ-ਸੰਗ੍ਰਹਿ 'ਸ੍ਰਿਸ਼ਟੀ-ਦ੍ਰਿਸ਼ਟੀ' 'ਚ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ | ਸੰਧੂ ਵਰਿਆਣਵੀ (ਪ੍ਰੋ.) | 47 |
| 17. ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਦੀਆਂ ਸਾਹਿਤਕ ਰਚਨਾਵਾਂ ਅਤੇ ਸ਼ੈਲੀ ਵਿਚ ਦਿਲਚਸਪ ਖੂਬੀਆਂ | ਡਾ. ਮਨੋਜ ਦੱਤਾ | 54 |
| 18. ਜਗਦੀਸ਼ ਰਾਣਾ ਦੀਆਂ ਦੋ ਗ਼ਜ਼ਲਾਂ | ਜਗਦੀਸ਼ ਰਾਣਾ | 57 |
| 19. ਹੈਨਰੀ ਸਰ ਡਿਊਨਾਂਟ ਤੇ ਰੈੱਡ ਕਰਾਸ | ਬੂਟਾ ਸਿੰਘ ਪੰਡੋਰੀ | 58 |
| 20. ਬੀਜ ਡਰਾਫਟ ਬਿੱਲ, 2025 – ਭਾਰਤੀ ਖੇਤੀਬਾੜੀ ਵਿੱਚ ਗੁਣਵੱਤਾ, ਅਧਿਕਾਰਾਂ ਅਤੇ ਪਾਰਦਰਸ਼ਤਾ ਦਾ ਇੱਕ ਨਵਾਂ ਯੁੱਗ | ਕਿਸ਼ਨ ਸੰਮੁਖਦਾਸ ਭਵਾਨੀ | 61 |
| 21. ਅਮਰ ਨਾਥ ਕੌਸਤੁਭ ਦੀਆਂ ਤਿੰਨ ਗ਼ਜ਼ਲਾਂ | ਅਮਨ ਨਾਥ ਕੌਸਤੁਭ | 65 |
| 21. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

**ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ**



# ਆਦਰਸ਼ ਸਿਸਟਮ ਦੀ ਭਾਲ ਵਿੱਚ ਅੱਜ ਦੇ ਆਰੀਆ

ਕਿਹਾ ਜਾਂਦਾ ਹੈ ਕਿ ਆਰੀਅਨ ਸਾਇਬੇਰੀਆ ਤੋਂ ਉੱਠ ਕੇ ਚੰਗੇ ਤੇ ਆਦਰਸ਼ ਰਹਿਣਯੋਗ ਚੌਗਿਰਦੇ ਤੇ ਵਾਤਾਵਰਨ ਦੀ ਭਾਲ ਵਿੱਚ ਨਿਕਲੇ। ਉਹਨਾਂ ਵਿੱਚੋਂ ਕੁਝ ਅਰਬ, ਇਰਾਨ ਇਰਾਕ ਵਿੱਚ ਰਹਿ ਗਏ ਕੁਝ ਸਾਹਸੀ ਲੋਕ ਅੱਗੇ ਵਧਦੇ ਹੋਏ ਸਪਤਸਿੰਧੂ ਤੱਕ ਪਹੁੰਚ ਗਏ, ਜਿੱਥੇ ਸੱਤ ਦਰਿਆ ਵਹਿੰਦੇ ਸਨ। ਮੈਦਾਨੀ ਪੱਧਰਾ ਇਲਾਕਾ ਸੀ। ਪੌਣ ਪਾਣੀ ਬੜਾ ਸਾਫ ਸ਼ਫਾਫ ਸੀ। ਜਮੀਨ ਬੜੀ ਉਪਜਾਊ ਸੀ ਤੇ ਪਾਣੀ ਬੜਾ ਨਿਰਮਲ ਸੀ। ਦੁੱਧ ਤੇ ਸ਼ਹਿਦ ਇੱਥੇ ਭਾਰੀ ਮਾਤਰਾ ਵਿੱਚ ਮਿਲਦਾ ਸੀ। ਇਸ ਤੋਂ ਚੰਗੀ ਧਰਤੀ ਸੰਸਾਰ ਤੇ ਹੋਰ ਕਿਹੜੀ ਹੋ ਸਕਦੀ ਸੀ? ਜਿਹੜੀ ਦੇਵਤਿਆਂ ਤੇ ਰਾਕਸ਼ਸਾਂ ਵਿਚਕਾਰ ਸਵਰਗ ਦੀ ਪ੍ਰਾਪਤੀ ਲਈ ਜੰਗ ਲੜੀ ਜਾਂਦੀ ਰਹੀ ਮੈਂ ਸਮਝਦਾ ਹਾਂ ਕਿ ਇਹ ਇਹੋ ਪੰਜਾਬ ਦੀ ਧਰਤੀ ਸੀ, ਜਿਹਨੂੰ ਉਸ ਵੇਲੇ ਸਪਤ ਸੰਧੂ ਕਿਹਾ ਜਾਂਦਾ ਸੀ। ਆਰੀਅਨਸ ਆਪ ਦੇਵਤੇ ਬਣ ਗਏ ਤੇ ਇਥੋਂ ਦੇ ਮੂਲ ਵਸਨੀਕਾਂ ਨੂੰ ਉਹਨਾਂ ਨੇ ਰਾਕਸ਼ਸਾਂ ਦਾ ਦਰਜਾ ਦੇ ਕੇ ਨਕਾਰ ਦਿੱਤਾ।

ਅੱਜ ਦੇ ਇਹ ਆਰੀਅਨ ਵੀ ਆਦਰਸ਼ , ਰਹਿਣ ਯੋਗ ਤੇ ਚੰਗੇ ਸਿਸਟਮ ਦੀ ਭਾਲ ਵਿੱਚ ਫਿਰ ਤੋਂ ਨਿਕਲ ਤੁਰੇ ਨੇ। ਆਪਣੀ ਇਸ ਚੇਸ਼ਟਾ ਤਹਿਤ ਇਹ ਲੋਕ ਕਨੇਡਾ, ਅਮਰੀਕਾ ਆਸਟਰੇਲੀਆ, ਨਿਊਜ਼ੀਲੈਂਡ ਤੇ ਹੋਰ ਯੂਰਪੀਅਨ ਮੁਲਕਾਂ ਵਿੱਚ ਵੱਡੀ ਗਿਣਤੀ ਵਿੱਚ ਜਾ ਕੇ ਵੱਸ ਗਏ ਹਨ। ਅਸਲ ਵਿੱਚ ਪ੍ਰਵਾਸ, ਆਰੀਅਨ ਦੀ ਇਸ ਔਲਾਦ ਦੇ ਖ਼ੂਨ ਵਿੱਚ ਪਿਆ ਹੋਇਆ ਹੈ। ਇਹਨਾਂ ਦੀ ਇਹ ਆਦ ਜੁਗਾਦੀ ਆਦਤ ਹੈ ਕਿ ਇਹ ਜਿੱਥੇ ਰਹਿੰਦੇ ਹੋਣ, ਉੱਥੇ ਰਹਿ ਕੇ ਸੰਘਰਸ਼ ਦੇ ਕੇ, ਲੜਾਈ ਦੇ ਕੇ ਸਿਸਟਮ ਨੂੰ ਸੁਧਾਰਨ ਦੀ ਥਾਂ ਇਹ ਉਸ ਭ੍ਰਿਸ਼ਟ ਤੇ ਨਾ ਰਹਿਣਯੋਗ ਹੋ ਚੁੱਕੇ ਸਿਸਟਮ ਤੇ ਸਮਾਜ ਨੂੰ ਛੱਡ ਕੇ ਉਹਨਾਂ ਧਰਤੀਆਂ ਦੀ ਤਲਾਸ਼ ਵਿੱਚ ਆਦ ਜੁਗਾਦ ਤੋਂ ਭਟਕ ਰਹੇ ਨੇ ਜਿੱਥੇ ਇਹਨਾਂ ਨੂੰ ਰਹਿਣ ਵਾਸਤੇ ਵਧੇਰੇ ਸੁੱਖ ਸੁਵਿਧਾ ਤੇ ਅਮੀਰੀ ਮਿਲ ਸਕੇ। ਅੱਜ ਦਾ ਪੰਜਾਬ ਦੁਭਿਧਾ ਵਿੱਚ ਵਿਚਰ ਰਿਹਾ ਹੈ। ਇਧਰਲੀਆਂ ਜਮੀਨਾਂ, ਕੋਠੀਆਂ, ਫੈਕਟਰੀਆਂ, ਦੁਕਾਨਾਂ ਛੱਡ ਕੇ ਬਾਹਰਲੇ ਮੁਲਕਾਂ ਵਿੱਚ ਵੱਸ ਗਏ ਪੰਜਾਬੀ ਅੱਜ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਕਿਤੇ ਨਾ ਕਿਤੇ ਉਹਨਾਂ ਕੋਲੋਂ ਵੱਡੀ ਭੁੱਲ ਹੋ ਗਈ ਹੈ। ਉਧਰਲੇ ਮੁਲਕਾਂ ਵਿੱਚ ਤਾਂ ਇਹ ਉਸ ਤਰ੍ਹਾਂ ਦੀ ਮਲਕੀਅਤ ਤੇ ਸਰਦਾਰੀ ਕੁਝ ਕੁ ਲੋਕਾਂ ਨੂੰ ਛੱਡ ਕੇ ਪ੍ਰਾਪਤ ਨਹੀਂ ਕਰ ਸਕੇ। ਇਧਰਲੀਆਂ ਮਾਲਕੀਆ, ਜਮੀਨਾਂ ਤੇ ਸਰਦਾਰੀਆਂ ਵੀ ਜਾਂਦੀਆਂ ਲੱਗੀਆਂ। ਜਿਨਾਂ ਧਰਤੀਆਂ ਨੂੰ ਇਹਨਾਂ ਨੇ ਆਪਣੀਆਂ ਸੁਪਨ ਨਗਰੀਆਂ ਸਮਝਿਆ ਹੋਇਆ ਸੀ ਅੱਜ ਉਹਨਾਂ ਧਰਤੀਆਂ ਤੋਂ ਇਹਨਾਂ ਨੂੰ ਸੰਗਲਾਂ ਨਾਲ ਨੂੜ ਨੂੜ ਕੇ ਜਹਾਜਾਂ ਵਿੱਚ ਭਰ ਭਰ ਕੇ ਪੰਜਾਬ ਵਿੱਚ ਸੁੱਟਿਆ ਜਾ ਰਿਹਾ ਹੈ। ਸ਼ਾਇਦ ਇਹ ਸਿੱਖਣ ਦੀ ਘੜੀ ਹੈ ਕਿ ਮਾਤਭੂਮੀ ਕਦੇ ਵੀ ਕਿਸੇ ਦੀ ਦੁਸ਼ਮਣ ਨਹੀਂ ਹੁੰਦੀ। ਜਦੋਂ ਵੀ ਸਾਨੂੰ ਸੰਭਾਲਣਾ ਹੈ, ਦੁੱਖਾਂ ਮਾਰਿਆ ਨੂੰ, ਮੁਸੀਬਤਾਂ ਮਾਰਿਆ ਨੂੰ ਸਾਡੀ ਮਾਤ ਭੂਮੀ ਨੇ ਹੀ ਸੰਭਾਲਣਾ ਹੈ। ਇਹ ਗੱਲ ਪੱਕੇ ਤੌਰ ਤੇ ਪੰਜਾਬੀਆਂ ਨੂੰ ਵੀ ਸਮਝ ਲੈਣੀ ਚਾਹੀਦੀ ਹੈ। ਕਦੋਂ ਕ ਤੱਕ ਬੇਗਾਨੀ ਛਾਹ ਤੇ ਮੁੱਛਾਂ ਮਨਾਉਂਦੇ ਰਹਾਂਗੇ ? ਪਰ ਇਹ ਗੱਲ ਛੇਤੀ ਕਿਤੇ ਪੰਜਾਬੀ ਜਨ-ਮਾਨਸ ਦੀ ਸੋਚ ਦਾ ਹਿੱਸਾ ਨਹੀਂ ਬਣਨੀ ਕਿਉਂਕਿ ਉਜੜ ਜਾਣਾ, ਬਿਖਰ ਜਾਣਾ, ਯਾਤਰਾ ਵਿੱਚ ਰਹਿਣਾ ਆਰੀਅਨ ਦੀ ਇਸ ਔਲਾਦ ਦੇ ਖ਼ੂਨ ਵਿੱਚ ਹੈ।

ਇੱਕ ਹੋਰ ਗੱਲ ਵੀ ਪੰਜਾਬੀਆਂ ਨੂੰ ਭਲੇ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਸਮੱਸਿਆਵਾਂ ਰਹਿਤ ਜਿੰਦਗੀ ਦੀ ਕਲਪਨਾ ਕਰਨਾ ਹੀ ਵੱਡੀ ਮੂਰਖਤਾ ਹੈ। ਇਸ ਧਰਤੀ ਤੇ ਕੋਈ ਐਸਾ ਕੋਨਾ ਨਹੀਂ ਮਿਲ ਸਕਦਾ ਜਿਸ ਧਰਤੀ ਤੇ ਸੰਘਰਸ਼ ਨਾ ਹੋਵੇ, ਸਮੱਸਿਆ ਨਾ ਹੋਵੇ, ਧੱਕੇਸ਼ਾਹੀ ਨਾ ਹੋਵੇ, ਭਰਿਸ਼ਟਾਚਾਰ ਨਾ ਹੋਵੇ, ਨਸ਼ੇ ਨਾ ਹੋਣ, ਗੈਂਗ ਵਾਰ ਨਾ ਹੋਵੇ, ਉਦੜ ਧੁੰਮੀ ਨਾ ਹੋਵੇ। ਪੰਜਾਬੀ ਜਿਨਾਂ ਸਮੱਸਿਆਵਾਂ ਤੋਂ ਦੁਖੀ ਹੋ ਕੇ ਪੰਜਾਬ ਛੱਡ ਕੇ ਕੈਨੇਡਾ ਵਰਗੇ ਮੁਲਕਾਂ ਵਿੱਚ ਜਾ ਵਸੇ ਸਨ ਉਹੀ ਸਮੱਸਿਆਵਾਂ ਅੱਜ ਉੱਥੇ ਵੀ ਬੜੇ ਉਗਰ ਰੂਪ ਦੇ ਵਿੱਚ ਉਹਨਾਂ ਨੂੰ ਭੋਗਣੀਆਂ ਪੈ ਰਹੀਆਂ ਹਨ ਕਿਉਂਕਿ ਮਨੁੱਖ ਤਾਂ ਉਹੀ ਹਨ ਜਿਹੜੇ ਪੰਜਾਬ ਵਿੱਚ ਸਨ। ਇਹਦਾ ਮਤਲਬ ਸਮੱਸਿਆ ਮਨੁੱਖ ਵਿੱਚ ਹੈ, ਸਾਡੇ ਵਿੱਚ ਹੈ, ਨਾ ਪੰਜਾਬ ਵਿੱਚ ਹੈ, ਨਾ ਕਨੇਡਾ ਵਿੱਚ ਹੈ। ਮਨੁੱਖ ਨੂੰ ਮਨੁੱਖ ਹੋਣਾ ਚਾਹੀਦਾ ਹੈ। ਜਿੰਨੀ ਦੇਰ ਤੱਕ ਬੰਦਾ ਬੰਦਾ ਨਹੀਂ ਬਣਦਾ ਇਹ ਸਮਾਜ ਭਰਿਸ਼ਟਾਚਾਰ ਰਹਿਤ ਕਦੇ ਹੋ ਹੀ ਨਹੀਂ ਸਕਦਾ। ਜਿੰਨੀ ਦੇਰ ਤੱਕ ਬੰਦਾ ਬੰਦਾ ਨਹੀਂ ਬਣਦਾ ਉਨੀ ਦੇਰ ਤੱਕ ਆਦਰਸ਼ ਸਿਸਟਮ ਦੀ ਭਾਲ ਵਿੱਚ ਭਟਕਦਾ ਹੀ ਰਹੇਗਾ।

- ਡਾ. ਰਾਮ ਮੂਰਤੀ

# ਸੁਰਿੰਦਰ ਸਿੰਘ ਸੁੰਨੜ ਦੀ ਕਾਵਿ-ਸਾਧਨਾ



-ਪ੍ਰੋ. ਸੁਹਿੰਦਰ ਬੀਰ ਸਿੰਘ

ਸੁਰਿੰਦਰ ਸੁੰਨੜ ਇਕ ਬਹੁ-ਪੱਖੀ ਸ਼ਖ਼ਸੀਅਤ ਵਾਲਾ ਸਾਹਿਤਕਾਰ ਹੈ। ਉਸਦੇ ਪਾਸ ਜ਼ਿੰਦਗੀ ਦਾ ਵਿਰਾਟ ਅਨੁਭਵ ਹੈ। ਕਿਸੇ ਵਿਰਾਟ ਅਨੁਭਵ ਨੂੰ ਪੇਸ਼ ਕਰਨ ਲਈ ਉਸ ਦੀ ਇਕ ਸਿਨਫ਼ ਨਾਲ ਰਸਾਈ ਨਹੀਂ ਹੁੰਦੀ, ਇਸ ਲਈ ਉਹ ਸਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਆਪਣੇ ਕਲਮ ਅਜ਼ਮਾਈ ਕਰਦਾ ਹੈ। ਉਸਨੇ ਹੁਣ ਤੱਕ ਕਵਿਤਾ, ਕਹਾਣੀ, ਨਿਬੰਧ, ਕਾਵਿ-ਨਾਟਕ ਆਦਿ ਵਿੱਚ ਆਪਣਾ ਅਨੁਭਵ ਪੇਸ਼ ਕੀਤਾ ਹੈ। ਅਜਿਹੀ ਬਹੁ-ਪੱਖੀ ਅਤੇ ਵਿਰਾਟ ਸ਼ਖ਼ਸੀਅਤ ਦਾ ਜਨਮ 13 ਅਪ੍ਰੈਲ 1952 ਈਸਵੀ ਨੂੰ ਰਾਜਸਥਾਨ ਦੇ ਜ਼ਿਲ੍ਹਾ ਬੀਕਾਨੇਰ ਦੇ ਪਿੰਡ ਮੰਡੀ ਰਾਏ ਸਿੰਘ ਵਿਖੇ ਹੋਇਆ।ਅਜੇ ਬਚਪਨ ਦੀ ਅਵਸਥਾ ਵਿੱਚ ਹੀ ਸੀ ਕਿ ਮਾਤਾ ਪਿਤਾ ਰਾਜਸਥਾਨ ਦੇ ਉਸ ਖਿੱਤੇ ਨੂੰ ਛੱਡ ਕੇ ਕਪੂਰਥਲੇ ਦੇ ਪਿੰਡ ਸੁਖਾਣੀ ਸੁੰਨੜ ਵਿਖੇ 1956 ਈਸਵੀ ਵਿੱਚ ਪ੍ਰਵੇਸ਼ ਕਰ ਗਏ। ਬਾਲ ਸੁਰਿੰਦਰ ਨੇ ਆਪਣੀ ਦਸਵੀਂ ਤੱਕ ਦੀ ਵਿਦਿਆ ਕਾਲਾ ਸੰਘਿਆਂ ਦੇ ਸਕੂਲ ਵਿੱਚੋਂ ਪ੍ਰਾਪਤ ਕੀਤੀ। ਬੀ. ਏ. ਤੱਕ ਦੀ ਪੜ੍ਹਾਈ ਰਣਧੀਰ ਕਾਲਜ ਕਪੂਰਥਲਾ ਤੋਂ ਹਾਸਿਲ ਕੀਤੀ, ਜਿੱਥੇ ਉਸਨੇ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਵਿਸ਼ੇ ਵਜੋਂ ਕੀਤੀ। ਇਸ ਦੇ ਨਾਲ ਨਾਲ ਹੀ ਉਹ ਸਰਕਾਰੀ ਰਣਧੀਰ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਸੰਪਾਦਕ ਵੀ ਰਿਹਾ। ਸ਼ੁਰੂਆਤੀ ਦੌਰ ਵਿੱਚ ਕਵਿਤਾ ਵਲ ਰੁਝਾਨ ਵੀ ਰਿਹਾ। ਇਸ ਕਰਕੇ ਪੰਜਾਬੀ ਦੇ ਵਿਸ਼ੇ ਵਿੱਚ ਉਸਦੀ ਦਿਲਚਸਪੀ ਦਿਨ ਪ੍ਰਤਿ ਦਿਨ ਵੱਧਦੀ ਰਹੀ। 1975 ਈਸਵੀ ਵਿੱਚ ਸੁਰਿੰਦਰ ਸਿੰਘ ਸੁੰਨੜ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਐਮ.ਏ. ਪੰਜਾਬੀ ਦੀ ਵਿੱਦਿਆ ਹਾਸਿਲ ਕੀਤੀ। ਪੜ੍ਹਾਈ ਦੇ ਨਾਲ ਨਾਲ ਉਸਦੀ ਦਿਲਚਸਪੀ ਵਿਦਿਆਰਥੀ ਯੂਨੀਅਨ ਵਿੱਚ ਵੀ ਬਣੀ ਰਹੀ।



ਪੜ੍ਹਾਈ ਤੋਂ ਬਾਅਦ ਸੁਰਿੰਦਰ ਸੁੰਨੜ ਦੀ ਜ਼ਿੰਦਗੀ ਵਿਚ ਇੱਕਦਮ ਮੋੜ ਆਇਆ ਤੇ ਉਸ ਨੇ ਆਪਣੇ ਪਿੰਡ ਵਿਖੇ ਖੇਤੀਬਾੜੀ ਨੇ ਧੰਦੇ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਖੇਤੀਬਾੜੀ ਦਾ ਕਿੱਤਾ ਕੁਝ ਸਾਲ ਤਾਂ ਬਹੁਤ ਚਮਕਿਆ ਸੀ, ਜਿਸ ਨੂੰ ਹਰੀ ਕ੍ਰਾਂਤੀ ਨਾਲ ਵੀ ਜੋੜਿਆ ਜਾਂਦਾ ਸੀ ਪਰ ਇਹ ਕਿੱਤਾ ਕੁਦਰਤ ਅਤੇ ਵਪਾਰੀਆਂ ਦੇ ਹੱਥ ਵਿੱਚ ਹੋਣ ਕਰਕੇ ਇਸ ਉਪਰ ਕਦੇ ਕੁਦਰਤ ਆਪਣੀ ਮਾਰ ਕਰਦੀ ਹੈ ਅਤੇ ਕਦੇ ਵਪਾਰੀ ਬੰਦੇ ਦੀਆਂ ਆਸ਼ਾਵਾਂ ਨੂੰ ਨਿਰਾਸ਼ਾਵਾਂ ਵਿੱਚ ਡੋਬ ਦਿੰਦੇ ਹਨ। 1980-81 ਵਿੱਚ ਉਸ ਨੂੰ ਖੇਤੀਬਾੜੀ ਦੇ ਕਿੱਤੇ ਵਿੱਚ ਅਜਿਹਾ ਘਾਟਾ ਪਿਆ ਕਿ ਉਸ ਨੇ ਇਹ ਕਿੱਤਾ ਛੱਡਣ ਦਾ ਮਨ ਬਣਾ ਲਿਆ। ਪ੍ਰੋਫ਼ੈਸਰ ਪੂਰਨ ਸਿੰਘ ਵੀ ਜਦੋਂ ਜਪਾਨ ਤੋਂ ਵਿਦਿਆ ਪ੍ਰਾਪਤ ਕਰਕੇ ਲਾਇਲਪੁਰ ਦੇ ਇਲਾਕੇ ਵਿੱਚ ਵਾਪਸ ਆਇਆ ਸੀ ਤਾਂ ਉਸ ਨੇ ਖੇਤੀਬਾੜੀ ਕਰਨੀ ਸ਼ੁਰੂ ਕੀਤੀ ਸੀ ਪਰ ਜਦੋਂ ਹੜ੍ਹ ਆ ਗਏ, ਫਸਲ ਰੁੜ੍ਹ ਗਈ, ਤਬਾਹੀ ਦਾ ਮੰਜ਼ਰ ਦੇਖ ਕੇ ਤਾਂ ਉਹਨਾਂ ਨੇ ਕਿਹਾ ਸੀ 'ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ'। ਉਹੀ ਹਾਲ ਸੁੰਨੜ ਦਾ ਹੋਇਆ। ਖੇਤੀਬਾੜੀ ਦੇ ਕਿੱਤੇ ਤੋਂ ਉਪਰਾਮ ਹੋ ਕੇ ਸੁੰਨੜ ਨੇ ਦੇਸ਼ ਨੂੰ ਛੱਡਣ ਦਾ ਫੈਸਲਾ ਕਰ ਲਿਆ।

ਸੁਰਿੰਦਰ ਸੁੰਨੜ 18 ਮਾਰਚ 1983 ਨੂੰ ਘਰੋਂ ਤੁਰਿਆ ਅਤੇ ਇੱਕ ਮੁਸਾਫ਼ਰ ਵਾਂਗ ਇਟਲੀ, ਮਾਸਕੋ, ਆਇਰਲੈਂਡ, ਹਵਾਨਾ, ਮੈਕਸੀਕੋ ਦੇਸ਼ਾਂ ਦਾ ਰਟਨ ਕਰਦਾ , ਮਜ਼ਦੂਰੀਆਂ ਕਰਦਾ, ਸੱਚੀ ਸੁੱਚੀ ਮਿਹਨਤ ਕਰਦਾ ਆਖਰ ਇੱਕ ਜੂਨ 1983 ਨੂੰ ਅਮਰੀਕਾ ਵਿਖੇ ਪਹੁੰਚ ਗਿਆ। ਫੇਰ ਜਿਵੇਂ ਸਾਰੇ ਭਾਰਤੀ ਪਰਦੇਸ ਵਿੱਚ ਆਪਣੀ ਪਛਾਣ ਬਣਾਉਂਦੇ ਹਨ, ਇਸੇ ਤਰ੍ਹਾਂ ਹੀ ਸੁਰਿੰਦਰ ਸੁੰਨੜ ਨੇ ਵੀ ਦਿਨ ਰਾਤ ਦੀ ਮਿਹਨਤ ਸਦਕਾ ਆਪਣੀ ਵਿਲੱਖਣ ਪਛਾਣ ਬਣਾਈ। ਮੈਂ ਜਦੋਂ 2007 ਈਸਵੀ ਵਿੱਚ

ਅਮਰੀਕਾ ਗਿਆ ਤਾਂ ਮੇਰਾ ਮੇਲ ਪੰਜਾਬੀ ਸ਼ਾਇਰ ਕਮਲ ਬੰਗਾ ਨਾਲ ਹੋਇਆ। ਕਮਲ ਬੰਗਾ ਮੈਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਮੈਂ ਉਸ ਨੂੰ ਸਰਸਰੀ ਇਹ ਪੁੱਛਿਆ ਕਿ ਤੁਸੀਂ ਅਮਰੀਕਾ ਕਿਵੇਂ ਪਹੁੰਚੇ ਸੀ। ਮੇਰਾ ਖ਼ਿਆਲ ਸੀ ਕਿ ਇਹ ਵਿਆਹ-ਸ਼ਾਦੀ ਕਰਕੇ ਅਮਰੀਕਾ ਪਹੁੰਚਿਆ ਹੋਵੇਗਾ ਪਰ ਉਸ ਦਾ ਜਵਾਬ ਸੀ, ਜਨਾਬ ਅਸੀਂ ਤਾਂ 40-50 ਮੁਲਕ ਘੁੰਮ ਕੇ ਅਮਰੀਕਾ ਆਏ ਹਾਂ, ਤੁਹਾਡੇ ਵਾਂਗ ਦਿੱਲੀ ਤੋਂ ਟਿਕਟ ਲੈ ਕੇ ਸਿੱਧਾ ਸੇਨ ਫਰਾਂਸਿਸਕੋ ਨਹੀਂ ਉਤਰੇ। ਸੋ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਜਿਹੜੀ ਅਮਰੀਕਾ 1910 ਤੋਂ 30 ਤੱਕ ਗਈ ਦੂਸਰੀ 65 ਤੋਂ 80 ਤੱਕ ਗਈ ਅਤੇ ਤੀਸਰੀ ਪੀੜ੍ਹੀ ਜਿਹੜੀ 1981 ਤੋਂ ਬਾਅਦ ਗਈ ਉਹ ਵੱਖ ਵੱਖ ਦੇਸ਼ਾਂ ਦਾ ਰਟਨ ਕਰਦੇ ਹੋਏ ਅਮਰੀਕਾ ਵਿਖੇ ਪੁੱਜਦੀ ਸੀ। ਇਹ ਸਾਰਾ ਸੁਰਿੰਦਰ ਸੁੰਨੜ ਅਤੇ ਉਸ ਵਰਗੇ ਹੋਰ ਅਨੇਕਾਂ ਪਰਵਾਸੀਆਂ ਦੇ ਜੀਵਨ ਦਾ ਪਿਛੋਕੜ ਸੀ। ਸੁਰਿੰਦਰ ਸੁੰਨੜ ਨੇ ਅਮਰੀਕਾ ਪਹੁੰਚ ਕੇ ਸਖਤ ਮਿਹਨਤ-ਮੁਸ਼ੱਕਤ ਕਰਨੀ ਸ਼ੁਰੂ ਕਰ ਦਿੱਤੀ। ਕੋਈ ਵੀ ਦੇਸ਼ ਤੋਂ ਗਿਆ ਹੋਇਆ ਮਨੁੱਖ ਜਦੋਂ ਪਰਵਾਸ ਵਿਖੇ ਪਹੁੰਚਦਾ ਹੈ ਤਾਂ ਉਸ ਲਈ ਸਖ਼ਤ ਮਿਹਨਤ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਦੇਸ਼ ਤੋਂ ਜਦੋਂ ਕੋਈ ਵੀ ਵਿਅਕਤੀ ਪਰਵਾਸ ਧਾਰਨ ਕਰਦਾ ਹੈ ਤਾਂ ਉਸ ਨੂੰ ਅਮਰੀਕਾ ਵਿਖੇ ਜਾਂ ਕਿਸੇ ਵੀ ਦੇਸ਼ ਵਿੱਚ ਜ਼ਮੀਨੀ ਪੱਧਰ ਤੋਂ ਆਪਣੀ ਜ਼ਿੰਦਗੀ ਸ਼ੁਰੂ ਕਰਨੀ ਪੈਂਦੀ ਹੈ। ਜਿਹੜਾ ਵਿਅਕਤੀ ਇਸ ਸਖਤ ਮਿਹਨਤ ਮੁਸ਼ੱਕਤ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾ ਲੈਂਦਾ ਹੈ ਉਹ ਸਫ਼ਲਤਾ ਦੀਆਂ ਪੌੜੀਆਂ ਚੜ੍ਹ ਜਾਂਦਾ ਹੈ ਅਤੇ ਜਿਹੜਾ ਇਹ ਸਖ਼ਤ ਮਿਹਨਤ ਤੋਂ ਉਕਤਾ ਜਾਂਦਾ ਹੈ ਅਤੇ ਆਪਣੀ ਪੁਰਾਣੀ ਹਸਤੀ ਜਾਂ ਪਿਛੋਕੜ ਨੂੰ ਯਾਦ ਕਰਦਾ ਰਹਿੰਦਾ ਹੈ ਉਹ ਸਫ਼ਲਤਾ ਦੀਆਂ ਉਚੇਰੀਆਂ ਮੰਜ਼ਿਲਾਂ ਤੇ ਪਹੁੰਚਣ ਤੋਂ ਵਿਰਵਾ ਰਹਿ ਜਾਂਦਾ ਹੈ।

ਸੁਰਿੰਦਰ ਸਿੰਘ ਸੁੰਨੜ ਕਿਉਂਕਿ ਸ਼ੁਰੂ ਤੋਂ ਹੀ ਕਵਿਤਾ ਲਿਖਦਾ ਸੀ ਇਸ ਲਈ ਉਹ ਆਪਣੇ ਜੀਵਨ ਦੀ ਇਸ ਸਾਧਨਾ ਵਾਲੇ ਪੱਖ ਨੂੰ ਆਪਣੀ ਕਵਿਤਾ ਵਿੱਚ ਵੀ ਬਿਆਨ ਕਰਦਾ ਹੈ ਉਦਾਹਰਨ ਦੇ ਤੌਰ ਤੇ ਉਸਦੀ ਹੇਠ ਲਿਖੀ ਇਕ ਕਵਿਤਾ ਜੋ ਸਵੈ-ਜੀਵਨੀ-ਪਰਕਤਾ ਦੇ ਰੂਪ ਵਿੱਚ ਲਿਖੀ ਹੋਈ ਹੈ ਵੇਖੀ ਜਾ ਸਕਦੀ ਹੈ :

ਅਮਰੀਕਾ ਵਿੱਚ ਬਾਹਰੋਂ ਆ ਕੇ ਸਭ ਨੇ ਡੇਰਾ ਲਾਇਆ।
ਪਿਓ, ਦਾਦਾ, ਪੜਦਾਦਾ ਕੋਈ ਨਾ ਕੋਈ ਵਿਦੇਸ਼ੋਂ ਆਇਆ।
ਕੈਨੇਡੀ ਪਰਿਵਾਰ ਵੀ ਸਾਰਾ ਆਇਰਲੈਂਡ 'ਚੋਂ ਆਇਆ।
ਕਈ ਪ੍ਰਧਾਨ ਵਲਾਇਤੀ ਜਿਹਨਾਂ ਆਪਣਾ ਹੁਕਮ ਚਲਾਇਆ।
ਯੋਰਪੀਅਨ ਓਬਾਮਾ ਨਾਲੇ ਅਫਰੀਕਣ ਅਮਰੀਕਨ,
ਇਸ ਅਸਮਾਨੀ ਗੋਲੇ ਨੂੰ ਤਾਂ ਕੋਈ ਵੀ ਬੁਝ ਨਹੀਂ ਪਾਇਆ।
ਅਸੀਂ ਵੀ ਤਾਂ ਪੰਜਾਬ ਤੋਂ ਆ ਕੇ ਵੱਸ ਗਏ ਅਮਰੀਕਾ,
ਕੰਮ-ਕਾਜ ਚਲਾਏ ਆ ਕੇ ਧਨ ਦੌਲਤ ਵੀ ਬਹੁਤ ਕਮਾਇਆ।
ਰਿਸ਼ਤੇਦਾਰ ਤੇ ਦੋਸਤ-ਮਿੱਤਰ ਵੀ ਕਈ ਸੱਦ ਬੁਲਾਏ।
ਜੋ ਖ਼ੁਦ ਕਰਦੇ ਸੀ ਉਨ੍ਹਾਂ ਕੰਮਾਂ ਵਿੱਚ ਸਭ ਨੂੰ ਪਾਇਆ।
ਚਮਗਿੱਦੜ ਘਰ, ਆਏ ਪ੍ਰਾਹੁਣੇ ਪੁੱਠੇ ਟੰਗ ਤੇ ਸਾਰੇ।
ਜੇਸ ਚਰਖੜੀ ਆਪ ਚੜੇ ਸਾਂ ਸਭ ਨੂੰ ਉਸ ਤੇ ਚੜ੍ਹਾਇਆ

ਜਿਸ ਨੇ ਆਪਣੇ ਆਲੇ ਦੁਆਲੇ 'ਕੱਠੇ ਕਰ ਲਏ,
ਉਸ ਨੂੰ ਫਿਰ ਭੱਜਣ ਲਈ ਵੀ ਕੋਈ ਰਸਤਾ ਨਜ਼ਰ ਨਾ ਆਇਆ।
ਹੱਥੀਂ ਦਿੱਤੀਆਂ ਗੰਢਾਂ ਨੂੰ ਦੰਦਾਂ ਨਾਲ ਖੋਲ ਰਹੇ ਹਾਂ,
ਹੁਣ ਚੁਪ ਤੂੰ ਸੁੰਨੜਾ ਰੀਠੇ ਆਪਣੇ ਆਪ ਤੋਂ ਪੰਗਾ ਪਾਇਆ।

--------

ਘਾਟਾ ਖਾ ਖੇਤੀ ਵਿੱਚੋਂ ਵਿਦੇਸ਼ ਆਏ ਸੀ।
ਝਾੜੂ ਵੀ ਫਿਰ ਅਸੀਂ ਤੇ ਪੋਚੇ ਵੀ ਲਾਏ ਸੀ।
ਸੱਤੇ ਦਿਨ ਖੜੀ ਲੱਤੇ, ਕੰਮ ਕਰਕੇ ਮੁੜਕੇ ਦੇ ਮੁਲਕ ਪੈਸੇ ਵੀ ਕਮਾਏ ਸੀ।

ਚਿੱਟੇ ਚਾਦਰੇ ਤੇ ਇੱਕ ਪਾਸੇ ਰਹਿ ਗਏ ਭਾਂਡੇ ਮਾਂਜੇ, ਅਸੀਂ ਖਾਣੇ ਵੀ ਬਣਾਏ ਸੀ।
ਪਤਾ ਨਹੀਂ ਕਿਹੜੇ ਕਿਹੜੇ ਜੱਟ ਸਰਦਾਰ ਅਸੀਂ ਵੀ ਸਮਾਜ 'ਚ ਜੱਟਾਂ ਦੇ ਜਾਏ ਸੀ।
ਪਰਵਾਸ ਦਾ ਵਰਤਾਰਾ ਮੁੱਢ-ਕਦੀਮ ਤੋਂ ਤੁਰਿਆ ਆ

ਰਿਹਾ ਹੈ। ਮਨੁੱਖ ਨੂੰ ਆਪਣੇ ਜੀਵਨ ਜੀਣ ਲਈ ਜਿੱਥੇ ਵੀ ਬਿਹਤਰ ਸੁੱਖ-ਸਹੂਲਤਾਂ ਨਜ਼ਰ ਆਈਆਂ ਹਨ ਉਸਨੇ ਆਪਣੀਆਂ ਉਸ ਧਰਤੀ ਵੱਲ ਹੀ ਮੁਹਾਰਾਂ ਮੋੜ ਲਈਆਂ ਹਨ। ਸੁਰਿੰਦਰ ਸਿੰਘ ਸੁੰਨੜ ਵੀ ਇਹ ਗੱਲ ਦੱਸਦਾ ਹੈ ਕਿ ਜਿਧਰ ਜਿਧਰ ਦਰਿਆ ਤੁਰੇ ਜਾਂਦੇ ਸਨ ਉਧਰ ਉਧਰ ਹੀ ਵਸੇਬੇ ਬਣੀ ਜਾਂਦੇ ਸਨ। ਜਿਸ ਧਰਤੀ ਤੇ ਮਨੁੱਖ ਨੇ ਜਨਮ ਲਿਆ ਹੁੰਦਾ ਹੈ ਉਸ ਨਾਲ ਉਸਦਾ ਜਿਸਮ ਅਤੇ ਸਾਹ ਦਾ ਰਿਸ਼ਤਾ ਹੁੰਦਾ ਹੈ। ਇਕ ਧਰਤੀ ਤੋਂ ਉੱਠ ਕੇ ਦੂਸਰੇ ਧਰਤੀ ਤੇ ਮਨੁੱਖ ਆਪਣੀ ਬਿਹਤਰੀ ਲਈ ਤਾਂ ਭਾਵੇਂ ਪਰਿਵਾਰ ਧਾਰਨ ਕਰ ਲੈਂਦਾ ਹੈ ਪਰ ਇਹ ਸਰੀਰਕ ਪਰਵਾਸ ਸੁਖਾਵਾਂ ਨਹੀਂ ਹੁੰਦਾ ਬਲਕਿ ਮਨੁੱਖੀ ਹਿਰਦੇ ਵਿੱਚ ਇਹ ਵਿਯੋਗ ਇਕ ਛਿਲਤ ਵਾਂਗ ਚੁਭਦਾ ਰਹਿੰਦਾ ਹੈ। ਤਨ ਤਾਂ ਪਰਵਾਸ ਦੇ ਨਾਲ ਨਾਲ ਜਾਂਦਾ ਹੈ ਪਰ ਮਨ ਆਪਣੀ ਜਨਮ ਭੂਮੀ ਨਾਲ ਅਨਿੱਖੜ ਰਿਸ਼ਤੇ ਵਿੱਚ ਬੱਝਿਆ ਰਹਿੰਦਾ ਹੈ। ਮਨੁੱਖ ਨੂੰ ਆਪਣੀ ਮਾਤ-ਭਾਸ਼ਾ, ਮਾਤ-ਭੂਮੀ ਅਤੇ ਮਾਤ-ਸਭਿਆਚਾਰ ਆਪਣੇ ਨਾਲ ਜੋੜੀ ਰੱਖਦੇ ਹਨ ਅਤੇ ਦੂਸਰੀ ਧਰਤੀ ਤੇ ਜਾ ਕੇ ਮਨੁੱਖ ਨੂੰ ਹੇਰਵੇ ਦਾ ਸ਼ਿਕਾਰ ਬਣਾ ਲੈਂਦੇ ਹਨ। ਕਈ ਵਾਰੀ ਅਕਸਰ ਮੈਂ ਇਹ ਪੜ੍ਹਦਾ ਹਾਂ ਕਿ ਅੱਜ ਦੀ ਪਰਵਾਸੀ ਪੰਜਾਬੀ ਕਵਿਤਾ ਹੇਰਵੇ ਤੋਂ ਮੁਕਤ ਹੋ ਗਈ ਹੈ ਅਤੇ ਹੁਣ ਇਹ ਕਵਿਤਾ ਗਿਆਨ ਦੇ ਅਗਲੇ ਪਸਾਰਾਂ ਨਾਲ ਜੁੜ ਰਹੀ ਹੈ ਪਰ ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਜਿਹੜਾ ਵੀ ਮਨੁੱਖ ਆਪਣੇ ਦੇਸ਼ ਤੋਂ ਪਰਵਾਸ ਧਾਰਨ ਕਰਕੇ ਕਿਸੇ ਦੂਸਰੇ ਦੇਸ਼ ਵਿੱਚ ਜਾਂਦਾ ਹੈ ਤਾਂ ਝੂਹੇਰਵੇ ਦੀ ਚੋਭ ਇਨਸਾਨੀ ਮਨ ਵਿੱਚ ਲੱਗੀ ਰਹਿੰਦੀ ਹੈ। ਸੁਖਾਵੇਂ ਸੁਪਨੇ ਦੁਖਾਵੀਂ ਹਕੀਕਤ ਵਿੱਚ ਬਦਲਦੇ ਰਹਿੰਦੇ ਹਨ ਅਤੇ ਮਨੁੱਖ ਹਮੇਸ਼ਾ ਇਹ ਸੋਚਦਾ ਹੈ ਕਿ ਕਾਸ਼! ਮੈਨੂੰ ਆਪਣੀ ਧਰਤੀ ਤੇ ਜੀਣ ਦਾ, ਵਸੇਬਾ ਕਰਨ ਦਾ ਮੌਕਾ ਮਿਲ ਜਾਵੇ। ਇਸ ਅਹਿਸਾਸ ਨੂੰ ਗਹਿਰੀ ਸੰਵੇਦਨਾ ਨਾਲ ਸੁਰਿੰਦਰ ਸਿੰਘ ਸੁੰਨੜ ਨੇ ਆਪਣੀਆਂ ਕਵਿਤਾਵਾਂ ਵਿੱਚ ਥਾਂ ਪਰ ਥਾਂ ਪੇਸ਼ ਕੀਤਾ ਹੈ। ਮੈਂ ਸੁਰਿੰਦਰ ਸਿੰਘ ਸੁੰਨੜ ਦੀ ਕਵਿਤਾ ਪੜ੍ਹ ਕੇ ਕਈ ਵਾਰ ਖ਼ਾਮੋਸ਼ੀ ਧਾਰਨ ਕਰ ਲੈਂਦਾ ਹਾਂ ਇਸ ਦਾ ਕਾਰਨ ਇਹ ਹੈ ਕਿ ਇਹ ਕਵਿਤਾ ਮੈਨੂੰ ਸੋਚਣ ਲਈ ਪ੍ਰੇਰਤ ਕਰਦੇ ਹੈ। ਡਾਕਟਰ ਹਰਿਭਜਨ ਸਿੰਘ ਨੇ ਇਸੇ ਹੀ ਕਵਿਤਾ ਨੂੰ ਲਿਖਣ ਯੋਗ ਰਚਨਾ ਕਿਹਾ ਸੀ। ਅਜਿਹੀ ਕਵਿਤਾ ਮਨੁੱਖ ਨੂੰ ਸੋਚ ਦੇ ਰਾਹੇ ਤੋਰਦੀ ਹੈ। ਸੁਰਿੰਦਰ ਸੁੰਨੜ ਇੱਕ ਤਾਂ ਆਪਣੇ ਅਵਚੇਤਨ ਵਿੱਚ ਮਾਤ-ਭਾਸ਼ਾ ਤੇ ਮਾਤ-ਸਭਿਆਚਾਰ ਪ੍ਰਤੀ ਮੋਹ-ਮੁਹੱਬਤ ਰੱਖਦਾ ਹੈ ਅਤੇ ਦੂਸਰਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਮੀਰ ਗੌਰਵਤਾ ਅਤੇ ਇਸਦੀ ਪੁਰਾਤਨ ਤੋਂ ਪੁਰਾਤਨ ਰਹਿਤਲ ਦਾ ਵੀ ਉਸ ਨੂੰ ਗਿਆਨ ਹੈ। ਉਹ ਇਸ ਪੁਰਾਤਨ ਰਹਿਤਲ ਦਾ ਵੀ ਅਕਸਰ ਜ਼ਿਕਰ ਕਰਦਾ ਹੈ। ਇਹ ਸਾਰੇ ਪ੍ਰਸ਼ਨ ਨੇ ਜੋ ਸੁਰਿੰਦਰ ਸਿੰਘ ਸੁੰਨੜ ਦੇ ਮਨ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਇਕ ਪਾਠਕ ਦੇ ਮਨ ਅੰਦਰ ਵੀ ਸਹਿ ਸੁਭਾਅ ਹੀ ਉੱਠਦੇ ਹਨ ਪਰ ਇਹਨਾਂ ਪ੍ਰਸ਼ਨਾਂ ਦੇ ਜਵਾਬ ਜਾਂ ਇਹਨਾਂ ਦੇ ਹੱਲ ਮੁਸ਼ਕਿਲ ਪ੍ਰਤੀਤ ਹੁੰਦੇ ਹਨ। ਇਹਨਾਂ ਸਮੱਸਿਆਵਾਂ ਦੇ ਵਿਭਿੰਨ ਵੇਰਵੇ ਜਾਂ ਪ੍ਰਸੰਗ ਸੁੰਨੜ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਵਿੱਚ ਵੇਖੇ ਜਾ ਸਕਦੇ ਹਨ:

ਨੀ ਹੁਣ ਵਤਨ ਵਾਪਸੀ ਸਾਡੀ, ਵਾਪਸ ਘਰ ਨੂੰ ਜਾਵਾਂਗੇ।
ਉੱਥੇ ਕਾਲੀ ਵੇਈਂ ਤੇ ਆ ਜਾਈਂ ਤੈਨੂੰ ਸੈਰ ਕਰਾਵਾਂਗੇ।
ਘੁੱਟ ਕੇ ਮਰ ਚੱਲੇ ਪਰਦੇਸੀ ਖੁੱਲ੍ਹੀ ਹਵਾ 'ਚ ਜਾਵਾਂਗੇ।
ਆਪਣੇ ਸ਼ਹਿਰ ਇਲਾਕੇ ਜਾ ਕੇ ਹੁਣ ਢੋਲੇ ਦੀਆਂ ਲਾਵਾਂਗੇ।
ਨੀ ਤੂੰ ਪੁੱਛ ਕੇ ਕਾਂਜਲੀ ਆਵੀਂ ਤੈਨੂੰ ਝੀਲ ਦਿਖਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ....

ਜੋ ਜੋ ਕਸ਼ਟ ਵਿਦੇਸ਼ੀਂ ਕੱਟੇ ਸਭ ਨੂੰ ਭੁੱਲਣਾ ਚਾਹਵਾਂਗੇ।
ਪੈਸੇ ਪਿੱਛੇ ਜੂਨ ਗਵਾ ਲਈ ਅਪਣਾ ਦਰਦ ਸੁਣਾਵਾਂਗੇ।
ਅਪਣੀ ਮਾਂ ਪੰਜਾਬੀ ਦੇ ਚਰਨਾਂ ਤੇ ਸੀਸ ਟਿਕਾਵਾਂਗੇ।
ਪੁੱਤਰਾਂ ਦਾ ਜੋ ਮਾਂ ਲਈ ਬਣਦਾ ਆਪਣਾ ਫ਼ਰਜ਼ ਨਿਭਾਵਾਂਗੇ।
ਮੇਰੀ ਮਾਂ ਦੀ ਮਮਤਾ ਦੇਖੀ ਤੈਨੂੰ ਮਾਂ ਮਿਲਵਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ....
.........
ਇੱਕ ਦਿਨ ਚਨੇ ਚਬਾਏ ਪੋਰਸ ਨੇ ਸਿਕੰਦਰ ਨੂੰ,
ਜਿਸ ਦੀ ਫੌਜ ਕਦੇ ਨਾ ਦੁਨੀਆ ਦੇ ਵਿੱਚ ਹਾਰੀ।
ਸਾਰੀ ਦੁਨੀਆ ਦੇ ਵਿੱਚ ਦਿਸਦੇ ਵੱਖਰੇ ਪੰਜਾਬੀ,
ਐਸੀ ਗੁਰ ਨਾਨਕ ਨੇ ਸਿਰਜੀ ਕੌਮ ਨਿਆਰੀ।

ਜਨਮ-ਭੂਮੀ ਧਰਮਾਂ ਦੇ ਸੁਣਿਆ ਸੀ ਭਾਰਤ ਇਹ ਵੇਦਾਂ ਕਤੇਬਾਂ ਗ੍ਰੰਥਾਂ ਦੀ ਧਰਤੀ।
ਮਰਿਯਾਦਾ ਪੁਰਸ਼ੋਤਮ ਅੱਲਾਹ ਰਹੀਮ ਇਹ ਰਿਸ਼ੀਆਂ

ਮੁਨੀਆਂ ਤੇ ਸੰਤਾਂ ਦੀ ਧਰਤੀ।

ਇਹ ਬੁੱਧਾਂ ਮਹਾਂਵੀਰਾਂ, ਸਾਧੂ-ਫਕੀਰਾਂ ਵਿੱਚ ਨੂੰ ਮਹੇਸ਼ਾਂ ਤੇ ਮਹੰਤਾਂ ਦੀ ਧਰਤੀ।

ਦਰਿਆਵਾਂ ਕੰਢੇ ਧਰਮ ਜਨਮੇ ਜਿੱਥੇ ਇਹ ਗੰਗਾ, ਸਿੰਧ, ਰਾਵੀ, ਬਿਆਸ ਦੀ ਧਰਤੀ।

.........

ਬਾਪੂ ਚਾਚੇ ਤਾਏ ਛੱਡ ਗਏ ਛੱਡਿਆ ਪਿੰਡ ਭਰਾਵਾਂ।
ਰੜਕਦੀਆਂ ਨੇ ਮੇਰੇ ਪਿੰਡ ਦੀਆਂ ਧੀਆਂ ਭੈਣਾਂ ਮਾਵਾਂ।
ਜਿਸ ਪਿੰਡ ਖੇਡੀ ਲੁਕਣ ਮਚਾਈ ਗੁੱਲੀ ਡੰਡਾ ਖਿੱਦੋ।
ਦੱਸੋ ਯਾਰੋ! ਆਪਣੇ ਪਿੰਡ ਵਿੱਚ ਕਿਸ ਦਾ ਪਿੱਠੂ ਢਾਹਵਾਂ।
ਸਾਰਾ ਪਿੰਡ ਵਿਦੇਸ਼ੀ ਹੋ ਗਿਆ ਕਈ ਮੁਲਕਾਂ ਦੇ ਵਾਸੀ,
ਅਮਰੀਕਾ ਦਾ ਪਾਸਪੋਰਟ ਮੈਂ ਕਿਹੜੇ ਚੁੱਲ੍ਹੇ ਡਾਹਵਾਂ।
ਰੌਣਕ ਮੇਲੇ ਖਤਮ ਹੋਏ ਮਿਟ ਗਈ ਸਾਂਝ ਪਿਆਰੀ,
ਯਾਦ ਕਰਾਂ ਕੀ ਭੁੱਲ ਜਾਵਾਂ ਮੈਂ ਹੁਣ ਪਿੰਡ ਦਾ ਸਿਰਨਾਵਾਂ।

..........

ਤੰਬੇ, ਚਾਦਰੇ, ਜਗੀਰਾਂ, ਸਰਦਾਰੀਆਂ ਮੱਝਾਂ ਬੂਰੀਆਂ, ਘੋੜੇ ਤੇ ਜੋਗਾਂ ਨਾਹਰੀਆਂ।
ਅੱਜ ਭਾਲਿਆਂ ਵੀ ਲੱਭਦੇ ਨਹੀਂ ਕਿਧਰੇ,
ਸਭ ਰਹਿ ਗਏ ਪਾਕਿਸਤਾਨ।

ਭੂਆ, ਮਾਸੀਆਂ, ਮਾਮੀਆਂ, ਤਾਈਆਂ ਚਾਚੀਆਂ ਸਭ ਆਪਣੇ ਅਤੀਤ 'ਚ ਗਵਾਚੀਆਂ।
ਸਾਰੇ ਸਾਕਾਂ ਦੀਆਂ ਧੱਜੀਆਂ ਉਡਾ ਤੀਆਂ,
ਸਾਡਾ ਰੋਲ ਗਿਆ ਦੀਨ ਇਮਾਨ.....

ਵਿਸ਼ਵ ਦੇ ਵਿਕਾਸ ਜਾਂ ਪਰਿਵਰਤਨ ਨਾਲ ਪੰਜਾਬੀ ਜਨ-ਜੀਵਨ ਵਿੱਚ ਵੀ ਅਣਕਿਆਸੇ ਪਰਿਵਰਤਨ ਆਏ ਹਨ। ਇਹ ਪਰਿਵਰਤਨ ਅਜਿਹੇ ਹਨ ਜੋ ਸਭਿਆਚਾਰਕ ਸਾਂਝ ਨੂੰ ਮਨਫ਼ੀ ਕਰਦੇ ਹੋਏ ਨਜ਼ਰ ਆਉਂਦੇ ਹਨ ਪ੍ਰੋਫ਼ੈਸਰ ਪੂਰਨ ਸਿੰਘ ਬਾਰ ਬਾਰ ਪੁਰਾਤਨ ਨਾਇਕ-ਨਾਇਕਾਵਾਂ ਦੀ ਅਣਹੋਂਦ ਮਹਿਸੂਸ ਕਰਦਾ ਹੈ:

ਆ ਵੀਰਾ ਰਾਂਝਿਆ!
ਆ ਭੈਣੇ ਹੀਰੇ!
ਸਾਨੂੰ ਛੋੜ ਨਾ ਜਾਓ,
ਬਿਨ ਤੁਸਾਂ ਅਸੀਂ ਸੱਖਣੇ।

ਜਾਂ ਉਹ ਲਿਖਦਾ ਹੈ:

ਸੋਹਣਿਆ ਦੱਸ ਨਾ ਉਹ ਵੇਲੇ ਕਿਧਰ ਲੱਦ ਗਏ?

ਸਮੇਂ ਦੀ ਚਾਲ ਅਜਿਹੀ ਹੈ ਸੋ ਹਮੇਸ਼ਾ ਤਬਦੀਲ ਹੁੰਦਾ ਹੈ। ਇਸਨੂੰ ਮਨੁੱਖ ਵੇਖਦਾ ਹੀ ਰਹਿ ਜਾਂਦਾ ਹੈ ਇਹ ਕਿਸੇ ਕਵੀ, ਵਿਅਕਤੀ ਜਾਂ ਕਲਾਕਾਰ ਦੇ ਹੱਥ ਨਹੀਂ ਹੁੰਦਾ ਕਿ ਉਹ ਇਸ ਤਬਦੀਲੀ ਨੂੰ ਰੋਕ ਦੇਵੇ, ਹਾਂ ਬਸ, ਇਸ ਤੇ ਹੇਰਵਾ ਕਰ ਸਕਦਾ ਹੈ, ਸੋਚ ਵਿਚਾਰ ਕਰ ਸਕਦਾ ਹੈ ਪਰ ਇਸ ਨੂੰ ਰੋਕਣਾ ਕਿਸੇ ਕੱਲੇ ਕਾਰੇ ਵਿਅਕਤੀ ਦੇ ਹੱਥ ਵਿੱਚ ਨਹੀਂ ਹੁੰਦਾ।ਅੱਜ ਹੈ ਉਹੀ ਵਰਤਾਰਾ ਹੈ, ਅਸੀਂ ਵੀ ਅੱਜ ਆਪਣੇ ਪੁਰਾਣੇ ਪੰਜਾਬ ਦੀ ਅਮੀਰੀ ਅਤੇ ਗੌਰਵਸ਼ਾਲੀ ਪਰੰਪਰਾ ਨੂੰ ਮੁੜ ਚੇਤੇ ਕਰ ਸਕਦੇ ਹਾਂ।ਉਸ ਦਾ ਕੁਝ ਅੰਸ਼ ਬਚਾਉਣ ਦੀ ਕੋਸ਼ਿਸ਼ ਕਰ ਸਕਦੇ ਹਾਂ ਜੋ ਸੁਰਿੰਦਰ ਸਿੰਘ ਸੁੰਨੜ ਆਪਣੀ ਕਵਿਤਾ ਵਿੱਚ ਪੂਰੀ ਸੰਵੇਦਨਾ ਨਾਲ ਕਰਦਾ ਹੈ।

ਪੰਜਾਬੀ ਕਵਿਤਾ ਦੀ ਪਰੰਪਰਾ ਬਾਰਵੀਂ ਤੇਰਵੀਂ ਸਦੀ ਤੋਂ ਬਾਬਾ ਫ਼ਰੀਦ ਜੀ ਦੇ ਪ੍ਰਵੇਸ਼ ਨਾਲ ਆਰੰਭਿਤ ਹੋਈ।ਗੁਰਬਾਣੀ ਦੀ ਮਹਾਨ ਪਰੰਪਰਾ ਨਾਲ ਇਹ ਦਾਰਸ਼ਨਿਕਤਾ  ਨਾਲ ਲਬਰੇਜ਼ ਹੋਈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਕਵਿਤਾ ਵਿਚਾਰ ਦੇ ਨਾਲ ਨਾਲ ਭਾਵਨਾ ਨੂੰ ਵੀ ਆਪਣੀ ਅਭਿਵਿਅਕਤੀ ਵਿੱਚ ਨਿਹਿਤ ਕਰਦੀ ਰਹੀ ਹੈ।ਡਾਕਟਰ ਜਸਵੰਤ ਸਿੰਘ ਨੇਕੀ ਜਿਸ ਨੂੰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਸਿਆਣਪਵਾਦੀ ਕਵੀ ਕਿਹਾ ਸੀ, ਇੱਕ ਤਾਂ ਉਸਦੀ ਕਵਿਤਾ ਦੀਆਂ ਜੜ੍ਹਾਂ ਗੁਰਬਾਣੀ ਵਿੱਚ ਸਮਾਈਆਂ ਹੋਈਆਂ ਸਨ ਅਤੇ ਦੂਸਰਾ ਉਹਨਾਂ ਨੇ ਆਪਣੇ ਫ਼ਲਸਫ਼ਿਕ ਅੰਦਾਜ਼ ਵਿਚ ਕਵਿਤਾ ਦਾ ਪ੍ਰਗਟਾਵਾ ਕੀਤਾ ਸੀ।

ਮੈਂ ਜਦੋਂ ਸੁਰਿੰਦਰ ਸਿੰਘ ਸੁੰਨੜ ਹੋਰਾਂ ਦੀ ਸਾਰੀ ਕਵਿਤਾ ਦਾ ਪਾਠ ਕੀਤਾ ਹੈ ਤਾਂ ਮੇਰੇ ਜ਼ਿਹਨ ਵਿੱਚ ਇਹ ਗੱਲ ਬਾਰ-ਬਾਰ ਆਉਂਦੀ ਰਹੀ ਹੈ ਕਿ ਇਹ ਕਵੀ ਫ਼ਲਸਫ਼ਿਕ ਅੰਦਾਜ਼ ਵਾਲਾ ਕਵੀ ਹੈ। ਫ਼ਲਸਫ਼ਿਕ ਅੰਦਾਜ਼ ਵਾਲਾ ਕਵੀ ਬਣਨਾ ਆਸਾਨ ਨਹੀਂ ਹੁੰਦਾ।ਫ਼ਲਸਫ਼ਿਕ ਅੰਦਾਜ਼ ਵਾਲਾ ਕਵੀ ਬਣਨ ਲਈ ਕਿਤਾਬੀ ਗਿਆਨ ਦੇ ਨਾਲ ਨਾਲ ਜੀਵਨ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ, ਭਾਵੇਂ ਇਸ ਦੁਨੀਆ ਵਿਚ ਜੋ ਵੀ ਇਨਸਾਨ ਪੈਦਾ ਹੋਇਆ ਹੈ ਉਸ ਪਾਸ ਜੀਵਨ ਦਾ ਗਿਆਨ ਹੁੰਦਾ ਹੈ। ਗਿਆਨ ਤੋਂ ਵਿਰਵਾ ਕੋਈ ਮਨੁੱਖ ਨਹੀਂ ਹੁੰਦਾ ਪਰ ਜਿਹੜਾ ਮਨੁੱਖ ਜੀਵਨ ਨੂੰ ਜੀਵਨ ਦੀਆਂ ਘਟਨਾਵਾਂ ਨੂੰ ਗਹਿਰਾਈ ਨਾਲ

ਸੋਚਦਾ, ਨਿਰਖਦਾ-ਪਰਖਦਾ ਅਤੇ ਵਿਚਾਰ ਕਰਦਾ ਹੈ ਅਤੇ ਉਹਨਾਂ ਸਾਰਿਆਂ ਵਿੱਚੋਂ ਕੁਝ ਤੱਤ ਨਿਚੋੜ ਪੇਸ਼ ਕਰਦਾ ਹੈ, ਉਸ ਨੂੰ ਅਸੀਂ ਗਿਆਨਵਾਨ ਕਵੀ ਕਹਿ ਸਕਦੇ ਹਾਂ।

ਅੰਗਰੇਜ਼ੀ ਆਲੋਚਕ ਐਸ. ਟੀ. ਕਾੱਲਰਿਜ ਨੇ ਕਵੀ ਲਈ ਫ਼ਿਲਾਸਫ਼ਰ ਹੋਣਾ ਲਾਜ਼ਮੀ ਮੰਨਿਆ ਸੀ ਉਸ ਦਾ ਕਹਿਣਾ ਸੀ ਕਿ ਕਵੀ ਦੇ ਫਿਲਾਸਫਰ ਹੋਣ ਨਾਲ ਕਵਿਤਾ ਵਿਚ ਗਹਿਰਾਈ ਆਉਂਦੀ ਹੈ ਅਤੇ ਕਵਿਤਾ ਚਿਰ-ਜੀਵੀ ਹੋ ਜਾਂਦੀ ਹੈ। ਉਸ ਦਾ ਕਥਨ ਹੈ ਕੋਈ ਵੀ ਮਨੁੱਖ ਗੂੜ੍ਹ ਫ਼ਿਲਾਸਫ਼ਰ ਹੋਣ ਤੋਂ ਬਗੈਰ ਮਹਾਨ ਕਵੀ ਨਹੀਂ ਬਣ ਸਕਦਾ ਕਿਉਂਕਿ ਕਵਿਤਾ ਸਮੁੱਚੀ ਮਾਨਵ ਜਾਤੀ ਦੇ ਹਾਵਾਂ-ਭਾਵਾਂ ਅਤੇ ਗਿਆਨ ਦਾ ਮਹਿਕ ਭਰਿਆ ਸ਼ਗੂਫ਼ਾ ਹੁੰਦੀ ਹੈ।

No man was ever get a great poet without being at the same time a perfound philosopher. For poetry is a blossom and the fragrancy of all human knowledge.

ਲਗਭਗ ਇਸੇ ਤਰ੍ਹਾਂ ਦਾ ਵਿਚਾਰ ਵਿਲੀਅਮ ਵਰਡਜ਼ਵਰਥ ਦਾ ਵੀ ਸੀ, ਭਾਵੇਂ ਉਸਦਾ ਨਾਮ ਵਧੇਰੇ ਕਰਕੇ ਭਾਵਾਤਮਕ ਕਵਿਤਾ ਨਾਲ ਜੋੜਿਆ ਜਾਂਦਾ ਹੈ। ਫਰਾਂਸ ਦੇ ਦੋ ਪ੍ਰਸਿੱਧ ਕਲਾਕਾਰ ਮਲਾਰਮੇ ਅਤੇ ਦੇਗਾ ਕਰਮਵਾਰ ਕਵੀ ਅਤੇ ਚਿੱਤਰਕਾਰ ਸਨ। ਡੇਗਾਸ ਇੱਕ ਦਿਨ ਮਲਾਰਮੇ ਨੂੰ ਕਹਿੰਦਾ ਕਿ ਪਿਆਰੇ ਮਲਾਰਮੇ ਮੈਂ ਹਮੇਸ਼ਾ ਵਿਚਾਰਾਂ ਨਾਲ ਭਰਿਆ ਰਹਿੰਦਾ ਹਾਂ ਪਰ ਮੈਂ ਜਦੋਂ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੇ ਕੋਲੋਂ ਕਵਿਤਾ ਲਿਖ ਨਹੀਂ ਹੁੰਦੀ। ਮਲਾਰਮੇ ਨੇ ਇਸ ਦਾ ਜਵਾਬ ਸਹਿਜ ਨਾਲ ਦਿੱਤਾ ਕਿ ਪਿਆਰੇ ਦੇਗਾਸ ! ਕਵਿਤਾ ਵਿਚਾਰਾਂ ਨਾਲ ਨਹੀਂ ਸ਼ਬਦਾਂ ਨਾਲ ਲਿਖੀ ਜਾਂਦੀ ਹੈ। ਇਸ ਧਾਰਨਾ ਨੂੰ ਜਦੋਂ ਮੈਂ ਸੁਰਿੰਦਰ ਸਿੰਘ ਸੁੰਨੜ ਦੇ ਪ੍ਰਸੰਗ ਵਿੱਚ ਦੇਖਦਾ ਹਾਂ, ਤਾਂ ਮੈਂ ਹੈਰਾਨ ਰਹਿ ਜਾਂਦਾ ਹਾਂ ਕਿ ਸੁੰਨੜ ਹਮੇਸ਼ਾ ਵਿਚਾਰਾਂ ਨਾਲ ਭਰਿਆ ਰਹਿੰਦਾ ਹੈ ਅਤੇ ਉਸ ਪਾਸ ਸ਼ਬਦਾਂ ਦੀ ਵੀ ਕੋਈ ਕਮੀ ਨਹੀਂ ਰਹਿੰਦੀ। ਵਿਚਾਰਾਂ ਨੂੰ ਸ਼ਬਦਾਂ ਰਾਹੀਂ ਪੇਸ਼ ਕਰਨ ਵਾਲਾ ਕਮਾਲ ਦਾ ਪ੍ਰਤਿਭਾਸ਼ਾਲੀ ਸ਼ਾਇਰ ਹੈ ਸੁਰਿੰਦਰ ਸਿੰਘ ਸੁੰਨੜ। ਉਸ ਤੇ ਕਾਵਿ-ਜ਼ਿਹਨ ਵਿੱਚ ਵਿਚਾਰਾਂ ਦਾ ਸਦਾ ਹੜ੍ਹ ਵਗਦਾ ਰਹਿੰਦਾ ਹੈ।

ਸੁਰਿੰਦਰ ਸਿੰਘ ਸੁੰਨੜ ਨੇ ਆਪਣੀਆਂ ਦੋਵਾਂ ਪੁਸਤਕਾਂ ਰੰਗ ਮਜੀਠ ਅਤੇ ਸੁੰਨ ਸਿਫ਼ਰ ਵਿੱਚ ਕੁਝ ਕਵਿਤਾਵਾਂ ਸ੍ਰਿਸ਼ਟੀ ਦੀ ਉਤਪਤੀ ਬਾਰੇ ਵੀ ਲਿਖੀਆਂ ਹਨ। ਸ੍ਰਿਸ਼ਟੀ ਦੀ ਉਤਪਤੀ ਬਾਰੇ ਮਿਥਿਹਾਸ, ਇਤਿਹਾਸ ਅਤੇ ਵਿਗਿਆਨਕ ਨਜ਼ਰੀਏ ਦ੍ਰਿਸ਼ਟੀ ਗੋਚਰ ਹੋਏ ਹਨ, ਉਹਨਾਂ ਸਾਰਿਆਂ ਤੇ ਸੁਮੇਲ ਵਿੱਚੋਂ ਸੁਰਿੰਦਰ ਸੁੰਨੜ ਦੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਬੋਲ ਵੇਖੇ ਜਾ ਸਕਦੇ ਹਨ :

ਅੱਲਾ ਤਾਲਾ ਦੇ ਹੁਕਮ ਨਾਲ ਬਣੀ ਦੁਨੀਆ,<br>
ਪਾਕ ਮੌਲਾ ਨੇ ਸ੍ਰਿਸ਼ਟ ਉਪਾਈ ਸਾਰੀ।<br>
ਚੰਨ, ਸੂਰਜ ਨੂੰ ਕਾਰਜ ਸੰਭਾਲਿਆ ਸੂ,<br>
ਕਾਇਨਾਤ ਸਭ ਕੰਮਾਂ ਤੇ ਲਾਈ ਸਾਰੀ।<br>
ਝਰਨੇ-ਝੀਲਾਂ ਬਣਾ ਕੇ ਖ਼ੁਦਾ ਨੇ ਸਭ ਆਬ ਏ ਹਯਾਤ ਦੀ ਕਥਾ ਸੁਣਾਈ ਸਾਰੀ।<br>
ਪੈਦਾ ਕੀਤੇ ਬੇਅੰਤ ਖਜ਼ੂਰ ਮੇਵੇ ਤੇ ਇਸਲਾਮ ਦੀ ਝੰਡੀ ਝੁਲਾਈ ਸਾਰੀ।

........

ਬੰਦਾ ਬਣਿਆ ਕਈ ਮੰਨਦੇ ਬਾਂਦਰਾਂ ਤੋਂ,<br>
ਗੱਲ ਬਣਦੀ ਨਹੀਂ ਇਸ ਬਿਆਨ ਵਿੱਚ ਵੀ।<br>
ਇਹ ਤਾਂ ਠੀਕ ਹੈ ! ਹੋਇਆ ਵਿਕਾਸ ਸਭ ਦਾ,<br>
ਕੋਈ ਸ਼ਿਕਵਾ ਨਹੀਂ ਇਸ ਗਿਆਨ ਵਿੱਚ ਵੀ।

ਧਰਮ ਗ੍ਰੰਥ ਕੇਵਲ ਸ਼ਰਧਾ ਦੇ ਪੂਜਕ ਨਹੀਂ ਹਨ। ਧਰਮ ਗ੍ਰੰਥਾਂ ਵਿਚਲੇ ਸ਼ਬਦ ਰਾਹੀਂ ਗਿਆਨ ਪ੍ਰਾਪਤ ਕਰਕੇ ਉਸ ਨੂੰ ਅਮਲ ਵਿੱਚ ਢਾਲਣ ਦੀ ਹੈ। ਅਮਲ ਬਿਨਾਂ ਗਿਆਨ ਅਧੂਰਾ ਹੈ। ਜਿਹੜਾ ਗਿਆਨ ਅਮਲ ਵਿਚ ਨਹੀਂ ਆਉਂਦਾ ਉਹ ਵਾਫ਼ਰ ਹੈ। ਉਹ ਬਾਰ-ਬਾਰ ਮਨੁੱਖ ਨੂੰ ਧਰਮੀ ਪਾਠਕ ਬਣਨ ਵਾਸਤੇ ਤਾਕੀਦ ਕਰਦਾ ਹੈ। ਸੁਰਿੰਦਰ ਸਿੰਘ ਸੁੰਨੜ ਲਿਖਦਾ ਹੈ :

ਹਰ ਇੱਕ ਧਰਮ ਬਰਾਬਰ ਹੈ ਪਰ ਪੜ੍ਹਨਾ ਪੈਂਦਾ ਹੈ ਇਸ ਨੂੰ<br>
ਜੋ ਧਰਮੀ ਪਾਠਕ ਬਣ ਜਾਵੇ ਫਿਰ ਕਿਸੇ ਕੋਲੋਂ ਨਾ ਹਰਦੇ ਨੇ।<br>
ਸ਼ਬਦ ਗੁਰੂ ਨੂੰ ਮੱਥਾ ਟੇਕਣ ਨਾਲ ਹੀ ਗੱਲ ਨਹੀਂ ਬਣ ਸਕਦੀ,<br>
ਪੜ੍ਹਨ ਸੁਣਨ ਸਮਝਣ ਜਿਹੜੇ ਉਹ ਹਰ ਭਵ ਸਾਗਰ ਤਰਦੇ ਨੇ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਮਹਾਨ ਰਚਨਾ ਜਪੁਜੀ ਸਾਹਿਬ ਵਿੱਚ ਮਨੁੱਖ ਨੂੰ ਸਚਿਆਰੇ ਹੋਣ ਦਾ ਮਹਾ ਮਾਰਗ ਦਰਸਾਇਆ ਹੈ। ਉਹ ਲਿਖਦੇ ਹਨ

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥<br>
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।

ਗੁਰੂ ਸਾਹਿਬ ਅਨੁਸਾਰ ਸਚਿਆਰਾ ਹੋਣ ਲਈ ਵਾਹਿਗੁਰੂ

ਦੀ ਰਜ਼ਾ ਵਿੱਚ ਜੀਵਨ ਬਤੀਤ ਕਰਨਾ ਪਵੇਗਾ ਅਤੇ ਉਸਦੇ ਹੁਕਮਾਂ ਦਾ ਪਾਲਣ ਕਰਨਾ ਹੋਵੇਗਾ। ਸਵਾਲ ਪੈਦਾ ਹੁੰਦਾ ਇਹ ਹੁਕਮ ਕਿੱਥੋਂ ਆਉਂਦਾ ਹੈ?

ਇਸ ਤੇ ਜਵਾਬ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਹੁਕਮ ਮਨੁੱਖ ਦੀ ਆਤਮਾ ਵਿੱਚੋਂ ਆਉਂਦਾ ਹੈ। ਇਹ ਆਤਮਾ, ਪਰਮਾਤਮਾ ਦਾ ਹੀ ਅੰਸ਼ ਹੈ। ਮਨੁੱਖ ਜਦੋਂ ਜੀਵਨ ਵਿੱਚ ਵਿਚਰਦਾ ਹੈ, ਅਮਲੀ ਜੀਵਨ ਵਿੱਚ ਗੁਜ਼ਰਦਾ ਹੈ ਤਾਂ ਪੈਰ ਪੈਰ ਤੇ ਉਸ ਨੂੰ ਕਰਮਭੂਮੀ ਵਾਸਤੇ ਆਪਣੀ ਆਤਮਾ ਪਾਸੋਂ ਦਿਸ਼ਾ-ਨਿਰਦੇਸ਼ ਲੈਣੀ ਪੈਂਦੀ ਹੈ। ਆਤਮਾ ਸੱਚ ਅਤੇ ਝੂਠ ਦਾ ਨਿਖੇੜਾ ਕਰਦੀ ਹੈ। ਜਿਹੜੇ ਮਨੁੱਖ ਆਪਣੀ ਆਤਮਾ ਦੇ ਨਿਰਦੇਸ਼ ਅਨੁਸਾਰ ਚਲਦੇ ਨੇ, ਉਹ ਮਨੁੱਖ ਸਹੀ ਰਸਤੇ ਤੇ ਚਲਦੇ ਹਨ ਅਤੇ ਆਦਰਸ਼ ਮਨੁੱਖ ਬਣ ਕੇ ਸਾਹਮਣੇ ਆਉਂਦੇ ਹਨ। ਸੁਰਿੰਦਰ ਸਿੰਘ ਸੁੰਨੜ ਇਸ ਮਹਾਨ ਆਦਰਸ਼ ਨੂੰ ਆਪਣੀ ਕਾਵਿ-ਸਾਧਨਾ ਦਾ ਅਨਿੱਖੜ ਅੰਗ ਬਣਾਉਂਦਾ ਹੈ। ਉਹ ਬਾਰ ਬਾਰ ਗੁਰਬਾਣੀ ਨੂੰ ਅੰਗ ਲਾਉਂਦਾ ਹੋਇਆ ਆਦਰਸ਼ ਮਨੁੱਖ ਦੀ ਕਾਮਨਾ ਕਰਦਾ ਹੈ। ਆਦਰਸ਼ ਮਨੁੱਖ ਉਹ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਜਿਹਨਾਂ ਨੂੰ ਵਿਸ਼ੇ ਵਿਕਾਰਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ, ਇਹਨਾਂ ਸਭਨਾਂ ਨੂੰ ਸਹਿਜ ਵਿੱਚ ਅਪਣਾ ਲੈਂਦਾ ਹੈ। ਸਹਿਜ ਜੀਵਨ ਜੀਣ ਵਾਲਾ ਮਨੁੱਖ ਆਦਰਸ਼ ਮਨੁੱਖ ਹੋ ਸਕਦਾ ਹੈ। ਇਹਨਾਂ ਸਭਨਾਂ ਤੋਂ ਬਗ਼ੈਰ ਮਨੁੱਖ ਦਾ ਗੁਜ਼ਾਰਾ ਨਹੀਂ ਪਰ ਇਹਨਾਂ ਵਿਚ ਉਲਾਰ ਹੋ ਜਾਣਾ ਇਹਨਾਂ ਨੂੰ ਜ਼ਿੰਦਗੀ ਦਾ ਅੰਤ ਸਮਝ ਲੈਣਾ, ਮਨੁੱਖ ਦੇ ਵਿਨਾਸ਼ ਦਾ ਕਾਰਨ ਵੀ ਬਣ ਸਕਦਾ ਹੈ। ਸੁੰਨੜ ਇਹ ਗੱਲ ਭਲੀ ਭਾਂਤ ਜਾਣਦਾ ਹੈ, ਇਸੇ ਕਰਕੇ ਆਪਣੀ ਕਵਿਤਾ ਵਿੱਚ ਬਾਰ ਬਾਰ ਮਨੁੱਖ ਅੱਗੇ ਆਦਰਸ਼ਕ ਰਸਤਿਆਂ ਦੀ ਝਾਕੀ ਪੇਸ਼ ਕਰਦਾ ਹੈ :

ਘਰ ਪਰਿਵਾਰ ਜਿਨਾਂ ਦੇ ਵਸਦੇ ਵਧੀਆ ਉਹ ਇਨਸਾਨ।

ਜਤੀ ਸਤੀ ਦੀ ਜੜ੍ਹ ਨਾ ਕੋਈ ਬੇਸ਼ਕ ਉਹ ਵੱਡੇ ਵਿਦਵਾਨ।

ਗੁੱਸੇ ਗਿਲੇ ਤਾਂ ਹਰ ਪਰਿਵਾਰ ਚ ਹਰ ਹਾਲਤ ਵਿੱਚ ਹੁੰਦੇ

ਕ੍ਰੋਧ ਨੂੰ ਕਾਬੂ ਕਰਨ ਲਈ ਕਈ ਤੁਰ ਜਾਂਦੇ ਨੇ ਬੀਆਬਾਨ।

ਆਪਣਿਆਂ ਸੰਗ ਵਸਣ ਰਸਣ ਦਾ ਵੀ ਲਾਲਚ ਦੁਨੀਆ ਨੂੰ

ਭੁੱਖ ਤਾਂ ਲੱਗਣੀ ਬੜੀ ਜ਼ਰੂਰੀ ਕੁਝ ਖਾਧਿਆਂ ਪੈਂਦੀ ਜਾਨ।

ਕਿਸੇ ਚੀਜ਼ ਦਾ ਮੋਹ ਨਹੀਂ ਜਿਸ ਨੂੰ ਉਹ ਬੰਦਾ ਕਿੰਜ ਕਹੀਏ?

ਅਸਲੀ ਇਨਸਾਨੀ ਜੀਵਨ ਹੈ ਮੋਹ ਮੁਮਤਾ ਤੇ ਸੰਤਾਨ।

ਸੱਚ ਦਾ ਕੋਈ ਘਮੰਡ ਕਰਦਾ ਹੈ ਤਾਂ ਉਸ ਵਿੱਚ ਕੀ ਗਲਤੀ ਹੈ

ਇੱਕ ਹੰਕਾਰ ਤੋਂ ਡਰਦਿਆਂ ਜੀਵਨ ਕਿਉਂ ਕਰੀਏ ਕੁਰਬਾਨ।

ਹਰ ਇਕ ਕਰਮ ਕਰਨ ਦੀ ਲੇਕਿਨ ਮਰਿਯਾਦਾ ਹੁੰਦੀ ਹੈ,

ਬਾਹਰ ਭੱਜਣ ਤੋਂ ਚੰਗਾ ਹੈ ਜੇਕਰ ਹੋ ਜਾਈਏ ਅੰਤਰ ਧਿਆਨ।

ਇਹਨਾਂ ਵਿਸ਼ੇ ਵਿਕਾਰਾਂ ਤੂੰ ਬਗੈਰ ਜੀਵਨ ਸੰਭਵ ਨਹੀਂ ਹੈ।ਜੀਵਨ ਦੀ ਪ੍ਰਕਿਰਤੀ ਅਜਿਹੀ ਹੈ ਕਿ ਇਹਨਾਂ ਸਾਰੇ ਤੱਤਾਂ ਦੀ ਮਨੁੱਖ ਨੂੰ ਜ਼ਰੂਰਤ ਰਹਿੰਦੀ ਹੈ ਪਰ ਜਿਵੇਂ ਗੁਰੂ ਸਾਹਿਬਾਨ ਨੇ ਇਹਨਾਂ ਨੂੰ ਸਹਿਜ ਰੂਪ ਵਿੱਚ ਅਪਣਾਉਣ ਦੀ ਸੰਕਲਪਨਾ ਪੇਸ਼ ਕੀਤੀ ਹੈ, ਸੁਰਿੰਦਰ ਸਿੰਘ ਸੁੰਨੜ ਵੀ ਉਪਰੋਕਤ ਵਿਚਾਰ ਨੂੰ ਜੀਵਨ ਵਿਚ ਅਪਣਾਉਣ ਲਈ ਕਾਵਿ ਰਚਨਾ ਰਾਹੀਂ ਪੇਸ਼ ਕਰਦਾ ਹੈ। ਸੁਰਿੰਦਰ ਸਿੰਘ ਸੁੰਨੜ ਨੇ ਸ਼ਬਦ ਦੀ ਅਹਿਮੀਅਤ ਉੱਪਰ ਬਹੁਤ ਜ਼ੋਰ ਦਿੱਤਾ ਹੈ। ਅਸਲ ਵਿੱਚ ਸ਼ਬਦ ਹੀ ਹੈ ਜੋ ਮਨੁੱਖ ਦੀ ਹਸਤੀ ਨੂੰ ਸੰਸਾਰ ਦੇ ਬਾਕੀ ਜੀਵ-ਜੰਤੂਆਂ ਨਾਲੋਂ ਭਿੰਨ ਕਰਦਾ ਹੈ ਸ਼ਬਦ ਦੇ ਨਾਲ ਹੀ ਸੰਚਾਰ ਅਤੇ ਸ਼ਬਦ ਦੇ ਨਾਲ ਹੀ ਮਨੁੱਖ ਦੀ ਸਿਆਣਪ ਦੂਸਰੇ ਜੀਵ ਜੰਤੂ ਨਾਲੋਂ ਜ਼ਾਹਿਰ ਹੁੰਦੀ ਹੈ। ਜਦੋਂ ਮੈਂ ਅਮਰੀਕਾ ਦੇ ਲੇਖਕ ਕਲੀਅੰਥ ਬਰੁਕਸ ਦੀ ਪੁਸਤਕ ਦਾ ਵੈਲ ਰਾਟ ਅਰਨ ਪੜ੍ਹਦਾ ਹਾਂ ਤਾਂ ਉਹ ਲਿਖਦਾ ਹੈ ਕਿ ਕਵਿਤਾ ਕੁਝ ਵੀ ਸੰਚਾਰ ਨਹੀਂ ਕਰਦੀ ਬਲਕਿ ਕਵੀ ਕਵਿਤਾ ਦੀ ਸਿਰਜਣਾ ਕਰਦਾ ਹੈ। ਕਵੀ ਨੂੰ ਖ਼ੁਦ ਵੀ ਪਤਾ ਨਹੀਂ ਹੁੰਦਾ ਕਿ ਉਸਨੇ ਕਿਹੋ ਜਿਹੀ ਕਵਿਤਾ ਦੀ ਸਿਰਜਣਾ ਕਰਨੀ ਹੈ। ਕਵਿਤਾ ਦਾ ਸੰਚਾਰ ਵੀ ਸਹਿਤ ਦੇ ਹੋਰ ਰੂਪਾਂ ਅਤੇ ਜੀਵਨ ਦੇ ਸੰਚਾਰ ਨਾਲੋਂ ਵੱਖਰਾ ਹੁੰਦਾ ਹੈ ਕਵਿਤਾ ਦਾ ਸੰਚਾਰ ਸੋਹਜਮਈ ਸੰਚਾਰ ਹੁੰਦਾ ਹੈ। ਸੁਰਿੰਦਰ ਸਿੰਘ ਸੁੰਨੜ ਦੀਆਂ ਕਾਵਿ ਸਤਰਾਂ ਦੇ ਹਵਾਲਿਆਂ ਰਾਹੀਂ ਇਹ ਗੱਲ ਵਧੇਰੇ ਪ੍ਰਮਾਣਕ ਰੂਪ ਵਿੱਚ ਸਮਝੀ ਜਾ ਸਕਦੀ ਹੈ :

ਸ਼ਬਦ ਗੁਰੂ, ਸੰਪੂਰਨ ਸਤਿਗੁਰ, ਪੂਰਨ ਗੁਰ ਅਵਤਾਰ।

ਸ਼ਬਦ ਸ਼ਰਨ ਵਿੱਚ ਆ ਜਾਵੇ ਤਾਂ ਤਰ ਜਾਵੇ ਸੰਸਾਰ।
ਗੀਤਾ, ਪ੍ਰਾਣ, ਕੁਰਾਨ ਜਾਂ ਬਾਈਬਲ ਸ਼ਬਦ ਬਿਨਾ ਨਾ ਬਣਦੇ,
ਸ਼ਬਦ ਸਿਆਣ ਰਹਿਣ ਸਾਰੇ ਤਾਂ ਮਿਟ ਜਾਵੇ ਅੰਧਕਾਰ।
.......
ਸ਼ਬਦ ਬਣ ਬੰਦਿਆਂ ਨਹੀਂ ਤਾਂ ਬੇਅਰਥ ਮਰ ਜਾਏਂਗਾ।
ਕੁਝ ਨਹੀਂ ਬਣਨਾ ਅਗਰ ਤੂੰ ਸ਼ਬਦ ਨਾ ਬਣ ਪਾਏਂਗਾ।
ਛਿਣ-ਭੰਗਰੀਆਂ ਬੋਲੀਆਂ ਹਰਿ ਸੈ ਥੋੜ੍ਹ-ਚਿਰੀ,
ਸ਼ਬਦਾਂ ਬਾਝੋਂ ਦਸ ਭਲਾ! ਕਿਸ ਨਾਮ ਨਾਲ ਜਾਣਿਆ ਜਾਏਂਗਾ।
ਸ਼ਬਦ ਸ਼ਕਤੀ ਕਰਕੇ ਹੀ ਸਭ ਸ਼ਕਤੀਆਂ ਬਣੀਆਂ,
ਸ਼ਬਦ ਨਾ ਹੋਵੇ ਤਾਂ ਫਿਰ ਇਨਸਾਨ ਕਿੰਜ ਕਹਿਲਾਏਂਗਾ।
ਸ਼ਬਦ ਦੱਸੇ ਪਾਪ ਪੁੰਨ ਤੇ ਸ਼ਬਦਾਂ ਵਿੱਚ ਇਨਸਾਨੀਅਤ,
ਪਸ਼ੂ ਪੰਛੀ ਵੀ ਤੂੰ ਸ਼ਬਦਾਂ ਨਾਲ ਹੀ ਕਹਿ ਪਾਏਂਗਾ।
ਸ਼ਬਦ ਦੇ ਲੜ ਲੱਗ ਕੇ ਸਿੱਖ 'ਲਾ ਸ਼ਬਦ ਨੂੰ ਵਰਤਣਾ,
ਸ਼ਬਦ ਜਾਮਾ ਪਾ ਲਿਆ ਤਾਂ ਅਮਰ ਪਦਵੀ ਪਾਏਂਗਾ।

ਇਹ ਸ਼ਬਦ ਹੀ ਹੈ ਜੋ ਮਨੁੱਖ ਨੂੰ ਸੰਚਾਰ ਦੇ ਜਰੀਏ ਨਾ ਕੇਵਲ ਆਦਰਸ਼ਕ ਮਾਰਗਾਂ ਨੂੰ ਅਪਣਾਉਣ ਲਈ ਬਲ ਦਿੰਦਾ ਹੈ ਬਲਕਿ ਇਨਸਾਨੀਅਤ ਦੀ ਭਾਵਨਾ ਨੂੰ ਕਾਇਮ ਰੱਖਣ ਲਈ ਵੀ ਇਸ ਦੀ ਜ਼ਰੂਰਤ ਹੈ।

ਕਾਵਿ ਸਿਰਜਣਾ ਦੀ ਦਾਤ ਭਾਵੇਂ ਮਨੁੱਖ ਨੂੰ ਕੁਦਰਤ ਵੱਲੋਂ ਹਾਸਿਲ ਹੁੰਦੀ ਹੈ ਪਰ ਇਸ ਨੂੰ ਨਿਖਾਰਨ ਲਈ ਮਨੁੱਖ ਨੂੰ ਸਾਧਨਾ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ। ਭਾਰਤੀ ਇਤਿਹਾਸ-ਮਿਥਿਹਾਸ ਵਿੱਚ ਅਸੀਂ ਅਕਸਰ ਦੇਖਦੇ ਹਾਂ ਕਿ ਰਿਸ਼ੀ ਮੁਨੀ ਇਸ ਸਮਾਜ ਤੋਂ ਬਾਹਰੀ ਹੋ ਕੇ ਤਪ-ਤਪੱਸਿਆ ਕਰਦੇ ਸਨ। ਕਾਵਿ ਸਿਰਜਣਾ ਲਈ ਇਕੱਲਤਾ ਦਾ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ। ਉਂਜ ਅੱਜ ਦਾ ਦੌਰ ਅਜਿਹਾ ਹੈ ਜਿੱਥੇ ਮਨੁੱਖ ਸਰਮਾਏਦਾਰੀ ਨਿਜ਼ਾਮ ਵਿੱਚ ਇਕੱਲਤਾ ਦਾ ਸ਼ਿਕਾਰ ਹੋ ਰਿਹਾ ਹੈ। ਇਕੱਲ ਵਿੱਚ ਵਿਚਰ ਰਿਹਾ ਅਜਿਹਾ ਵਿਅਕਤੀ ਤੇ ਇਕੱਲਤਾ ਦਾ ਸੰਤਾਪ ਭੋਗਦਾ ਹੈ ਜਿੱਥੇ ਇਕੱਲਤਾ 'ਕੱਲੇ ਵਿਅਕਤੀ ਲਈ ਸੰਤਾਪ ਹੈ, ਉੱਥੇ ਕਲਾਕਾਰਾਂ ਲਈ ਇਹ ਵਰਦਾਨ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਪ੍ਰੋਫੈਸਰ ਸਟੋਲ ਦਾ ਲਿਖਣਾ ਹੈ ਕਿ ਹਰ ਸ਼ਾਮ ਨੂੰ ਨਦੀ ਕਿਨਾਰੇ ਵਿਚਰਦਿਆਂ ਕਵਿਤਾ ਦੇ ਬੋਲ ਆਪ ਮੁਹਾਰੇ ਹੀ ਮੇਰੇ ਜ਼ਿਹਨ ਵਿੱਚ ਆ ਜਾਂਦੇ ਸਨ। ਸੁਰਿੰਦਰ ਸਿੰਘ ਸੁੰਨੜ ਨੇ ਆਪਣੀ ਕਾਵਿ ਰਚਨਾ ਵਿੱਚ ਇਕੱਲਤਾ ਦੇ ਕੁਝ ਹਵਾਲੇ ਦਿੱਤੇ ਹਨ ਉਹ ਨਮੂਨੇ ਹੇਠਾਂ ਵੇਖੇ ਜਾ ਸਕਦੇ ਹਨਃ

ਜਨਮ ਮਰਨ 'ਕਲਿਆਂ ਦਾ ਹੁੰਦਾ 'ਕੱਲਾਪਣ ਹੀ ਤੇਰਾ ਹੈ।
ਰਿਸ਼ਤੇ, ਨਾਤੇ, ਸਾਂਝ-ਭਿਆਲੀ ਨਾ ਤੇਰਾ ਨਾ ਮੇਰਾ ਹੈ
ਰਿਸ਼ਤੇ ਦਾ ਕੋਈ ਨਿੱਘ ਹੋਵੇ ਤਾਂ ਦਿਨ ਸੌਖੇ ਲੰਘ ਜਾਂਦੇ ਨੇ,
ਕਈ ਰਿਸ਼ਤੇ ਚਾਨਣ ਬਣਦੇ ਕਈ ਬਿਲਕੁਲ ਘੁੱਪ ਹਨੇਰਾ ਹੈ।
ਓਪਰਿਆਂ ਨੇ ਕਦੇ ਕਿਸੇ ਦੀ ਦੁੱਖਦੀ ਰਗ਼ ਨੂੰ ਨਹੀਂ ਫੜਿਆ
ਤੈਨੂੰ ਤੰਗ ਕਰਨ ਲਈ ਤੇਰਾ ਕੁੜਮਾਚਾਰ ਬਥੇਰਾ ਹੈ।
ਮੱਖਣ ਲਾਉਣ ਵਾਲੇ ਹੀ ਤੇਰੇ ਕਈ ਮਖੌਟੇ ਲਈ ਫਿਰਦੇ,
ਚੱਕਰਵਿਉ ਰਿਸ਼ਤੇ-ਨਾਤੇ ਤੇ ਸਾਡਾ ਚਾਰ ਚੁਫੇਰਾ ਹੈ।

ਸੁਰਿੰਦਰ ਸਿੰਘ ਸੁੰਨੜ ਇਕ ਅਜਿਹਾ ਕਵੀ ਹੈ ਜੋ ਵਿਚਾਰਾਂ ਦੇ ਪ੍ਰਵਾਹ ਨਾਲ ਹਮੇਸ਼ਾ ਭਰਿਆ ਰਹਿੰਦਾ ਹੈ ਇਹ ਪਰਵਾਹ ਉਸਨੂੰ ਕਾਵਿ ਸਿਰਜਣਾ ਲਈ ਪ੍ਰੇਰਤ ਕਰਦਾ ਹੈ ਉਸ ਤੇ ਆਲੇ ਦੁਆਲੇ ਦੇ ਸਮਾਜ ਵਿੱਚ ਜੋ ਕੁਝ ਵਾਪਰਦਾ ਹੈ ਉਹ ਇਸ ਸਾਰੇ ਨੂੰ ਡੂੰਘੀ ਨੀਝ ਨਾਲ ਤੱਕਦਾ ਆਪਣੇ ਜ਼ਿਹਨ ਵਿੱਚ ਉਤਾਰਦਾ ਤੇ ਉਸਦੀ ਪੁਨਰ ਸਿਰਜਣਾ ਲਈ ਬੇਚੈਨ ਹੋਇਆ ਰਹਿੰਦਾ ਹੈ। ਇਸ ਸਿਰਜਨਾਤਮਕ ਰੁਚੀ ਨੂੰ ਹੀ ਡਾਕਟਰ ਹਰਿਭਜਨ ਸਿੰਘ ਨੇ ਬੇਚੈਨੀ ਦੀ ਅਵਸਥਾ ਕਿਹਾ ਸੀ ਕਿ ਮੈਂ ਸਾਰੀ ਉਮਰ ਬੇਚੈਨੀ ਦੀ ਅਵਸਥਾ ਵਿੱਚ ਰਿਹਾ ਹਾਂ। ਜਦੋਂ ਮੈਂ ਕਾਵਿ-ਰਚਨਾ ਕਰ ਲੈਂਦਾ ਹਾਂ ਤਾਂ ਮੈਨੂੰ ਆਪਣੀ ਬੇਚੈਨੀ ਤੋਂ ਮੁਕਤੀ ਮਿਲ ਜਾਂਦੀ ਹੈ। ਸੁਰਿੰਦਰ ਸੁੰਨੜ ਕਿਸੇ ਇੱਕ ਵਿਸ਼ੇ ਨਾਲ ਬੱਝਿਆ ਨਹੀਂ ਰਹਿੰਦਾ। ਉਹ ਇਸ ਸੰਸਾਰ ਦੇ ਵਰਤਾਰੇ ਨੂੰ ਦੇਖਦਾ ਹੈ ਅਤੇ ਇਸ ਵਰਤਾਰੇ ਪ੍ਰਤੀ ਆਪਣਾ ਪ੍ਰਤੀਕਰਮ ਕਾਵਿ ਮਾਧਿਅਮ ਰਾਹੀਂ ਜ਼ਾਹਿਰ ਕਰਦਾ ਹੈ। ਇਸ ਵਰਤਾਰੇ ਵਿੱਚ ਉਸਦੇ ਨਿਕਟ ਅਨੁਭਵ ਵਿੱਚ ਵਾਪਰੇ ਕਿਸਾਨ ਅੰਦੋਲਨ, ਧੀਆਂ ਦੀ ਭਰੂਣ ਹੱਤਿਆ, ਰਾਜਸੀ ਸ਼ੋਸ਼ਣ, ਸੱਚ ਝੂਠ ਵਿੱਚ ਝੂਠ ਦੀ ਜਿੱਤ, ਸਮਾਜਿਕ ਬੇਇਨਸਾਫੀ, ਹੱਕ ਸੱਚ ਅਤੇ ਨਿਆਂ ਉਪਰ ਸਤਾ ਦਾ ਕਬਜ਼ਾ, ਧਾਰਮਿਕ ਗਿਰਾਵਟ ਆਦਿ ਅਨੇਕਾਂ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੇ ਉਸਨੂੰ ਬੇਚੈਨ ਕਰਕੇ ਰੱਖਿਆ ਹੋਇਆ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਕਵਿਤਾ ਇਹਨਾਂ ਸਾਰੇ ਭਰਿਸ਼ਟਾਚਾਰੀ ਵਿਹਾਰਾਂ ਤੋਂ ਮਨੁੱਖ

ਨੂੰ ਨਿਜਾਤ ਦਵਾ ਸਕਦੀ ਹੈ?

ਇਸ ਦੇ ਉੱਤਰ ਵਿੱਚ ਇਹ ਕਿਹਾ ਜਾ ਸਕਦਾ ਹੈ ਕੇ ਕਵੀ ਰਾਹੀਂ ਇਹ ਮਨੁੱਖ ਨੂੰ ਅਸੰਤੁਲਿਤ ਹੋਏ ਨਿਜ਼ਾਮਾਂ ਪ੍ਰਤੀ ਸੁਚੇਤ ਕਰਦੀ ਹੈ ਆਮ ਸਧਾਰਨ ਇਨਸਾਨ ਵੀ ਇਸ ਵਿਗੜੇ ਹੋਏ ਮਾਹੌਲ ਨੂੰ, ਡਿੱਗਦੇ ਹੋਏ ਮਿਆਰ ਨੂੰ ਸੋਚਣ ਅਤੇ ਮਹਿਸੂਸ ਕਰਨ ਲਈ ਤਿਆਰ ਹੋ ਜਾਂਦਾ ਹੈ। ਜਿਵੇਂ ਜੰਗਲਾਂ ਵਿੱਚ ਲੱਗੀ ਹੋਈ ਅੱਗ ਨੂੰ ਇੱਕ ਚਿੜੀ ਬੁਝਾ ਨਹੀਂ ਸਕਦੀ ਪਰ ਉਹ ਜਤਨ ਜ਼ਰੂਰ ਕਰਦੀ ਹੈ ਚਿੜੀ ਦਾ ਚੁੰਝ ਵਿਚ ਪਾਣੀ ਲੈ ਕੇ ਜਾਣਾ ਤੇ ਕਵੀ ਦਾ ਕਵਿਤਾ ਰਾਹੀਂ ਨੇਕੀ ਇਨਸਾਨੀਅਤ, ਮਾਨਵਤਾ, ਆਦਰਸ਼ਾਂ ਦੇ ਰਾਹਾਂ ਦਾ ਪ੍ਰਕਾਸ਼ ਦਿਖਾਉਣਾ ਵਿਚੱਲਿਤ ਰਸਤੇ ਤੇ ਚੱਲ ਰਹੇ ਮਨੁੱਖ ਨੂੰ ਸਾਕਾਰਾਤਮਕ ਦਿਸ਼ਾ ਜਰੂਰ ਦਰਸਾਉਂਦਾ ਹੈ।ਮੈਂ ਕਹਿ ਸਕਦਾ ਹਾਂ ਕਿ ਸੁਰਿੰਦਰ ਸੁੰਨੜ ਇੱਕ ਅਜਿਹਾ ਸੰਸਾਰਿਕ ਕਵੀ ਹੈ ਜੋ ਧਰਤੀ ਦੀਆਂ ਸਾਰੀਆਂ ਦਿਸ਼ਾਵਾਂ ਵਿੱਚ ਹੋ ਰਹੇ ਵਰਤਾਰੇ ਨੂੰ ਗੂੜ੍ਹੀ ਨੀਝ ਨਾਲ ਵੇਖਦਾ ਹੈ ਅਤੇ ਆਪਣੀ ਸੂਝ-ਸ਼ਕਤੀ ਰਾਹੀਂ ਬਿਆਨ ਕਰਦਾ ਹੈ ਉਹ ਆਪਣੇ ਕਵੀ-ਧਰਮ ਪ੍ਰਤੀ ਵਫ਼ਾਦਾਰ ਅਤੇ ਇਮਾਨਦਾਰ ਹੈ। ਇਹ ਕਵੀ ਦਾ ਕਾਵਿ-ਵਿਹਾਰ ਹੁੰਦਾ ਹੈ ਕਿ ਉਸਨੇ ਆਪਣੇ ਆਪ ਨੂੰ ਕਿਹੋ ਜਿਹੇ ਪੈਮਾਨੇ ਜਾਂ ਪ੍ਰਕਿਰਤੀ ਅਨੁਕੂਲ ਢਾਲਣਾ ਹੈ।ਉਹ ਸਦਾ ਉਸ ਵਿਚ ਹੀ ਪਰਪੱਕ ਹੁੰਦਾ ਹੈ। ਜਿਵੇਂ ਸ਼ਿਵ ਕੁਮਾਰ ਪਿਆਰ, ਬਿਰਹਾ, ਉਪਰਾਮਤਾ ਅਤੇ ਮੌਤ ਦੇ ਥੀਮ ਬਾਰ-ਬਾਰ ਆਪਣੀ ਕਵਿਤਾ ਵਿਚ ਸਿਰਜਦਾ ਹੈ ਹਰਿਭਜਨ ਸਿੰਘ ਲਘੂ ਮਨੁੱਖ ਦੀ ਹੋਣੀ ਨੂੰ ਬਿਆਨ ਕਰਦਾ ਲਘੂ ਮਾਨਵ ਦੀ ਵੱਡ ਵਡੇਰੀ ਤਾਕਤ ਦਾ ਅਹਿਸਾਸ ਕਰਾਉਂਦਾ ਹੈ, ਇਸੇ ਤਰ੍ਹਾਂ ਸੁਰਿੰਦਰ ਸੁੰਨੜ ਜੀਵਨ ਦੇ ਕਿਸੇ ਇਕ ਵਰਤਾਰੇ ਉੱਪਰ ਜਾਂ ਝਾਕੀ ਉੱਪਰ ਆਪਣੀ ਬਿਰਤੀ ਇਕਾਗਰ ਨਹੀਂ ਕਰਦਾ ਉਸ ਲਈ ਸਗਲ-ਸੰਸਾਰ, ਆਕਾਸ਼-ਪਤਾਲ ਅਤੇ ਇਤਿਹਾਸ ਸਾਰੇ ਉਸ ਦੀ ਸਿਮਰਤੀ ਵਿੱਚ ਡੰਡੋਤ ਕਰਦੇ ਹਨ। ਸ਼ੇਕਸਪੀਅਰ ਨੇ ਠੀਕ ਹੀ ਕਿਹਾ ਸੀ ਕਿ ਕਵੀ ਦੀ ਅੱਖ ਇਕ ਅੱਖ ਪਲਕਾਰੇ ਵਿੱਚ ਆਕਾਸ਼ ਅਤੇ ਪਤਾਲ ਨੂੰ ਗਾਹ ਲੈਂਦੀ ਹੈ, ਉਸ ਕੋਲੋਂ ਕੁਝ ਵੀ ਛੁਪਿਆ ਨਹੀਂ ਰਹਿੰਦਾ।ਸੁੰਨੜ ਸਹੀ ਸ਼ਬਦਾਂ ਵਿੱਚ ਵਿਸ਼ਾਲ ਨੇਤਰਾਂ ਵਾਲਾ ਕਵੀ ਹੈ ਜੋ ਸਗਲੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਭਰ ਲੈਂਦਾ।ਉਹ ਲਿਖਦਾ ਹੈ:

ਨਜ਼ਮ ਲਿਖਾਂ ਜਾਂ ਗੀਤ, ਗਜ਼ਲ, ਜਾਂ ਸਭ ਕੁਝ ਲਿਖ ਮਾਰਾਂ।

ਕਾਵਿ ਉਡਾਰੀ ਲਾਉਣ ਲਈ ਹੁਣ ਖੁੱਲ ਕੇ ਖੰਭ ਮਾਰਾਂ।

ਲੱਗ ਜਾਵੇ ਨਾ ਨਜ਼ਰ ਕਿਤੇ ਕੰਜਕਾਂ ਕਵਿਤਾਵਾਂ ਨੂੰ

ਗੀਤਾਂ ਤੇ ਗ਼ਜ਼ਲਾਂ ਦੇ ਸਿਰ ਤੋਂ ਨਿੱਤ ਮਿਰਚਾਂ ਵਾਰਾਂ।

ਵੱਡ-ਵਡੇਰੇ ਕਵਿਤਾ ਦੇ ਵੀ ਇਕ ਦਿਨ ਨਿੱਕੇ ਸੀ,

ਨਿੱਕੀਆਂ ਨਿੱਕੀਆਂ ਰਚਨਾਵਾਂ ਦੇ ਨਾਲ ਹੀ ਕੰਮ ਸਾਰਾਂ।

ਹੋ ਸਕਦਾ ਮੇਰੀ ਕਵਿਤਾ ਵੀ ਇੱਕ ਦਿਨ ਮਹਿਕ ਪਵੇ,

ਕੱਚੀਆਂ ਕਲੀਆਂ ਉੱਤੇ ਵੀ ਹੋ ਸਕਦਾ ਆਉਣ ਬਹਾਰਾਂ।

ਕਦੇ ਕਦੇ ਉਸ ਨੂੰ ਲੱਗਦਾ ਹੈ ਜੋ ਮੇਰੇ ਜ਼ਿਹਨ ਦੇ ਅੰਦਰ ਵਿਚਾਰਾਂ ਦੇ ਦਰਿਆ ਵਗਦੇ ਨੇ ਉਹ ਸਾਰੇ ਦੇ ਸਾਰੇ ਕਵਿਤਾ ਵਿੱਚ ਸਮਾਏ ਨਹੀਂ ਜਾ ਸਕਦੇ। ਬਹੁਤ ਕੁਝ ਕਹਿਣ ਤੋਂ ਬਾਅਦ ਵੀ ਅਣਕਿਆ ਰਹਿ ਜਾਂਦਾ ਹੈ ਇਹ ਅਣਕਿਆ ਹੀ ਹੁੰਦਾ ਹੈ ਜੋ ਕਵੀ ਨੂੰ ਸਾਰੀ ਉਮਰ ਕਹਿਣ ਲਈ ਪ੍ਰੇਰਤ ਕਰਦਾ ਰਹਿੰਦਾ ਹੈ :

ਕਵਿਤਾ ਕਈ ਕੁਝ ਕਹਿ ਸਕਦੀ ਹੈ ਹਾਂ ਕਲਮ 'ਚ ਤਾਕਤ ਹੁੰਦੀ ਹੈ।

ਪਰ ਦਰਦ ਜੋ ਸਾਰੀ ਉਮਰਾਂ ਦਾ ਲਫ਼ਜ਼ਾਂ ਵਿੱਚ ਕਿਵੇਂ ਬਿਆਂ ਹੋਵੇ ?

ਉਸ ਨੂੰ ਇਸ ਗੱਲ ਦਾ ਗਹਿਰਾ ਅਹਿਸਾਸ ਹੈ ਕਿ ਸੋਚਣ ਤੋਂ ਬਗ਼ੈਰ ਸਾਹਿਤ ਦਾ ਜਨਮ ਨਹੀਂ ਹੋ ਸਕਦਾ। ਅੱਖਰਾਂ ਨੂੰ ਜੋੜਨਾ, ਤੁਕਬੰਦੀ ਕਰਨੀ, ਜਾਂ ਬਹਿਰ ਵਿੱਚ ਬੰਨ੍ਹ ਦੇਣਾ, ਕਵਿਤਾ ਨਹੀਂ ਹੁੰਦੀ, ਕਵਿਤਾ ਇੱਕ ਵਿਚਾਰਾਂ ਦਾ ਪ੍ਰਵਾਹ ਹੈ ਜਿਸ ਨੂੰ ਸੂਝਮਈ ਵਿਧੀ ਨਾਲ ਸੂਤਰਬੱਧ ਕੀਤਾ ਜਾ ਸਕਦਾ ਹੈ।ਅਖੌਤੀ ਸਹਿਤਕਾਰ ਬਾਰੇ ਉਹ ਲਿਖਦਾ ਹੈ:

ਸੁਣ ਸਕਣੇ ਦੀ ਸ਼ਕਤੀ ਨਾ ਸੀ ਰੌਲਾ ਬਹੁਤ ਮੈਂ ਪਾਇਆ।

ਸੋਚਣ ਵਾਲਾ ਖ਼ਾਨਾ ਖਾਲੀ ਸਹਿਤਕਾਰ ਅਖਵਾਇਆ।

ਮਹਿਸੂਸ ਤੱਕ ਨਾ ਕੀਤਾ ਐਵੇਂ ਤੜਫਿਆ ਤੇ ਤੜਫਾਇਆ।

ਕੋਸ਼ਿਸ਼ ਕਰਨ ਤੋਂ ਪਹਿਲਾਂ ਹੀ ਬਸ ਐਵੇਂ ਹੌਂਸਲਾ ਢਾਹਿਆ।

ਮਰ ਮਰ ਕੇ ਹੀ ਜੀਵੇ ਚੱਜ ਨਾਲ ਜੀਣਾ ਵੀ ਨਾ ਆਇਆ।

ਕਿਸੇ ਨੂੰ ਦੱਸ ਕੀ ਆਖਾਂ ਹੱਥੀਂ ਝੁੱਗਾ ਚੌੜ ਕਰਾਇਆ।

ਮਾਇਆ ਦੇ ਮੋਹ ਨੇ ਹੈ ਮੈਨੂੰ ਬਿਨਾਂ ਦੰਦਾਂ ਤੋਂ ਖਾਇਆ।

ਚੱਕਰ ਵਿੱਚ ਪੈ ਕੇ ਤਾਹੀਓ ਤਾਂ ਘਣ ਚੱਕਰ

ਅਖਵਾਇਆ।

ਸੁਰਿੰਦਰ ਸੁੰਨੜ ਨਾ ਕੇਵਲ ਵਿਚਾਰਾਂ ਨਾਲ ਭਰਪੂਰ ਇੱਕ ਦਾਰਸ਼ਨਿਕ ਕਵੀ ਹੀ ਹੈ ਬਲਕਿ ਉਹ ਇਹਨਾਂ ਦਾਰਸ਼ਨਿਕ ਵਿਚਾਰਾਂ ਨੂੰ ਬਾਰਾਂ ਮਾਹ, ਸਤਵਾਰਾ, ਗੀਤ, ਗਜ਼ਲ, ਖੁੱਲੀ ਕਵਿਤਾ ਅਤੇ ਛੰਦ ਬਹਿਰ ਵਿੱਚ ਆਪਣੇ ਬੋਲ ਕਹਿਣ ਵਾਲਾ ਕਵੀ ਹੈ। ਉਸ ਦੀ ਕਵਿਤਾ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦਾ ਸੁਭਾਅ ਬਿਆਨੀਆਂ ਲਹਿਜ਼ੇ ਵਾਲਾ ਹੈ। ਇਸ ਵਿੱਚ ਉਹ ਪੰਜਾਬੀ ਸਭਿਆਚਾਰ ਦੇ ਮੁਹਾਵਰੇ ਅਤੇ ਉਹਨਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਹੜੇ ਸਾਡੀ ਜ਼ੁਬਾਨ ਤੇ ਚੜੇ ਹੋਏ ਹਨ। ਉਹਨਾਂ ਵਿੱਚ ਸੰਚਾਰ ਦੀ ਸਮੱਸਿਆ ਨਜ਼ਰ ਨਹੀਂ ਆਉਂਦੀ ਪੁਰਾਤਨ ਤੋਂ ਪੁਰਾਤਨ ਸਹਿਤ ਰੂਪ ਬੋਲੀਆਂ, ਟੱਪੇ, ਸਿਹਰਾ, ਜੁਗਨੀ, ਜਿੰਦੂਆ, ਢੋਲਾ, ਮਾਹੀਆ ਆਦਿ ਨੂੰ ਵੀ ਉਹ ਅਪਣਾਉਂਦਾ ਹੈ। ਉਸਦੇ ਕਾਵਿ ਰੂਪ ਦੀ ਇੱਕ ਮਿਸਾਲ ਦੇਣੀ ਉਚਿਤ ਪਤੀਤ ਹੁੰਦੀ ਹੈ :

ਜਿੰਦ ਤੇਰੇ ਨਾਂ ਮਾਹੀਆ !
ਵੇ ਲੋਕਾਂ ਨਾਲ ਲੱਖ ਰਿਸ਼ਤੇ
ਤੇਰੀ ਵੱਖਰੀ ਹੀ ਥਾਂ ਮਾਹੀਆ !
ਸਾਡਾ ਭੁੱਲ ਗਿਆ ਨਾਂ ਮਾਹੀਆ !
ਵੇ ਹੋਠ ਸਾਡੇ ਕੰਬਦੇ ਰਹੇ
ਪੁਛ ਹੋਇਆ ਨਾ ਗੁਨਾਹ ਮਾਹੀਆ !
ਪਿਪਲੀ ਦੀ ਛਾਂ ਮਾਹੀਆ !
ਸਿਖਰ ਦੁਪਹਿਰ ਉਮਰੇ
ਦੇਈਂ ਮਾਸਾ ਜਿਹੀ ਥਾਂ ਮਾਈਆ !
ਨਾ ਤੱਕਿਆ ਪਿਛਾਂਹ ਮਾਹੀਆ !
ਥਲਾਂ ਵਿੱਚ ਰੁਲਦੇ ਰਹੇ
ਤੇਰਾ ਲੱਭਦੇ ਗਰਾਂ ਮਾਹੀਆ !
ਸਾਡਾ ਦੀਨ ਇਮਾਂ ਮਾਹੀਆ !
ਵੇ ਦਿਲ ਵਿੱਚ ਰੱਬ ਵੱਸਦਾ
ਕਿਵੇਂ ਕਰੀਏ ਬਿਆਂ ਮਾਹੀਆ !
ਤੇਰੇ ਸਦਕੇ ਜਾਂ ਮਾਹੀਆ !
ਵੇ ਰੱਜ ਰੱਜ ਦੇਖਣ ਦੇ
ਕਦੇ ਪਿਆ ਨਾ ਹਿਆਂ ਮਾਹੀਆ !
ਲਿਆ ਮਹਿਲ ਬਣਾ ਮਾਹੀਆ !
ਵੇ ਅਰਬਾਂ ਖਰਬਾਂ ਦੀ
ਤੇਰੀ ਨਿੱਕੀ ਜਿਹੀ ਹਾਂ ਮਾਹੀਆ !
ਚਿੱਤ ਕਰਦਾ ਲੜਾਂ ਮਾਹੀਆ !
ਵੇ ਰੋਮ ਰੋਮ ਤਰਸ ਗਏ
ਕਦੇ ਪਕੜੀ ਨਾ ਬਾਂਹ ਮਾਹੀਆ !
ਇਸ਼ਕ ਦਾ ਨਿਸ਼ਾਂ ਮਾਹੀਆ !
ਵੇ ਦੋਹੀਂ ਕੰਢੀਂ ਤੂੰ ਦਿਸਦਾ
ਭਾਵੇਂ ਸੁੱਕ ਜੇ ਝਨਾਂ ਮਾਹੀਆ !

ਜਦੋਂ ਮੈਂ ਇਹ ਕਿਹਾ ਹੈ ਕਿ ਸੁਰਿੰਦਰ ਸਿੰਘ ਸੁੰਨੜ ਇਕ ਦਾਰਸ਼ਨਿਕ ਪ੍ਰਵਿਰਤੀ ਵਾਲਾ ਸ਼ਾਇਰ ਹੈ ਤਾਂ ਇਸਦਾ ਭਾਵ ਇਹ ਨਹੀਂ ਕਿ ਉਸਦੇ ਮਾਨਸਿਕ-ਸੰਸਾਰ ਵਿੱਚ ਕਾਮਨਾ ਤੇ ਭਾਵਨਾ ਦੀ ਸ਼ਾਖ ਜਿਉਂਦੀ ਜਾਗਦੀ ਨਹੀਂ ਹੈ। ਮੈਂ ਉਸਦੀ ਸਮੁੱਚੀ ਕਾਵਿ ਰਚਨਾ ਵਿਚ 'ਢਾਈ ਅੱਖਰ ਪ੍ਰੇਮ ਕੇ' ਦਾ ਜਦ ਪਾਠ ਕਰਦਾ ਹਾਂ ਤਾਂ ਮੈਨੂੰ ਉਸ ਦੀ ਰੁਮਾਂਸਕਾਰੀ ਦਾ ਨਿੱਘਾ ਅਹਿਸਾਸ ਹੁੰਦਾ ਹੈ। ਇਸ ਪ੍ਰੇਮ ਦੇ ਨਿੱਘੇ ਅਹਿਸਾਸ ਵਿੱਚ ਪਿਆਰ, ਬਿਰਹਾ, ਵਸਲ ਆਦਿ ਦੇ ਸੰਪੂਰਨ ਚਿਤਰ ਦ੍ਰਿਸ਼ਟੀ ਗੋਚਰ ਹੁੰਦੇ ਹਨ, ਇਹ ਰੁਮਾਂਸਕਾਰੀ ਦੇ ਪ੍ਰਗਟਾਵੇ ਵਿੱਚ ਵੀ ਸੁਰਿੰਦਰ ਸਿੰਘ ਸੁੰਨੜ ਸਰਲ ਨਹੀਂ ਬਲਕਿ ਜਟਿਲਤਾ ਦੇ ਰੁਖ਼ ਵਹਿੰਦਾ ਹੋਇਆ ਜੀਵਨ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕਰਨ ਦੀ ਵਿਧੀ ਅਪਣਾਉਂਦਾ ਹੈ। ਮਸਲਨ ਜਦੋਂ ਉਹ ਮੁਟਿਆਰ ਕਾਵਿ ਕਿਰਤ ਵਿਚ ਆਪਣੇ ਆਲੇ ਦੁਆਲੇ ਦੀ ਰਹਿਤਲ ਨੂੰ ਦੇਖਦਾ ਹੈ ਤਾਂ ਉਸ ਵਿੱਚੋਂ ਪੰਜਾਬ ਦੀ ਉਹ ਮੁਟਿਆਰ ਉਸ ਨੂੰ ਨਜ਼ਰ ਨਹੀਂ ਆਉਂਦੀ, ਜੋ ਪੰਜਾਬ ਦੇ ਲੋਕ ਗੀਤਾਂ ਅਤੇ ਸਭਿਆਚਾਰ ਦਾ ਕੇਂਦਰ ਬਿੰਦੂ ਬਣੀ ਰਹੀ ਹੁੰਦੀ ਹੈ ਅੱਜ ਦੇ ਪੰਜਾਬੀ ਸਭਿਆਚਾਰ ਵਿੱਚੋਂ ਕੇਵਲ ਇੱਕ ਮੁਟਿਆਰ ਹੀ ਗ਼ਾਇਬ ਨਹੀਂ ਹੋਈ ਬਲਕਿ ਸਭਿਆਚਾਰ ਦੇ ਹੋਰ ਵੀ ਅਨੇਕਾਂ ਵੇਰਵੇ ਜੋ ਖੇਤੀਬਾੜੀ, ਵਗਦੇ ਖੂਹਾਂ, ਤੀਆਂ ਅਤੇ ਸਾਵਣ ਪੀਘਾਂ, ਵਿਆਹਵਾਂ-ਸ਼ਾਦੀਆਂ ਆਦਿ ਦਾ ਧੁਰਾ ਬਣਦੇ ਰਹੇ ਹਨ ਇਹ ਸਾਰੇ ਅੱਜ ਦੇ ਯੁਗ ਵਿਚ ਅੱਖੋਂ ਪਰੋਖੇ ਹੋ ਰਹੇ ਹਨ, ਪੰਜਾਬੀਅਤ ਨੂੰ ਲੱਗ ਰਹੇ ਖੋਰੇ ਦਾ ਸੁਰਿੰਦਰ ਸਿੰਘ ਸੁੰਨੜ-ਕਾਵਿ ਵਿੱਚ ਬਾਖ਼ੂਬੀ ਚਿਤਰ ਪੇਸ਼ ਹੋਇਆ ਹੈ। ਉਹ ਲਿਖਦਾ ਹੈ :

ਹਰ ਗਲੀ ਹਰ ਜਗ?ਹਾ ਮੇਰੇ ਯਾਰ ਭਾਲਿਓ।
ਇਕ ਲਭਦੀ ਨਹੀਂ ਮੁਟਿਆਰ ਭਾਲਿਓ।
ਜਿਹਦੀ ਸਾਦਗੀ ਤੇ ਸਾਰੇ ਲੋਕੀਂ ਭੁੱਲ ਭੁੱਲ ਜਾਂਦੇ।
ਜਿਹਨੂੰ ਦੇਖ ਹਟਵਾਣੀਏ ਵੀ ਸੌਦੇ ਭੁੱਲ ਜਾਂਦੇ।
ਜਿਸ ਮੇਲੇ ਜਾਵੇ ਮੇਲੇ ਦੇ ਨਸੀਬ ਖੁੱਲ੍ਹ ਜਾਂਦੇ।
ਜਿਹਦੇ ਲੌਂਗ ਦੀ ਲਿਸ਼ਕ ਨਾਲ ਸਾਰੇ ਹਿੱਲ ਜਾਂਦੇ।

ਜਿਹਨੂੰ ਦੇਖ ਜ਼ਿੰਦਗੀ ਦੇ ਸਾਰੇ ਸੁੱਖ ਮਿਲ ਜਾਂਦੇ।
ਜਿਹਦਾ ਰੂਪ ਤੱਕ ਤਾਜ ਤੇ ਤਖ਼ਤ ਹਿਲ ਜਾਂਦੇ ।

ਇਸ ਸਾਦਗੀ ਅਤੇ ਨਿਰਛੱਲਤਾ ਦਾ ਝੋਰਾ ਕਵੀ ਦੇ ਸੰਵੇਦਨਸ਼ੀਲ ਮਨ ਨੂੰ ਬੇਚੈਨ ਕਰਦਾ ਹੈ। ਜਦੋਂ ਅਜਿਹੀ ਮੁਟਿਆਰ ਨੂੰ ਉਹ ਪਰਵਾਸੀ ਜੀਵਨ ਦੀ ਫ਼ਿਤਰਤ ਵਿੱਚ ਦੇਖਦਾ ਹੈ ਤਾਂ ਸਭਿਆਚਾਰੀਕਰਨ ਦੇ ਰੂਪਾਂਤਰਨ ਨਾਲ ਆਏ ਪਰਿਵਾਰਨ ਪ੍ਰਤੀ ਵੀ ਉਹ ਹੈਰਾਨਗੀ ਪ੍ਰਗਟ ਕਰਦਾ ਹੈ। ਇਸ ਨੂੰ ਉਸਨੇ ਲੋਕਪ੍ਰਿਯ ਕਾਵਿ ਰੂਪ 'ਜੁਗਨੀ' ਵਿੱਚ ਅਭਿਵਿਅਕਤ ਕੀਤਾ ਹੈ। ਉਹ ਲਿਖਦਾ ਹੈ :

ਮੇਮਾਂ ਵਿੱਚ ਉੱਠਦੀ ਬਹਿੰਦੀ ਆ/ ਅਜੇ ਨਾ ਸਤਿਗੁਰ ਦਾ ਲੈਂਦੀ ਆ,
ਖ਼ੁਦ ਨੂੰ ਪੰਜਾਬਣ ਕਹਿੰਦੀ ਆ।
ਪਰ ਗੁੱਤ ਪਰਾਂਦੇ ਲਾ ਦਿੱਤੇ/ ਵਾਲਾਂ ਦੇ ਪਟੇ ਕਰਾ ਦਿੱਤੇ,
ਚੁੰਨੀ ਦੇ ਖਰਚ ਘਟਾ ਦਿੱਤੇ।
ਅੱਧਿਓਂ ਵੱਧ ਕੱਪੜੇ ਲਾਹ ਦਿੱਤੇ
ਹੁਣ ਬੋਲ ਮੱਖਣਾ ਵੇ ! ਤੇਰੀ ਜੁਗਨੀ
ਆ ਕੇ ਟੋਲ ਮੱਖਣਾ ਵੇ ! ਤੇਰੀ ਜੁਗਨੀ।

ਜਦ ਤੀਕ ਕੋਈ ਵਿਅਕਤੀ ਸਾਹ-ਸੱਤ ਵਾਲਾ ਪ੍ਰਾਣੀ ਬਣਿਆ ਰਹਿੰਦਾ ਹੈ ਤਦ ਤੀਕ ਉਹ ਸੁਪਨਿਆਂ ਤੇ ਰੁਮਾਂਸ ਦੀ ਦੁਨੀਆ ਵਿੱਚ ਉਡਾਰੀਆਂ ਮਾਰਦਾ ਰਹਿੰਦਾ ਹੈ। ਸੁਪਨਿਆਂ ਦੀ ਖਿੱਚ ਅਜਿਹੀ ਹੁੰਦੀ ਹੈ ਜੋ ਬਾਗ਼ ਦੇ ਸ਼ਗੂਫ਼ਿਆਂ ਵਾਂਗ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ, ਜਦੋਂ ਸੁਪਨੇ ਹਾਵੀ ਹੋ ਜਾਣ ਤਾਂ ਮਨੁੱਖ ਦੇ ਪੈਰਾਂ ਵਿੱਚ ਕੋਈ ਜੰਜ਼ੀਰਾਂ ਜਾਂ ਬੇੜੀਆਂ ਨਹੀਂ ਪਾ ਸਕਦਾ ਹੁੰਦਾ। ਸੁਪਨਿਆਂ ਤੇ ਅਹਿਸਾਸਾਂ ਦਾ ਆਪਸ ਵਿੱਚ ਪਾਣੀ ਅਤੇ ਰੰਗ ਵਾਂਗ ਗਹਿਰਾ ਨਾਤਾ ਹੁੰਦਾ ਹੈ। ਮੁਹੱਬਤ ਦੇ ਸੰਵੇਦਨੀ ਪਲ ਸੁਰਿੰਦਰ ਸਿੰਘ ਸੁੰਨੜ ਦੀਆਂ ਪ੍ਰਗੀਤਮਈ ਰਚਨਾਵਾਂ ਵਿਚ ਵੀ ਦੇਖੇ ਜਾ ਸਕਦੇ ਹਨ, ਇੱਕ ਪਾਸੇ ਜੀਵਨ ਦੇ ਬਾਹਰੀ ਰਸ-ਰੰਗ ਹਨ ਅਤੇ ਦੂਸਰੇ ਪਾਸੇ ਜ਼ਿਹਨ ਦੇ ਅੰਦਰੂਨੀ-ਸੰਸਾਰ। ਇਹ ਮਨੁੱਖ ਦੇ ਅੰਦਰੂਨੀ ਸੰਸਾਰ ਹੀ ਹਨ ਜੋ ਉਸਦੀ ਬਾਹਰੀ ਪਰਵਾਜ਼ ਵਿੱਚ ਸ਼ਕਤੀ ਭਰਦੇ ਹਨ। ਇਸ ਮੁਹੱਬਤੀ ਸੰਵੇਦਨਾ ਦੇ ਸੰਯੋਗ ਅਤੇ ਵਿਜੋਗ ਦੇ ਥੀਮ ਸੁੰਨੜ ਕਾਵਿ ਵਿਚ ਮਾਰਮਕਤਾ ਨਾਲ ਪੇਸ਼ ਹੋਏ ਹਨ, ਇਹਨਾਂ ਦੀ ਪ੍ਰਕਿਰਤੀ ਸਿਧਾਂਤਕ ਨਹੀਂ ਬਲਕਿ ਅਮਲੀ ਅਤੇ ਤਨ ਝਾਗੇ ਅਨੁਭਵ ਵਾਲੀ ਹੈ। ਜਦੋਂ ਅੰਦਰੂਨੀ ਸੰਸਾਰ ਦੇ ਸ਼ੁੱਧ-ਚਿੱਤਰ ਪੇਸ਼ ਹੋਣ ਤਾਂ ਉਹਨਾਂ ਵਿੱਚ ਕਵੀ/ ਵਕਤਾ ਦੀ ਹੋਣੀ ਅਤੇ ਆਤਮ ਵਿਕਾਸ ਤੇ ਪ੍ਰਮਾਣਕ ਰੂਪ ਵੇਖੇ ਜਾ ਸਕਦੇ ਹਨ। ਸੰਬੋਧਕ ਅਤੇ ਸੰਬੋਧਿਤ ਆਪਸੀ ਨੇੜਤਾ ਵਿਚ ਇਸ ਤਰ੍ਹਾਂ ਬੱਝੇ ਹੁੰਦੇ ਹਨ ਕਿ ਪਾਠਕ ਉਹਨਾਂ ਪਲਾਂ ਛਿਣਾਂ ਨੂੰ ਅਪ੍ਰੋਖ ਰੂਪ ਵਿੱਚ ਸੁਣਦਾ/ ਮਾਣਦਾ ਹੈ। ਆਤਮਾ ਦੇ ਸ਼ੁੱਧ-ਚਿੱਤਰਾਂ ਨੂੰ ਆਤਮਾ ਦੀ ਆਵਾਜ਼ ਵਿੱਚ ਵੇਖਿਆ ਜਾ ਸਕਦਾ ਹੈ :

ਸਾਨੂੰ ਮਿਲ ਗਏ ਤੁਸੀਂ ਤਾਂ ਸਬੱਬ ਦੇ ਨਾਲ।
ਸਾਨੂੰ ਰੱਬ ਨੇ ਮਿਲਾਇਆ ਸਾਡੇ ਰੱਬ ਦੇ ਨਾਲ
ਲੱਖ ਸ਼ੁਕਰ ਮਨਾਵਾਂ ਮੈਂ ਤੇ ਵਾਰੇ ਵਾਰੇ ਜਾਵਾਂ।
ਸਾਡਾ ਹੋਇਆ ਅਸਮਾਨ ਚਿੱਤ ਕਰੇ ਉੱਡ ਜਾਵਾਂ।
ਅੱਜ ਪਤਾ ਨਹੀਂ ਲੱਗਦਾ ਕਿ ਕੀ ਕਰ ਸੁੱਟਾਂ।
ਕਿਵੇਂ ਸਾਂਝੀ ਕਰਾਂ ਖੁਸ਼ੀ ਸਾਰੇ ਜੱਗ ਦੇ ਨਾਲ।

ਜੇ ਨਜ਼ਰ ਮਿਲਾਵੇਂਗਾ/ ਵੇ ਗਿਰਵੀ ਜਿੰਦ ਕਰਕੇ ਤੇਰਾ ਕਰਜ਼ ਚੁਕਾਵਾਂਗੇ।

ਤੈਨੂੰ ਇਸ਼ਟ ਬਣਾਵਾਂਗੇ/ ਰੱਬ ਨੂੰ ਤਾਂ ਸਭ ਪੂਜਦੇ ਤੇਰਾ ਨਾਮ ਧਿਆਵਾਂਗੇ

ਅਸੀਂ ਈਦ ਮਨਾਵਾਂਗੇ/ ਜੇ ਪਲ ਛਿਣ ਨਜ਼ਰ ਪਵੇ/ ਲੱਖ ਸ਼ੁਕਰ ਮਨਾਵਾਂਗੇ।

ਅਸੀਂ ਦੀਪ ਜਲਾਵਾਂਗੇ/ਸਾਡੀ ਗਲੀ ਲੰਘ ਮਾਹੀਆ/ਅਸੀਂ ਸ਼ਗਨ ਮਨਾਵਾਂਗੇ।

ਇਸ਼ਕੇ ਦਾ ਨਿਸ਼ਾਂ ਮਾਹੀਆ/ ਵੇ ਦੋਹੀਂ ਕੰਢੀਂ ਤੂੰ ਦਿਸਦਾ/ ਭਾਵੇਂ ਸੁਕ ਜੇ ਝਨਾਂ ਮਾਹੀਆ ।

ਲਿਆ ਮਹਿਲ ਬਣਾ ਮਾਹੀਆ/ਵੇ ਅਰਬਾਂ ਖਰਬਾਂ ਦੀ ਤੇਰੀ ਨਿੱਕੀ ਜਿਹੀ ਹਾਂ ਮਾਹੀਆ।

ਇਹ ਮੁਹੱਬਤੀ ਛਿਣ ਬੇਸ਼ਕ ਵਿਯੋਗ ਦੇ ਹੋਣ ਜਾਂ ਵਸਲ ਦੇ ਅਹਿਸਾਸ ਅਤੇ ਪ੍ਰਗਟਾ ਨੂੰ ਅਜਿਹੇ ਸ਼ਬਦਾਂ ਦਾ ਜਾਮਾ ਪਹਿਨਾਉਂਦੇ ਹਨ ਜਿਥੇ ਸੰਸਾਰ ਦੀਆਂ ਸਾਰੀਆਂ ਦੂਰੀਆਂ ਪਾਸੇ ਹੋ ਜਾਂਦੀਆਂ ਹਨ ਅਤੇ ਕਵਿਤਾ ਆਪਣੇ ਸਿਖਰਲੇ ਪੜਾਅ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੀ ਹੈ। ਕੋਈ ਵੀ ਮਨੁੱਖ ਓਨੀ ਦੇਰ ਤੱਕ ਕਵੀ ਨਹੀਂ ਬਣ ਸਕਦਾ, ਜਦ ਤੀਕ ਉਸਦੇ ਪਾਸ ਪਿਘਲਣ ਵਾਲਾ ਜਜ਼ਬਾਤੀ ਮਨ ਨਹੀਂ ਹੈ। ਸੁਰਿੰਦਰ ਸੁੰਨੜ ਦੇ ਇਹ ਜਜ਼ਬਾਤ ਉਦੋਂ ਪੂਰੇ ਵੇਗਮਈ ਰੂਪ ਵਿੱਚ ਉਛਲਦੇ ਹੋਏ ਵੇਖੇ ਜਾ ਸਕਦੇ ਹਨ, ਜਦੋਂ ਉਹ ਜਨਮ ਦੇਣ ਵਾਲੀ ਆਪਣੀ ਮਾਂ, ਆਪਣੀ ਮਾਤ-ਭੂਮੀ ਅਤੇ ਮਾਤ-ਭਾਸ਼ਾ ਨੂੰ ਇੱਕਰੂਪਤਾ ਵਿੱਚ ਤਸੱਵਰ

ਕਰਦਾ ਹੈ। ਇਹਨਾਂ ਤਿੰਨਾਂ ਰੂਪਾਂ ਪ੍ਰਤੀ ਮਨੁੱਖ ਦੇ ਪਾਕ- ਪਵਿੱਤਰ ਹਿਰਦੇ ਵਿੱਚ ਸ਼ਰਧਾ ਭਾਵ ਤਾਂ ਰਹਿੰਦਾ ਹੀ ਹੈ ਪਰ ਜਦੋਂ ਮਨੁੱਖ ਪਰਦੇਸੀ ਹੋ ਜਾਂਦਾ ਹੈ ਤਾਂ ਉਦੋਂ ਇਹ ਜਜ਼ਬਾ ਹੋਰ ਤੀਬਰ ਹੋ ਜਾਂਦਾ ਹੈ ਜਿਵੇਂ ਮੈਂ ਇੱਕ ਜਗ੍ਹਾ ਤੇ ਕਿਹਾ ਸੀ 'ਤੂੰ ਦੂਰ ਜਾ ਕੇ ਹਾਣੀਆਂ! ਨਜ਼ਦੀਕ ਹੋ ਗਿਆ, ਫ਼ਲਸਫ਼ਾ ਇਹ ਪਿਆਰ ਦਾ ਤਸਦੀਕ ਹੋ ਗਿਆ।' ਵਿਅਕਤੀਆਂ ਦੇ ਵੀ ਕਈ ਪਸਾਰ ਹੁੰਦੇ ਹਨ, ਇੱਕ ਜੋ ਦਿਲ ਹੀ ਦਿਲ ਵਿੱਚ ਮੋਹ ਮੁਹੱਬਤ, ਪਿਆਰ ਅਤੇ ਸ਼ਰਧਾ ਰੱਖਦੇ ਹਨ; ਦੂਸਰਾ ਸੁਰਿੰਦਰ ਸਿੰਘ ਸੁੰਨੜ ਵਰਗੇ ਵੀ ਅਜਿਹੇ ਵਿਅਕਤੀ ਹਨ ਜੋ ਉਸ ਨੂੰ ਅਮਲੀ ਰੂਪ ਵਿੱਚ, ਠੋਸ ਰੂਪ ਵਿੱਚ ਕੁਝ ਕਰਮ ਕਰਨ ਦਾ ਆਦਰਸ਼ ਮਿਥ ਲੈਂਦੇ ਹਨ ਅਤੇ ਪੂਰੇ ਤਨ ਮਨ ਧਨ ਨਾਲ ਅਰਪਿਤ ਹੋ ਜਾਂਦੇ ਹਨ। ਸੁੰਨੜ ਦੀ ਸ਼ਖ਼ਸੀਅਤ ਦਾ ਇਹ ਅਹਿਮ ਲੱਛਣ ਹੈ, ਇਹ ਪਿਆਰ ਭਾਵ ਹੈ, ਜੋ ਉਸ ਦੀਆਂ ਕੁਝ ਰਚਨਾਵਾਂ ਵਿਚ ਵੀ ਪੇਸ਼ ਹੋਇਆ ਹੈ:

ਮਾਂ ਜਿਹੜਾ ਵੀ ਰੂਪ ਬਣਾਵੇ
ਮਾਂ ਦੀ ਮਹਿਕ ਪਛਾਣੀ ਜਾਵੇ
ਮਾਂ ਤਾਂ ਬਸ ਇੱਕ ਮਾਂ ਹੁੰਦੀ ਹੈ, ਮਾਂ ਤਾਂ ਰੱਬ ਦੇ ਥਾਂ ਹੁੰਦੀ ਹੈ।
ਨਾ-ਨਾ ਨਾ ਤੂੰ ਏਦਾਂ ਨਾ ਕਰ ਮੇਰੀ ਹੋਂਦ ਫ਼ਨਾਹ ਹੁੰਦੀ ਹੈ।
ਧਰਤੀ ਹੀ ਬਣਨਾ ਹੈ ਧੀ ਨੇ, ਧਰਤ ਬਿਨਾ ਨਹੀ ਉੱਗਣਾ ਬੀਅ ਨੇ।
ਧਰਤੀ ਤੇ ਤੁਰਨਾ ਹਰ ਜੀਅ ਨੇ, ਧਰਤੀ ਤੇ ਉੱਗਿਆ ਰੁੱਖਾਂ ਦੀ, ਜਗ ਵਿਚ ਠੰਡੜੀ ਛਾਂ ਹੁੰਦੀ ਹੈ....
ਹਾਂ! ਮੇਰੀ ਇੱਕ ਮਾਂ ਹੁੰਦੀ ਸੀ, ਧਰਤੀ ਵਰਗੀ, ਭਾਸ਼ਾ ਵਰਗੀ, ਜਿਹੜੀ ਮਰਜ਼ੀ ਗੱਲ ਛੇੜੀਏ, ਹਰ ਗੱਲ ਵਿੱਚ ਬਿਆਂ ਹੁੰਦੀ ਸੀ।
ਮਾਂ ਮੋਈ ਪਰਿਵਾਰ ਵਿਛੜ ਗਿਆ ਭੈਣਾਂ-ਭਾਈ ਬਣੇ ਵਲਾਇਤੀ,
ਤੂਤ, ਟਾਹਲੀਆਂ ਨਾ ਹੀ ਦਿਸਦੀ ਬੋਹੜਾਂ ਦੀ ਜੋ ਛਾਂ ਹੁੰਦੀ ਸੀ।
ਮਾਂ ਦੀ ਮਹਿਕ ਮੇਰੇ ਚੋਂ ਆਵੇ ਵਿਛੜਨ ਦਾ ਅਫ਼ਸੋਸ ਨਹੀਂ ਕੋਈ।
ਮੇਰੀ ਦੂਜੀ ਮਾਂ ਧਰਤੀ ਮਾਂ ਜਿਸ ਧਰਤੀ ਤੋਂ ਪੈਦਾ ਹੋਇਆ,
ਮਾਂ ਬੋਲੀ ਤੀਜੀ ਮਾਂ ਮੇਰੀ ਮੈਂ ਪੰਜਾਬੀ ਦਾ ਲੇਖਕ ਹਾਂ,
ਦੂਰ ਦੇਸ਼ ਵਿੱਚ ਰਹਿੰਦਿਆਂ ਤਿੰਨਾਂ ਮਾਵਾਂ ਦਾ ਅਹਿਸਾਸ ਹੈ,
ਕੁਝ ਕੋਲ ਨਹੀਂ ਮੇਰੇ ਪਰ ਲੱਗਦਾ ਸਭ ਕੁਝ ਪਾਸ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸੁਰਿੰਦਰ ਸਿੰਘ ਸੁੰਨੜ ਇਕ ਦਾਰਸ਼ਨਿਕ ਅਤੇ ਪ੍ਰਗੀਤਕ ਸੁਭਾਅ ਦੇ ਸੁਮੇਲ ਵਾਲਾ ਅਨੋਖਾ ਤੇ ਵਿਲੱਖਣ ਕਵੀ ਹੈ ਜੋ ਸੰਸਾਰ ਦੀਆਂ ਸਾਰੀਆਂ ਪ੍ਰਵਿਰਤੀਆਂ ਉਪਰ ਨਜ਼ਰ ਟਿਕਾਉਣ ਦੇ ਨਾਲ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਨੂੰ ਆਪਣੀ ਕਲਮ ਨਾਲ ਜ਼ੁਬਾਨ ਦਿੰਦਾ ਹੈ। ਉਹ ਇਸ ਗੱਲ ਦਾ ਇਜ਼ਹਾਰ ਵੀ ਵੱਡੇ ਦਾਅਵੇ ਨਾਲ ਕਰਦਾ ਹੈ ਕਿ ਪੰਜਾਬੀ ਜ਼ੁਬਾਨ ਦੁਨੀਆ ਦੀ ਪੁਰਾਤਨ ਜ਼ੁਬਾਨ ਹੈ ਅਤੇ ਇਸਦਾ ਭਵਿੱਖ ਵੀ ਉਜਲਾ ਹੈ ਪ੍ਰਗੀਤਕਾਰੀ ਵਿੱਚ ਵੀ ਉਹ ਸ਼ਿਲਪੀ ਯੋਗਤਾ ਦਾ ਹੁਨਰਵਾਨ ਕਲਾਕਾਰ ਹੈ, ਜੋ ਦਿਲ ਦੀਆਂ ਗਹਿਰਾਈਆਂ ਵਿੱਚ ਉਤਰ ਕੇ ਮੁਹੱਬਤੀ ਵੇਦਨਾ-ਸੰਵੇਦਨਾ ਨੂੰ ਮਾਨਵੀ ਅਹਿਸਾਸਾਂ ਦੇ ਪੱਧਰ ਤੇ ਆ ਕੇ ਪੇਸ਼ ਕਰਦਾ ਹੈ। ਮੇਰੀ ਇਹ ਅਰਦਾਸ ਹੈ ਕਿ ਉਸਦੀ ਕਲਮ ਪਹਾੜੀ ਚਸ਼ਮੇ ਦੇ ਵੇਗ ਵਾਂਗ ਚੱਲਦੀ ਰਹੇ ਅਤੇ ਆਪਣੀ ਮਹਿਕ ਚਾਰ ਚੁਫੇਰੇ ਖਿਲਾਰਦੀ ਰਹੇ।

## ਸੋਧਾਂ :

1. ਪਿਛਲੇ ਅੰਕ ਦੇ ਟਾਈਟਲ ਉਪਰ ਛਪੇ ਵੋਲੀਅਮ-5 ਨੂੰ ਵੋਲੀਅਮ-4 ਪੜ੍ਹਿਆ ਜਾਵੇ।
2. ਤਤਕਰੇ ਦੇ ਨੰਬਰ 12 'ਤੇ ਛਪੇ ਸੁਖਵਿੰਦਰ ਸੇਖੋਂ ਨੂੰ ਸੁਖਮਿੰਦਰ ਸੇਖੋਂ ਪੜ੍ਹਿਆ ਜਾਵੇ।
3. ਤਤਕਰੇ ਦੇ 19 ਨੰਬਰ ਉੱਪਰ ਛਪੇ ਲੇਖਕ ਦੇ ਨਾਮ ਡਾ. ਪਰਮਜੀਤ ਕੌਰ ਨੂੰ ਡਾ. ਪਰਮਜੀਤ ਸਿੰਘ ਪੜ੍ਹਿਆ ਜਾਵੇ।

# ਪੰਜਾਬ ਦਾ ਅਣਛਪਿਆ ਇਤਿਹਾਸ

**(Unpublished Manuscripts Relating to the History of Punjab)**



**ਚੇਤਨ ਸਿੰਘ,**
ਐਡੀਸ਼ਨਲ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਪੰਜਾਬ ਦੇ ਜਾਇਆਂ ਨੇ ਜਿੰਨਾ ਇਤਿਹਾਸ ਸਿਰਜਿਆ ਹੈ ,ਓਨਾ ਇਤਿਹਾਸ ਲਿਖਿਆ ਨਹੀਂ ਗਿਆ, ਜਿੰਨਾ ਲਿਖਿਆ ਗਿਆ ਹੈ,ਓਨਾ ਸੰਭਾਲਿਆ ਨਹੀਂ ਗਿਆ ਅਤੇ ਜਿੰਨਾ ਸੰਭਾਲਿਆ ਗਿਆ ਹੈ, ਉਸ ਦਾ ਵੀ ਸਹੀ ਮੁਲਾਂਕਣ ਨਹੀਂ ਹੋਇਆ। ਜੋ ਕੁਝ ਪ੍ਰਾਪਤ ਹੋਇਆ ਸੀ, ਸਾਡੀ ਕੌਮੀ ਅਣਗਹਿਲੀ ਤੇ ਗਫ਼ਲਤ ਕਾਰਨ ਉਹ ਵੀ ਅਲੋਪ ਹੁੰਦਾ ਜਾ ਰਿਹਾ ਹੈ। 19ਵੀਂ ਸਦੀ ਦੇ ਆਖਰੀ ਦਹਾਕਿਆਂ ਤੱਕ ਸਾਰੀ ਲਿਖਤ ਸਮੱਗਰੀ ਹੱਥਲਿਖਤ ਰੂਪ ਵਿੱਚ ਰਹੀ ਹੈ। ਪ੍ਰਿੰਟਿੰਗ ਪ੍ਰੈਸਾਂ ਸ਼ੁਰੂ ਹੋਣ ਤੋਂ ਪਹਿਲਾਂ ਅਜਿਹੀਆਂ ਹੱਥਲਿਖਤਾਂ ਦੇ ਅੱਗੇ ਉਤਾਰੇ ਤੋਂ ਉਤਾਰਾ ਕੀਤਾ ਜਾਂਦਾ ਰਿਹਾ ਹੈ। ਅਜਿਹੇ ਸਮੇਂ ਉਤਾਰਾ ਕਰਦਿਆਂ ਅਚੇਤ ਅਤੇ ਸੁਚੇਤ ਤੌਰ ਉਤੇ ਇਹਨਾਂ ਲਿਖਤਾਂ ਦੇ ਵਿੱਚ ਗਲਤੀਆਂ ਵੀ ਸ਼ਾਮਿਲ ਹੁੰਦੀਆਂ ਰਹੀਆਂ ਹਨ। ਪੰਜਾਬ ਦੇਸ਼ ਦੀ ਖੜਗ ਭੁਜਾ ਰਹਿਣ ਕਾਰਨ ਪੰਜਾਬ ਵਾਸੀਆਂ ਨੂੰ ਅਮਨ ਚੈਨ ਦੀ ਥਾਂ ਬਾਹਰੀ ਹਮਲਿਆਂ ਅਤੇ ਸਮੇਂ ਸਮੇਂ ਸੰਘਰਸ਼ਾਂ ਤੇ ਅੰਦੋਲਨਾਂ ਦਾ ਸਾਹਮਣਾ ਕਰਨਾ ਪੈਣ ਕਰਕੇ ਇਤਿਹਾਸ ਨੂੰ ਖ਼ੁਦ ਕਲਮਬੰਦ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਸਕਿਆ। ਦੇਸ਼ ਦੀ 1947 ਦੀ ਵੰਡ ਸਮੇਂ ਜਿੱਥੇ ਲੱਖਾਂ ਜਾਨਾਂ ਦਾ ਅਜਾਈਂ ਘਾਣ ਹੋਇਆ, ਉੱਥੇ ਬੇਸ਼ੁਮਾਰ ਪੁਸਤਕਾਂ ਤੇ ਹੱਥਲਿਖਤਾਂ ਦਾ ਵੀ ਨੁਕਸਾਨ ਹੋਇਆ। ਮੈਂ ਇੱਕ ਬਜ਼ੁਰਗ ਤੋਂ ਬਚਪਨ ਵਿੱਚ ਸੁਣਿਆ ਸੀ ਕਿ 1947 ਦੀ ਇਸ ਜ਼ਾਲਮ ਹਨੇਰੀ ਸਮੇਂ ਇਕ ਭਾਈਚਾਰੇ ਵਲੋਂ ਦੂਜੇ ਭਾਈਚਾਰੇ ਦੀਆਂ ਪੁਸਤਕਾਂ ਖੂਹ ਵਿੱਚ ਸੁੱਟੀਆਂ ਜਾ ਰਹੀਆਂ ਸਨ ਕਿ ਖੂਹ ਉਪਰ ਤੱਕ ਭਰ ਗਿਆ ਸੀ।

ਪੰਜਾਬ ਦਾ ਬਹੁਤਾ ਇਤਿਹਾਸ ਅੰਗਰੇਜ਼ੀ, ਉਰਦੂ, ਫ਼ਾਰਸੀ ਤੇ ਅਰਬੀ ਵਿੱਚ ਲਿਖਿਆ ਮਿਲਦਾ ਹੈ। ਇਨ੍ਹਾਂ ਲਿਖਤਾਂ ਵਿਚ ਪੰਜਾਬ ਦੇ ਇਤਿਹਾਸ ਬਾਰੇ ਅਸੀਂ ਖ਼ੁਦ ਪੜ੍ਹਨ ਤੇ ਪੜਚੋਲ ਕਰਨ ਲਈ, ਗ਼ਲਤ ਭਾਸ਼ਾ ਨੀਤੀਆਂ ਕਾਰਨ ਦੂਰ ਚਲੇ ਗਏ ਹਾਂ। ਰੈਫਰੈਂਸ ਲਾਇਬ੍ਰੇਰੀ, ਭਾਸ਼ਾ ਵਿਭਾਗ ਪਟਿਆਲਾ ਵਿੱਚ ਗਿਆਨੀ ਗਿਆਨ ਸਿੰਘ ਦੀ ਲਿਖੀ 'ਤਵਾਰੀਖ ਗੁਰੂ ਖਾਲਸਾ' ਖਾਲਸਾ ਉਰਦੂ ਵਿੱਚ ਲਿਖੀ ਪਈ ਮਿਲਦੀ ਹੈ। ਬਾਅਦ ਵਿੱਚ ਫਰਮਾਇਸ਼ ਉੱਤੇ ਉਸ ਨੇ ਕਈ ਸਾਲ ਬਾਅਦ ਇਹ 'ਤਵਾਰੀਖ਼ ਗੁਰੂ ਖਾਲਸਾ' ਗੁਰਮੁਖੀ ਅੱਖਰਾਂ ਵਿੱਚ ਲਿਖੀ ਸੀ, ਜੋ ਹੁਣ ਆਮ ਉਪਲਬਧ ਹੈ। ਪਰ ਪਹਿਲੀ ਨਾਲੋਂ ਇਹ ਬਾਅਦ ਵਾਲੀ ਵਿਚ ਕੁਝ ਵਿਸਥਾਰ ਵਧੇਰੇ ਹੈ। ਹਵਾਲਾ ਦੇਣ ਤੋਂ ਮੇਰਾ ਭਾਵ ਇਹ ਦੱਸਣਾ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਸਿੱਖ ਲਿਖਾਰੀ ਉਰਦੂ ਵਿੱਚ ਆਮ ਹੀ ਰਚਨਾਵਾਂ ਕਰਦੇ ਸਨ।

ਵਰਤਮਾਨ ਦੌਰ ਵਿੱਚ ਸਾਡੀ ਇਹ ਖੁਸ਼ਕਿਸਮਤੀ ਹੈ ਕਿ ਡਾ.ਗੰਡਾ ਸਿੰਘ ਵਰਗਿਆਂ ਨੇ A Bibliography of the Panjab ਪੁਸਤਕ ਵਿੱਚ ਗੁਰਮੁਖੀ ਵਿੱਚ ਲਿਖੇ ਇਤਿਹਾਸ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਲਿਖੇ ਗਏ ਪੰਜਾਬ ਦੇ ਇਤਿਹਾਸ ਦੇ ਵੇਰਵੇ ਵਿਸਥਾਰਮਈ ਢੰਗ ਨਾਲ ਦਿੱਤੇ ਹਨ । ਉਸ ਸਮੇਂ ਦੇ ਹਾਲਾਤ ਤੇ ਪ੍ਰਸਥਿਤੀਆਂ ਹੁਣ ਬਦਲ ਚੁੱਕੀਆਂ ਹਨ। ਹਾਂ ਕੁਝ ਸਾਰਥਕ ਜਥੇਬੰਦਕ ਯਤਨ ਇਸ ਕੰਮ ਨੂੰ ਅੱਗੇ ਤੋਰ ਸਕਦੇ ਹਨ । ਪੰਜਾਬ ਦੇ ਇਤਿਹਾਸ ਨੂੰ ਸੰਭਾਲਣ ਲਈ ਜਿਹੜੇ ਯਤਨ ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ, ਸ਼ਮਸ਼ੇਰ ਸਿੰਘ ਅਸ਼ੋਕ, ਡਾ.ਕਿਰਪਾਲ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਤੇ ਡਾ. ਗੁਰਮੁਖ ਸਿੰਘ (ਭਾਸ਼ਾ ਵਿਭਾਗ) ਆਦਿ ਦੁਆਰਾ ਹੱਥਲਿਖਤਾਂ ਦੇ ਸੰਦਰਭ ਵਿੱਚ ਕੀਤੇ ਗਏ ਹਨ, ਉਹ ਕਾਰਜ ਸਟੀਕ ਅਤੇ ਪ੍ਰਮਾਣਿਕ ਕਾਰਜ ਹਨ। ਅੱਜ ਮੈਨੂੰ ਪੰਜਾਬ ਨਾਲ ਸੰਬੰਧਿਤ ਉਹਨਾਂ ਲਿਖਤਾਂ ਦੀ ਗੱਲ ਤੋਰਨ ਨੂੰ ਕਿਹਾ ਗਿਆ ਹੈ, ਜਿਹੜੀਆ ਅਜੇ ਤੱਕ ਹੱਥਲਿਖਤ (manuscript) ਹੋਣ ਕਾਰਨ ਛਪਾਈ ਦਾ ਜਾਮਾ ਨਹੀਂ ਪਹਿਨ ਸਕੀਆਂ। ਮੈਂ ਸਿੱਖ ਸਾਹਿਤ ਤੇ ਇਤਿਹਾਸ ਦਾ ਪਾਠਕ ਤਾਂ ਜ਼ਰੂਰ ਹਾਂ ਪਰ ਮੇਰੀ ਖੋਜ ਉਹਨਾਂ ਮਹਾਨ ਖੋਜੀਆਂ

ਵਰਗੀ ਨਹੀਂ ਹੈ, ਜਿਨਾਂ ਦੇ ਮੈਂ ਨਾਂ ਲਏ ਹਨ। ਮੈਂ ਉਹਨਾਂ ਦੀ ਖੋਜ ਤੋਂ ਪ੍ਰਭਾਵਿਤ ਹਾਂ ਤੇ ਉਨ੍ਹਾਂ ਦੇ ਹਵਾਲੇ ਨਾਲ ਗੱਲ ਕਰਾਂਗਾ।

ਹੱਥਲਿਖਤ ਜਾਂ manuscript ਤੋਂ ਭਾਵ ਹੱਥ ਨਾਲ ਲਿਖੀ ਉਸ ਲਿਖਤ ਤੋਂ ਹੈ ਜਿਹੜੀ ਲਿਖਤ ਛਪੀ ਨਾ ਹੋਣ ਕਰਕੇ ਪੰਜਾਬ ਜਾਂ ਪੰਜਾਬੀ ਦੇ ਪਾਠਕਾਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਮੈਂ ਤਾਂ ਉਸ ਪੁਸਤਕ ਨੂੰ ਵੀ ਹੱਥਲਿਖਤ ਹੀ ਸਮਝਦਾ ਹਾਂ ਜਿਹੜੀ ਪਾਠਕ ਦੀ ਪਹੁੰਚ ਤੋਂ ਪੂਰੀ ਤਰ੍ਹਾਂ ਬਾਹਰ ਹੋ ਚੁੱਕੀ ਹੈ। ਇਸ ਸਬੰਧੀ ਮੈਂ ਇੱਕ ਦੋ ਵਿਚਾਰ ਵੀ ਤੁਹਾਡੇ ਨਾਲ ਸਾਂਝੇ ਕਰਾਂਗਾ। ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਕੀਤੇ ਸਫਲ ਯਤਨਾਂ ਤੇ ਅਣਛਪੀਆਂ ਲਿਖਤਾਂ ਦੇ ਦਿੱਤੇ ਹਵਾਲਿਆਂ ਨੂੰ ਮੈਂ ਆਪ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੈਂ ਇਹ ਵੀ ਦੱਸਣਾ ਚਾਹੁੰਦਾ ਕਿ ਸ਼ਮਸ਼ੇਰ ਸਿੰਘ ਅਸ਼ੋਕ ਨੇ ਬਹੁਤ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਬੋਰਡ ਵਿੱਚ ਸਿੱਖ ਸਕਾਲਰ ਵਜੋਂ ਕੰਮ ਕੀਤਾ ਹੈ। ਉਸ ਤੋਂ ਪਹਿਲੋਂ ਉਹਨਾਂ ਨੇ ਭਾਸ਼ਾ ਵਿਭਾਗ ਵਿੱਚ ਕਈ ਸਾਲ ਰਹਿ ਕੇ ਹੱਥਲਿਖਤਾਂ ਉਪਰ ਪ੍ਰਮਾਨਿਕ ਕੰਮ ਕੀਤੇ ਹਨ। ਜਦੋਂ ਉਹ ਪਟਿਆਲੇ ਸਨ ਤਾਂ ਉਹਨਾਂ ਨੇ ਮੋਤੀ ਬਾਗ ਮਹੱਲ ਰਾਜ ਭਵਨ ਦੀ ਲਾਇਬਰੇਰੀ ਵਿੱਚ ਪਈਆਂ ਹੱਥਲਿਖਤਾਂ ਦਾ ਲੇਖਾ ਜੋਖਾ ਵੀ ਕੀਤਾ ਸੀ। ਇਸ ਬਾਰੇ ਪੰਜਾਬੀ ਦੁਨੀਆਂ ਮੈਗਜ਼ੀਨ ਵਿਚ ਛਪਿਆ ਉਨ੍ਹਾਂ ਦਾ ਖੋਜ ਪੱਤਰ ਵਿਸ਼ੇਸ਼ ਧਿਆਨ ਮੰਗਦਾ ਹੈ।

ਇਹਨਾਂ ਅਦਾਰਿਆਂ ਵਿੱਚ ਸਾਰੀ ਉਮਰ ਕੰਮ ਕਰਕੇ ਉਹਨਾਂ ਨੇ ਜੋ ਸਾਨੂੰ ਹੱਥਲਿਖਤਾਂ ਬਾਰੇ ਜਾਣਕਾਰੀ ਦਿੱਤੀ ਹੈ, ਉਹ ਸਾਡੇ ਕੋਲ ਪੁਸਤਕ ਰੂਪ ਵਿੱਚ ਮੌਜੂਦ ਹੈ। ਸਿੱਖ ਰੈਫਰੈਂਸ ਲਾਈਬ੍ਰੇਰੀ ਦੇ ਖਜ਼ਾਨੇ ਬਾਰੇ ਸਾਡਾ ਹੱਥਲਿਖਤ ਸਾਹਿਤ ਨਾ ਦੀ ਵੱਡੀ ਆਕਾਰੀ ਪੁਸਤਕ ਸਾਡਾ ਮਾਰਗ ਦਰਸ਼ਨ ਕਰਦੀ ਹੈ। ਜਿੰਨਾ ਚਿਰ ਉਹ ਭਾਸ਼ਾ ਵਿਭਾਗ ਵਿੱਚ ਰਹੇ, ਇੱਥੇ ਉਹਨਾਂ ਨੇ 1960-61 ਦੌਰਾਨ ਦੋ ਪੁਸਤਕਾਂ ਛਾਪੀਆਂ-ਪੰਜਾਬੀ ਹੱਥ ਲਿਖਤਾਂ ਦੀ ਸੂਚੀ ਜਿਲਦ ਪਹਿਲੀ ਤੇ ਜਿਲਦ ਦੂਜੀ। ਉਹਨਾਂ ਦੀ ਸੰਪਾਦਿਤ ਕੀਤੀ 'ਪ੍ਰਾਚੀਨ ਵਾਰਾਂ ਤੇ ਜੰਗਨਾਮੇ' ਉਹਨਾਂ ਦੀ ਇਤਿਹਾਸ ਪ੍ਰਤੀ ਦੂਰ ਦ੍ਰਿਸ਼ਟੀ ਦਾ ਪ੍ਰਮਾਣ ਹੈ, ਭਾਵੇਂ ਇਹ ਪਹਿਲਾਂ ਵਿਕੋਲਿਤਰੇ ਰੂਪ ਵਿੱਚ ਮਿਲਦੇ ਸਨ। ਉਨਾਂ ਨੇ ਪੰਜਾਬ ਦੀਆਂ ਜਿਹੜੀਆਂ ਵੱਖ-ਵੱਖ ਪਬਲਿਕ ਤੇ ਨਿੱਜੀ ਲਾਇਬ੍ਰੇਰੀਆਂ ਵਿੱਚ ਪਈਆਂ ਹੱਥਲਿਖਤਾਂ ਦੇ ਵੇਰਵੇ ਵਿਸਥਾਰ ਵਿਚ ਇਕੱਤਰ ਕੀਤੇ, ਉਹਨਾਂ ਦੇ ਨਾਂ ਇਸ ਤਰ੍ਹਾਂ ਹਨ;

ਮਹਿੰਦਰਾ ਕਾਲਜ ਪਟਿਆਲਾ - ਖ਼ਾਲਸਾ ਕਾਲਜ ਅੰਮ੍ਰਿਤਸਰ,

ਡਾ. ਗੰਡਾ ਸਿੰਘ ਦੇ ਨਿੱਜੀ ਲਾਇਬਰੇਰੀ--ਪ੍ਰੋ. ਪ੍ਰੀਤਮ ਸਿੰਘ ਜੀ ਦੀ ਨਿੱਜੀ ਲਾਇਬਰੇਰੀ,

ਸਿੱਖ ਰੈਫਰੈਂਸ ਸੀ? ਦਰਬਾਰ ਸਾਹਿਬ-ਬਾਬਾ ਹਰੀ ਸਿੰਘ ਵਕੀਲ ਅੰਮ੍ਰਿਤਸਰ ਦੀ ਨਿੱਜੀ ਲਾਇਬਰੇਰੀ,

ਡੇਰਾ ਸੰਗਰਾਂਵਾਲਾ ਅੰਮ੍ਰਿਤਸਰ-ਸੇਵਾ ਸਿੰਘ ਗਿਆਨੀ ਤਰਨਤਾਨ ਦੀ ਨਿੱਜੀ ਲਾਇਬਰੇਰੀ,

ਸਿੱਖ ਕੰਨਿਆ ਵਿਦਿਆਲਾ ਫਿਰੋਜ਼ਪੁਰ - ਮੋਤੀ ਬਾਗ ਰਾਜ ਭਵਨ ਲਾਇਬਰੇਰੀ

ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ- ਖ਼ੁਦਾ ਬਖਸ਼ ਲਾਇਬਰੇਰੀ ਪਟਨਾ,

ਗੋਬਿੰਦ ਸਿੰਘ ਲਾਂਬਾ ਪਟਿਆਲਾ ਦੀ ਨਿਜੀ ਲਾਇਬਰੇਰੀ-ਪੰਜਾਬ ਆਰਕਾਈਵਜ਼, ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਆਦਿ ਆਦਿ

ਲਗਭਗ 40-45 ਸਥਾਨ ਹਨ, ਜਿਨਾਂ ਦੀਆਂ ਹੱਥਲਿਖਤਾਂ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਨੇ ਜਾਣਕਾਰੀ ਦਿੱਤੀ ਹੈ। ਇਹ ਜਾਣਕਾਰੀ ਦੇਣ ਵੇਲੇ -ਲਿਖਤ ਦਾ ਨਾਮ , ਲਿਖੇ ਜਾਣ ਦਾ ਸੰਨ, ਉਤਾਰਾ ਕਰਨ ਵਾਲੇ ਲਿਖਾਰੀ ਦਾ ਨਾਂ, ਹੱਥ ਲਿਖਤ ਦਾ ਆਰੰਭ ਤੇ ਅੰਤ ਅਤੇ ਪੰਨੇ ਆਦਿ। ਅਖੀਰ ਵਿਚ ਉਹ ਇਹ ਵੀ ਟਿੱਪਣੀ ਦਿੰਦੇ ਹਨ ਕਿ ਇਹ ਪੁਸਤਕ ਅਜੇ ਤੱਕ ਛਪੀ ਨਹੀਂ। ਹੱਥਲਿਖਤਾਂ ਬਾਰੇ ਜਾਣਕਾਰੀ ਅਤੇ ਅਧਿਐਨ ਕਰਨ ਲਈ ਖੋਜ ਸਥਾਨਾਂ ਤੇ ਨਿੱਜੀ ਸੰਗ੍ਰਹਿ ਤੇ ਸੋ?ਤਾਂ ਤੋਂ ਇਲਾਵਾ ਹੇਠ ਲਿਖੀਆਂ ਕੁਝ ਪੁਸਤਕਾਂ ਵੀ ਸਾਡੀ ਸਹਾਇਤਾ ਲਈ ਮੌਜੂਦ ਹਨ ।

1. A Bibliography of the Panjab (Dr. Ganda Singh) pages 245;

2. ਪੰਜਾਬੀ ਹੱਥ ਲਿਖਤਾਂ ਦੀ ਸੂਚੀ ਭਾਗ ਪਹਿਲਾ ਸਮਸ਼ੇਰ ਸਿੰਘ ਅਸ਼ੋਕ (ਪੰਨੇ 753) ;

3. ਪੰਜਾਬੀ ਹੱਥ ਲਿਖਤਾਂ ਦੀ ਸੂਚੀ-ਭਾਗ ਦੂਜਾ

ਸਮਸ਼ੇਰ ਸਿੰਘ ਅਸ਼ੋਕ(ਪੰਨੇ 464) ;

4. ਭਾਸ਼ਾ ਵਿਭਾਗ ਲਾਇਬਰੇਰੀ ਦੇ ਹੱਥ ਲਿਖਤ ਗ੍ਰੰਥਾਂ ਦੀ ਵੇਰਵਨਾਤਮਕ ਸੂਚੀ (ਪੰਨੇ, 567) ;

5. A Catalogue of Punjabi & Urdu Manuscripts (1964) by Dr. Kirpal Singh Khalsa College Amritsar (pages 253);

6. ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬਰੇਰੀ 'ਚ ਪਈਆਂ ਹੱਥ ਲਿਖਤਾਂ ਦੀ ਇੰਟਰਨੈਟ ਉੱਤੇ ਪਾਈ ਵਿਸਥਾਰਮਈ ਜਾਣਕਾਰੀ

7. ਪੰਜਾਬ ਆਰਕਾਈਜ ਵਲੋਂ ਆਪਣੀਆਂ ਹੱਥ ਲਿਖਤਾਂ ਤੇ ਹੋਰ ਖਜ਼ਾਨੇ ਦੀ ਜਾਣਕਾਰੀ ਵਾਲੀ ਅਣ ਛਪੀ ਪੁਸਤਕ (ਲਗਭਗ 300 ਪੰਨੇ);

8. ਬ੍ਰਿਟਿਸ਼ ਮਿਊਜ਼ੀਅਮ ਲੰਡਨ (India Office Library) ਦੇ ਵਿੱਚ ਪਈਆਂ ਪੁਸਤਕਾਂ/ਪੰਜਾਬੀ ਹੱਥ ਲਿਖਤਾਂ ਬਾਰੇ ਛਪੀ;

9. ਪਬਲਿਕ ਲਾਇਬ੍ਰੇਰੀ ਲਾਹੌਰ ਦੀਆਂ ਗੁਰਮੁਖੀ ਪੁਸਤਕਾਂ ਦੀ ਸੂਚੀ; ਗੁਰਮੁਖੀ ਅਦਬ ਦਾ ਖ਼ਜ਼ਾਨਾ

10 ਪੰਜਾਬ ਯੂਨੀਵਰਸਿਟੀ ਲਾਇਬਰੇਰੀ ਚੰਡੀਗੜ੍ਹ

11 A Select Bibliography of Sikhs and Sikhism.—Dr. Ganda Singh

ਪਰ ਅੱਜ ਅਸੀਂ ਕੁਝ ਕੁ ਉਨ੍ਹਾਂ ਹੱਥਲਿਖਤਾਂ ਦਾ ਜ਼ਿਕਰ ਕਰਨ ਦਾ ਯਤਨ ਕਰਾਂਗੇ, ਜਿਨਾਂ ਦਾ ਸਬੰਧ ਪੰਜਾਬ ਦੇ ਇਤਿਹਾਸ ਨਾਲ ਹੈ। ਮੈਂ ਡਾ. ਗੰਡਾ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਦੇ ਹਵਾਲੇ ਨਾਲ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ।

ਡਾ. ਗੰਡਾ ਸਿੰਘ ਨੇ A Bibliography of the Panjab ਵਿੱਚ ਪੁਸਤਕਾਂ, ਪੱਤਿਰਕਾਵਾਂ ਅਤੇ ਹੱਥਲਿਖਤਾਂ ਬਾਰੇ ਜਾਣਕਾਰੀ ਇਕੱਤਰ ਕਰਨ ਸਮੇਂ ਦੇਸ਼ ਪ੍ਰਦੇਸ਼ ਦੀਆਂ ਲਾਇਬ੍ਰੇਰੀਆਂ ਵਿੱਚ ਜਾ ਕੇ ਖੋਜ ਕੀਤੀ ਹੈ। ਖਾਸ ਗੱਲ ਇਹ ਹੈ ਕਿ ਇਸ ਪੁਸਤਕ ਵਿਚ ਹੱਥਲਿਖਤਾਂ ਬਾਰੇ ਜਾਣਕਾਰੀ, ਪੁਸਤਕਾਂ ਨਾਲੋਂ ਕੁਝ ਵਧੇਰੇ ਵਿਸਥਾਰ ਵਿਚ ਦਰਜ ਹੈ। ਦੇਸ਼ ਵਿਦੇਸ਼ ਦੀਆਂ ਇਹਨਾਂ ਲਾਇਬ੍ਰੇਰੀਆਂ ਵਿੱਚ ਪੰਜਾਬ ਨਾਲ ਸੰਬੰਧਿਤ ਹੱਥਲਿਖਤਾਂ ਦੇ ਸਥਾਨ ਉਹਨਾਂ ਦੇ ਐਕਸੈਸ਼ਨ ਨੰਬਰ, ਵਿਸ਼ਾ ਵਸਤੂ ਤੇ ਵੇਰਵੇ ਉਚੇਚੇ ਤੌਰ ਤੇ ਦਿੱਤੇ ਹਨ। ਜੇ ਕਿਧਰੇ ਇੱਕ ਲਿਖਤ ਦੇ ਇੱਕ ਤੋਂ ਵੱਧ ਉਤਾਰੇ ਹਨ, ਤਾਂ ਉਨਾ ਦੇ ਸਥਾਨ ਵੀ ਦੱਸੇ ਹਨ। ਉਦਾਹਰਣ ਲਈ ਮੁਹੰਮਦ ਨੱਕਵੀ ਪਿਸ਼ਾਵਰੀ ਮੁੱਲਾ ਖਵਾਇਆ ਬਖਸ਼ ਦਾ ਲਿਖਿਆ 'ਹਾਲਾਤ-ਇ-ਪੰਜਾਬ' ਦਾ ਉਤਾਰਾ ਚਾਰ ਪੰਜ ਥਾਈਂ ਮੌਜੂਦ ਹੋਣ ਦੀ ਜਾਣਕਾਰੀ ਦਿੱਤੀ ਹੈ। ਡਾਕਟਰ ਗੰਡਾ ਸਿੰਘ ਅਨੁਸਾਰ 'ਵਾਕਿਆਤ-ਇ-ਜੰਗ ਸਿੱਖਾਂ' ਦੇ ਲੇਖਕ ਦੀਵਾਨ ਅਯੋਧਿਆ ਪ੍ਰਸਾਦ ਦੀ ਲਿਖਤ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ 170 ਨੰਬਰ ਰਾਹੀਂ ਸੁਰੱਖਿਆ ਪਈ ਹੋਈ ਹੈ। 'ਅਖਬਾਰ ਦਰਬਾਰ-ਇ-ਮਹਾਰਾਜਾ ਰਣਜੀਤ ਸਿੰਘ' ਜਿਸ ਨੂੰ ਅਖਬਾਰ ਡਿਊੜੀ ਵੀ ਕਿਹਾ ਜਾਂਦਾ ਹੈ, ਆਰਕਾਈਵਜ਼ ਪੰਜਾਬ ਵਿੱਚ 412, 419 ਤੇ 352 ਰਾਹੀਂ ਸੁਰੱਖਿਅਤ ਹੈ। ਡਾ. ਗੰਡਾ ਸਿੰਘ ਅਨੁਸਾਰ ਬ੍ਰਿਟਿਸ਼ ਮਿਊਜ਼ੀਅਮ ਲੰਡਨ ਵਿੱਚ 'ਇਹਵਾਲ-ਇ-ਸਿੱਖਾਂ ਤੇ ਬੰਦਾ ਸਿੰਘ ਬਹਾਦਰ'; ਬਖ਼ਤ ਮਲ ਦਾ, ਖ਼ਾਲਸਾਨਾਮਾ; ਮੌਜੂਦ ਹਨ। 'ਤਾਰੀਖੇ ਦਰਬਾਰ ਸਾਹਿਬ', 'ਬਿਆਨ ਸਰਦਾਰ ਵਜੀਰ ਸਿੰਘ ਦਰਦੀ' ਵਿੱਚ ਪੰਜਾਬ ਤੇ ਪਟਿਆਲਾ ਰਿਆਸਤ ਵਿੱਚ ਆਜ਼ਾਦੀ ਅੰਦੋਲਨ ਦਾ ਇਤਿਹਾਸ ਦਰਜ ਹੈ, ਜੋ ਪੰਜਾਬ ਆਰਕਾਈਵਜ਼ ਵਿੱਚ ਸੁਰੱਖਿਅਤ ਹਨ।

ਡਾ. ਗੰਡਾ ਸਿੰਘ ਨੇ ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ, ਗੁਜਰਾਤੀ, ਬੰਗਾਲੀ, ਉਰਦੂ ਤੇ ਫ਼ਾਰਸੀ ਦੀਆਂ ਹੱਥਲਿਖਤਾਂ ਦਾ ਅਧਿਐਨ ਕਰਕੇ ਪੰਜਾਬ ਨਾਲ ਸੰਬੰਧਿਤ ਸੋ?ਤਾਂ ਨੂੰ ਲੱਭਿਆ ਹੈ। ਇਹਨਾਂ ਦੇ ਵਿੱਚ ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ਕਿਰਤ ਰਾਮ ਸਿੰਘ । ਸ੍ਰੀ ਫਤਿਹ ਪ੍ਰਤਾਪ ਪਰਭਾਕਰ ਜੱਸਾ ਸਿੰਘ ਬਿਨੋਦ ਆਦਿ, ਕਪੂਰਥਲਾ ਰਿਆਸਤ ਦੇ ਰਾਜ ਘਰਾਣਿਆਂ ਬਾਰੇ ਇਤਿਹਾਸ ਸੰਭਾਲੀ ਬੈਠੀਆਂ ਹੱਥਲਿਖਤਾਂ ਦਾ ਜ਼ਿਕਰ ਹੈ। ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿੱਚ ਪਈਆਂ 600 ਹੱਥਲਿਖਤਾਂ ਵਿੱਚ ਵਧੇਰੇ ਕਰਕੇ ਧਾਰਮਿਕ ਸਾਹਿਤ, ਕਿੱਸਾ ਸਾਹਿਤ, ਪਿੰਗਲ ਤੇ ਸੰਗੀਤ ਨਾਲ ਸੰਬੰਧਿਤ ਹਨ। ਇਹਨਾਂ ਵਿੱਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਹੱਥਲਿਖਤਾਂ ਨਾਮ ਮਾਤਰ ਹਨ। 'ਰਾਣੀ ਰਾਜਿੰਦ ਮਤੀ ਚਰਿਤ' ਕਵੀ ਸਾਹਿਬ ਮ੍ਰਿਗਿੰਦ ਦੀ 1851

ਈ: ਦੀ ਲਿਖੀ ਭਾਸ਼ਾ ਵਿਭਾਗ ਦੀ ਲਾਈਬ੍ਰੇਰੀ ਦੀ ਹਥ ਲਿਖਤ ਨੰ. 41 ਰਾਹੀਂ ਮੌਜੂਦ ਹੈ। ਇਸ 420 ਪੰਨਿਆਂ ਵਿੱਚ ਮਹਾਰਾਣੀ ਜਿੰਦ ਕੌਰ, ਦਰਬਾਰ ਲਾਹੌਰ, ਮਿਖਾ ਅੰਗ੍ਰੇਜ਼ਾਂ ਦੀ 1845-46 ਦੀ ਲੜਾਈ ਤੇ ਹੋਰ ਸਬੰਧਤ ਇਤਿਹਾਸ ਹੈ। ਸਾਲ 2001 ਈ: ਤੱਕ ਅਣਛਪੀ ਦੱਸੀ ਗਈ ਹੈ।

ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਸਿੱਖ ਰਾਜ ਬਾਰੇ ਇੱਕ ਖਰੜੇ ਦੀ ਸੂਚਨਾ ਦਿੱਤੀ ਹੈ ਜਿਸਦਾ ਨਾਮ ਹੈ- "ਅਖਬਾਰ ਦਰਬਾਰ ਲਾਹੌਰ ਦਿੱਲੀ" ਆਦਿ। ਇਹ ਸੰਨ 1830-1831 ਦੀ ਹੈ। ਇਸ ਦੀਆਂ ਛੇ ਜਿਲਦਾਂ ਦੇ ਕੁੱਲ ਪੱਤਰੇ 1797 ਹਨ। ਇਹ ਦੋ ਪੰਨਿਆਂ ਨੂੰ ਇੱਕ ਪੱਤਰ ਗਿਣਿਆ ਜਾਂਦਾ ਸੀ। ਫ਼ਾਰਸੀ ਦੇ ਨਾਲ ਗੁਰਮੁਖੀ ਵਿੱਚ ਵੀ ਹੈ ਪਰ ਗੁਰਮੁਖੀ ਵਿੱਚ ਕਿਤੇ ਕਿਤੇ ਲਾਈਨਾਂ ਛੱਡੀਆਂ ਹੋਈਆਂ ਹਨ। ਇਸ ਵਿੱਚ ਵੱਖ ਵੱਖ ਸ਼ਹਿਰਾਂ ਦੀਆਂ ਖਬਰਾਂ ਹਨ। ਇਹ ਪਟਿਆਲਾ ਸਰਕਾਰ ਨੇ ਗੁਰਮਖੀ ਅਨੁਵਾਦ ਕਰਵਾਏ ਸਨ। ਇਹ ਖਰੜਾ ਸੈਂਟਰਲ ਪਬਲਿਕ ਲਾਇਬਰੇਰੀ ਵਿੱਚ 770 ਨੰਬਰ ਰਾਹੀਂ ਮੌਜੂਦ ਹੈ। "ਕੇਦਾਰ ਪੰਥ ਪ੍ਰਕਾਸ਼" ਜਿਸ ਵਿੱਚ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਦੀ ਬਦਰੀਨਾਥ ਯਾਤਰਾ ਦਾ ਇਤਿਹਾਸ ਹੈ। "ਰਾਜੀਨਾਮਾ ਸਿੱਧੂਆਂ", "ਬੰਸਾਵਲੀ ਸਿੱਧੂਆਂ" 477 ਪੰਨੇ ਦੀ ਪੁਸਤਕ ਹਾ।

ਖ਼ੁਦਾ ਬਖ਼ਸ਼ ਲਾਇਬ੍ਰੇਰੀ (ਪਟਨਾ) ਮੈਨੂੰ ਦੇਖਣ ਦਾ ਮੌਕਾ ਮਿਲਿਆ ਹੈ। ਉਸ ਵਿੱਚ 23000 ਹੱਥ ਲਿਖਤਾਂ ਹਨ। ਇਨ੍ਹਾਂ ਹੱਥ ਲਿਖਤਾਂ ਦਾ ਵੇਰਵਾ ਦੇਣ ਲਈ 40 ਕੁ ਦੇ ਕਰੀਬ ਸੂਚੀਆਂ ਛਾਪੀਆਂ ਹੋਈਆਂ ਹਨ। ਇਨਾਂ ਤੋਂ ਪਤਾ ਲੱਗਦਾ ਕਿ ਉਹਨਾਂ ਕੋਲ ਕੀ ਕੀ ਹੈ। ਗੁਰਮੁਖੀ ਅੱਖਰਾਂ ਵਿੱਚ ਉਹਨਾਂ ਕੋਲ ਕੇਵਲ ਸੁਖਮਨੀ ਸਾਹਿਬ ਦੀ ਇੱਕ ਹੱਥਲਿਖਤ ਹੈ। ਸਮਸ਼ੇਰ ਸਿੰਘ ਅਸ਼ੋਕ ਜੀ ਨੇ ਉਥੋਂ "ਮਿਲਟਰੀ ਅਕਾਊਂਟ ਆਫ ਮਹਾਰਾਜਾ ਰਣਜੀਤ ਸਿੰਘ ਦਾ ਪਤਾ ਕਰਕੇ ਪੰਜਾਬੀਆਂ ਨੂੰ ਦੱਸਿਆ।" ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ "ਫੂਲ ਵੰਸ ਪ੍ਰਕਾਸ਼" ਸੰਨ 1873 ਦਾ ਲਿਖਿਆ ਹੋਇਆ, ਇਸ ਦਾ ਲੇਖਕ ਕਵੀ ਸਾਹਿਬ ਸਿੰਘ ਮਰਗਿੰਦ ਹੈ। ਇਹਦੇ 246 ਪੱਤਰੇ ਭਾਵ 492 ਪੰਨੇ ਹਨ। ਇਸ ਵਿਚ ਰਾਜਾ ਰਘਬੀਰ ਸਿੰਘ ਦੀ ਹਾਲਾਤੇ ਜ਼ਿੰਦਗੀ ਬਾਰੇ ਇਤਿਹਾਸ ਲਿਖਿਆ ਹੋਇਆ। ਇਹ ਪੰਜਾਬ ਆਰਕਾਈਵਜ਼ ਦੇ ਹੱਥ ਲਿਖਤ ਨੰਬਰ 794 ਰਾਹੀਂ ਵੀ ਮੌਜੂਦ ਹੈ। "ਬਰਾੜ ਚਮਨ" ਭਾਈ ਹਜ਼ੂਰਾ ਸਿੰਘ ਨਾਭਾ ਦਾ ਲਿਖਿਆ ਹੋਇਆ। ਇਹਦੇ 890 ਪੱਤਰੇ ਹਨ, ਭਾਵ 1780 ਸਫੇ ਹਨ। ਇਹ 1881 ਤੋਂ 1894 ਈਸਵੀ ਦੌਰਾਨ ਲਿਖਿਆ ਗਿਆ । ਇਹ ਨਾਭੇ ਮਹਾਰਾਜਾ ਹੀਰਾ ਸਿੰਘ ਦੇ ਸਮੇਂ ਸੰਪੂਰਨ ਹੋਇਆ ਸੀ। ਕਵਿਤਾ ਵਿੱਚ ਮੋਤੀ ਬਾਗ ਰਾਜ ਭਵਨ ਦੇ ਲਾਇਬਰੇਰੀ ਵਿੱਚ 138 ਨੰਬਰ ਆਏ ਸੁਰੱਖਿਅਤ ਹੈ।

"ਕੁਰਸੀਨਾਮਾ" 46 ਪੰਨਿਆਂ ਦੀ ਲਿਖਤ 1867 ਦੀ ਲਿਖੀ ਹੋਈ ਹੈ। ਇਸਦਾ ਲੇਖਕ ਭਗਵਾਨ ਸਿੰਘ ਬਨੂੜੀ, ਬਨੂੜ ਨਿਵਾਸੀ ਹੈ। ਇਹਦੇ ਵਿੱਚ ਦਰਬਾਰ ਮਸਲਦ ਨਸੀਨੀ ਮਹਾਰਾਜੇ ਕੀ ਕੁਰਸੀਨਾਮਾ ਰਾਜਾਨ ਸਿੱਧੂਆਂ ਪਟਿਆਲਾ ਪਤੀ ਮੁਬਾਰਕ ਬਾਈ ਜਨਮ ਬਖੇਸ਼ ਜੀ ਸੀਹਰਫ਼ੀ ਹਰਨਾਮ ਸਿੰਘ ਇਹ ਲਿਖਤ ਵੀ ਮੋਤੀ ਬਾਗ ਰਾਜ ਭਵਨ ਲਾਇਬਰੇਰੀ ਵਿੱਚ ਪਈ ਹੈ ਕਿਦਾਰ ਪੰਥ ਪ੍ਰਕਾਸ਼ 288 ਪੰਨਿਆਂ ਦੀ ਇਹ ਕਾਵਿ ਲਿਖਤ ਬਾਬਾ ਰਾਮ ਸਿੰਘ ਦੀ 1853 ਈਸਵੀ ਦੀ ਲਿਖੀ ਹੋਈ ਹੈ। ਇਸ ਵਿੱਚ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਦੀ ਬਦਰੀਨਾਥ ਨਾਰਾਇਣ, ਉੱਤਰਾਖੰਡ ਦੀ ਯਾਤਰਾ ਦੇ ਹਾਲਾਤ ਲਿਖੇ ਹਨ। ਸਮਸ਼ੇਰ ਸਿੰਘ ਅਸ਼ੋਕ ਦੀ ਟਿੱਪਣੀ ਅਨੁਸਾਰ ਅਜੇ ਇਹ ਅਣ ਛਪੀ ਹੈ। ਮੈਂ ਆਪਣੀ ਸੰਪਾਦਿਤ ਪੁਸਤਕ-ਗੁਰ ਤੀਰਥ ਸਾਈਕਲ ਯਾਤਰਾ (ਧੰਨਾ ਸਿੰਘ ਚਹਿਲ ਪਟਿਆਲਵੀ) ਵਿਚ ਪੜ੍ਹਿਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲਾ ਅਨੰਦਗੜ੍ਹ ਵਿੱਚ ਮੌਜੂਦ ਇਤਿਹਾਸਿਕ ਬਉਲੀ ਵੀ ਮਹਾਰਾਜਾ ਨਰਿੰਦਰ ਸਿੰਘ ਨੇ ਬਣਾਈ ਸੀ ।

ਰਾਜਨਾਮਾ ਸਿੱਧੂਆਂ ਇਹ ਭਗਵਾਨ ਸਿੰਘ ਬਨੂੜੀ ਦੀ 294 ਪੰਨਿਆਂ ਦੀ ਲਿਖਤ ਹੈ ਜੋ ਪੰਜਾਬ ਆਰਕਾਈਜ ਵਿੱਚ 519 ਨੰਬਰ ਰਾਹੀਂ ਸੁਰੱਖਿਆ ਹੈ ਇਸ ਦੇ ਤਤਕਰੇ ਵਾਲੇ ਦੋ ਪੰਨਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਵਿੱਚ ਪਟਿਆਲੇ ਦੇ ਰਾਜ ਘਰਾਣੇ ਦਾ ਇਤਿਹਾਸ ਅਤੇ ਮੁਲਕ ਦੇ ਹੋਰ ਰਾਜਿਆਂ ਦਾ ਇਤਿਹਾਸ ਤੇ ਮਹਾਰਾਜਾ ਨਰਿੰਦਰ ਸਿੰਘ ਦੇ ਕਲਕੱਤਾ ਫੇਰੀ ਦੇ ਵੇਰਵੇ ਦਰਜ ਹਨ। ਇਹ 1857 ਈਸਵੀ ਦਾ ਲਿਖਿਆ ਦੱਸਿਆ ਜਾਂਦਾ ਹੈ ।

"ਸ੍ਰੀ ਨਰਿੰਦਰ ਸਿੰਘ ਬਰਖੋਤਸਵ ਬਿਲਾਸ" 72 ਪੰਨੇ ਦੀ

ਇਹ ਲਿਖਤ ਮੋਤੀ ਬਾਗ ਰਾਜ ਭਵਨ ਲਾਇਬਰੇਰੀ ਵਿੱਚ 149 ਨੰਬਰ ਰਾਹੀਂ ਮੌਜੂਦ ਹੈ। ਇਸਦਾ ਕਵੀ ਲੇਖਕ ਕਵੀ ਰਾਮ ਹੈ। ਨਰਿੰਦਰ ਬਿਲਾਸ 60 ਪੰਨਿਆਂ ਦੀ ਰਚਨਾ ਕਵੀ ਮੂਲ ਸਿੰਘ ਲਹਿਰੀ ਜਾਂ ਲਾਹੌਰੀ ਦਾ 1862 ਈਸਵੀ ਦਾ ਖਰੜਾ ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਵਿੱਚ 521 ਨੰਬਰ ਰਾਹੀਂ ਮੌਜੂਦ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਸਤੋਤਰ ਵੀ ਹੈ। ਮਹਿੰਦਰ ਪ੍ਰਕਾਸ਼ ਮਹਾਰਾਜਾ ਪਟਿਆਲਾ ਵਾਲੇ ਇਹ ਗ੍ਰੰਥ ਕਵੀ ਸੋਹਣ ਦਿੱਤੇ ਰਾਏ ਦੀ 1862 ਈਸਵੀ ਦੀ ਰਚਨਾ ਹੈ। ਮੰਗਲ ਮਹਾਨ ਸਾਗਰ 1962 ਪੰਨੇ ਵਾਲੇ ਇਹ ਰਚਨਾ ਕਵੀ ਹਰਨਾਮ ਸਿੰਘ ਦੀ ਹੈ । ਇਸ ਵਿੱਚ ਪਟਿਆਲੇ ਦਾ ਇਤਿਹਾਸ ਵਰਣਨ ਹੈ ਇਹ ਲਿਖਤ ਸੈਂਟਰਲ ਪਬਲਿਕ ਲਾਇਬਰੇਰੀ ਵਿੱਚ 371 ਨੰਬਰ ਰਾਹੀਂ ਮੌਜੂਦ ਹੈ। ਇਸ ਤੋਂ ਇਲਾਵਾ ਹੋਰ ਲਿਖਤਾਂ ਜੋ ਆਮ ਅਸੀਂ ਆਮ ਗਿਆਨ ਵਿੱਚ ਵਿਚਾਰ ਚਰਚਾ ਕਰਦੇ ਹਾਂ, ਅਣਛਪੀਆਂ ਪਈਆਂ ਹਨ ਉਹਨਾਂ ਦੇ ਨਾਮ ਹਨ :-

ਤਵਾਰੀਖੇ ਪੰਜਾਬ-ਬੂਟੇ ਸ਼ਾਹ ਗੁਲਾਮ ਮਹੁਈਉਦੀਨ

ਤਾਰੀਖੇ ਸਿੱਖਾਂ-ਖੁਸ਼ਵਕਤ ਰਾਏ 1811 ਈ:

ਖਾਲਸਾਨਾਮਾ-ਬਖ਼ਤ ਮਲ (1810-14)

ਜੱਸਾ ਸਿੰਘ ਵਿਨੋਦ-ਰਾਮ ਸੁਖ ਰਾਓ (1801-36)

ਉਮਦਾਦਤ ਤਵਾਰੀਖ ਦਫਤਰ ਪਹਿਲਾ (1850-) ਸੋਹਨ ਲਾਲ ਸੂਰੀ। ਇਸ ਦਾ ਕੁਝ ਹਿੱਸਾ ਛਪਿਆ ਵੀ ਹੈ।

ਮੇਰੀ ਯਾਦ ਦੇ ਕੁਝ ਦਿਨ (1947) ਸੋਹਣ ਸਿੰਘ ਡੋਰਾ- SHR ਖ਼ਾ.ਕਾ.ਅੰਮ੍ਰਿਤਸਰ ਨੰ. 1769

ਕਸ਼ਮੀਰ ਦੀ ਡਾਇਰੀ ਪ੍ਰੋ. ਸੇਵਾ ਸਿੰਘ ਦੀ 1947 ਦੇ ਦਿਨਾਂ ਦੀ ਲਿਖੀ ਹੋਈ ਹੈ ਪ੍ਰੋਫੈਸਰ ਸੇਵਾ ਸਿੰਘ ਕਸ਼ਮੀਰ ਵਿੱਚ ਮਟਨ ਦੇ ਇਲਾਕੇ ਵਿੱਚ ਰਹਿੰਦੇ ਸਨ। ਇਸ ਵਿੱਚ ਸਿੱਖ ਫ਼ੌਜਾਂ ਦੇ ਹਾਲ ਲਿਖੇ ਹਨ। ਉਥੋਂ ਉਹਨਾਂ ਦਿਨਾਂ ਦੀ ਇੱਕ ਇੱਕ ਦਿਨ ਦੀ ਡਾਇਰੀ ਹੈ ਜੋ ਕਿ ਦਿੱਲੀ ਮਹਾਤਮਾ ਗਾਂਧੀ ਦੇ ਸੰਸਕਾਰ ਵਾਲੇ ਦਿਨ ਤੱਕ ਦੀ ਹੈ। ਇਹ ਡਾਇਰੀ ਮੈਂ ਖ਼ੁਦ ਹੀ ਛਪਵਾ ਰਿਹਾ ਹਾਂ ਕਿਉਂਕਿ ਮੈਨੂੰ ਪ੍ਰਾਪਤ ਹੋਈ ਹੈ।

ਡਾਕਟਰ ਧਰਮ ਸਿੰਘ ਨੇ ਆਧੁਨਿਕ ਸਮਿਆਂ ਵਿੱਚ ਆਪਣੇ ਪੀਐਚ. ਡੀ. ਦੇ ਥੀਸਿਸ-ਕਵੀ ਸੋਧਾ-ਇੱਕ ਰਚਨਾਤਮਕ ਅਧਿਐਨ ਰਾਹੀਂ ਪੰਜਾਬ ਦੇ ਇਤਿਹਾਸ ਬਾਰੇ ਅਣਮੁੱਲੇ ਸਰੋਤਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਅਨੁਸਾਰ ਭਾਈ ਮਤੀ ਦਾਸ ਜੀ ਵੰਸ ਵਿੱਚੋਂ ਮਿਹਰ ਸਿੰਘ ਛਿੱਬਰ (ਗਨਜਰਾਤੀ) ਦਾ ਲਿਖਿਆ 'ਪੰਜਾਬ ਰੌਉਸ਼ਨ' ਵਿਸ਼ੇਸ਼ ਧਿਆਨ ਯੋਗ ਹੈ । ਡਾ. ਧਰਮ ਸਿੰਘ ਅਨੁਸਾਰ ਜਦੋਂ ਸਿੱਖ ਰਾਜਭਾਗ ਗੁਆਉਣ ਤੋਂ ਬਾਅਦ ਅਧੋਗਤੀ ਦੀ ਅਵਸਥਾ ਵਿੱਚ ਸਨ ਤਾਂ ਉਸ ਸਮੇਂ ਬਹੁਤ ਸਾਰੇ ਕਵੀਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਉਸਤਤ ਅਤੇ ਆਸ ਪਾਸ ਦੇ ਮਸ਼ਹੂਰ ਪਿੰਡਾਂ ਦੇ ਪਿਛੋਕੜ ਬਾਰੇ ਵਿਸ਼ੇਸ਼ ਤੌਰ ਤੇ ਰਚਨਾਵਾਂ ਕੀਤੀਆਂ ਸਨ । ਇਹ ਰਚਨਾਵਾਂ ਬਹੁਤ ਸਾਰੀਆਂ ਲਿਖਤਾਂ ਹੁਣ ਅਲੋਪ ਹੋ ਗਈਆਂ ਹਨ ਅਤੇ ਕੁਝ ਸਿੱਖ ਰੈਫਰੈਂਸ ਲਾਈਬਰੇਰੀ ਵਿੱਚ ਅਜੇ ਅਣਛਪੀਆਂ ਪਈਆਂ ਹਨ। ਪੰਜਾਬ ਦੇ ਇਤਿਹਾਸ ਬਾਰੇ ਬਹੁਤ ਸਾਰੇ ਖੋਜਾਰਥੀਆਂ ਨੇ ਆਪਣੇ ਪੀਐਚ.ਡੀ ਦੇ ਥੀਸਿਸ ਵੀ ਲਿਖੇ ਹਨ।

95 ਸਾਲ ਦੇ ਹੋ ਕੇ ਗੁਜ਼ਰ ਚੁੱਕੇ ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵੜ ਨੇ ਇੱਕ ਵਾਰ ਮੈਨੂੰ ਉਰਦੂ ਅਰਬੀ ਫਾਰਸੀ ਦੀਆਂ 100 ਪੁਸਤਕਾਂ ਦੀ ਸੂਚੀ ਦਿੰਦਿਆਂ ਕਿਹਾ ਸੀ- ਚੇਤਨ ਸਿੰਘ ਕਦੇ ਇਹਨਾਂ ਪੁਸਤਕਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਵਾਉਣ ਬਾਰੇ ਸੋਚਣਾ ਕਿਉਂਕਿ ਇਹਨਾਂ ਵਿੱਚ ਪੰਜਾਬ ਦਾ ਇਤਿਹਾਸ ਲਿਖਿਆ ਹੋਇਆ ਹੈ। ਡਾ. ਜਸਵਬੀਰ ਸਿੰਘ ਸਰਨਾ ਸ੍ਰੀਨਗਰ ਵਾਲਿਆਂ ਨੇ ਵੀ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਉਰਦੂ, ਫਾਰਸੀ ਦੀਆਂ ਪੁਸਤਕਾਂ ਦਾ ਇੱਕ ਪੈਪਲਟ ਛਾਪਿਆ ਹੈ।

ਭਾਈ ਭਾਈ ਧੰਨਾ ਸਿੰਘ ਚਹਿਲ (ਪਟਿਆਲਵੀ) ਦੁਆਰਾ 1930 ਤੋਂ 1935 ਵਿੱਚ ਯਾਤਰਾ ਕਰਕੇ ਸਾਰੇ, ਭਾਰਤ ਦੇ ਗੁਰਦੁਆਰਿਆਂ ਦੇ ਲਿਖੇ ਇਤਿਹਾਸ ਵਾਲੀਆਂ 3259 ਸਫੇ ਦੀਆਂ ਅੱਠ ਡਾਇਰੀਆਂ 80 ਸਾਲ ਗੁਪਤ ਰਹੀਆਂ ਤੇ ਮੈਨੂੰ 2016 ਵਿੱਚ ਛਪਵਾਉਣ ਦਾ ਮਾਣ ਮਿਲਿਆ।

ਇੱਥੇ ਮੈਂ ਨਿਜੀ ਤੌਰ ਤੇ ਤੁਹਾਡੇ ਨਾਲ ਇੱਕ ਗੱਲ ਸਾਂਝੀ ਕਰਨੀ ਚਾਹੁੰਦਾ ਕਿ ਜਦੋਂ ਮੈਨੂੰ ਥੋੜਾ ਸਮਾਂ ਡਾਇਰੈਕਟਰ ਰਹਿਣ ਦਾ ਮੌਕਾ ਮਿਲਿਆ ਤੇ ਮੈਂ ਸਾਰੇ ਸੈਕਸ਼ਨਾਂ ਵਿੱਚ ਪਏ ਲੇਖਕਾਂ ਤੋਂ ਅਸਾਈਨਮੈਂਟ ਰਾਹੀਂ ਲਿਖਵਾਏ 450 ਖਰੜਿਆਂ ਦੀ ਸੂਚੀ ਬਣਾਈ, ਜੋ 25-30 ਸਾਲ ਤੋਂ ਛਪਾਈ ਦਾ ਦਿਨ ਦੇਖਣ ਲਈ

ਤਰਸ ਰਹੇ ਸਨ ਸੀ। ਸਮੇਂ ਦੇ ਜੁਗਾੜੂ ਲੇਖਕ ਆਪਣੀਆਂ ਰਚਨਾਵਾਂ ਛਪਾਉਣ ਲਈ ਭਾਸ਼ਾ ਵਿਭਾਗ ਵਿੱਚ ਕਾਮਯਾਬ ਹੋ ਗਏ ਤੇ ਇਸ ਤਰ੍ਹਾਂ ਅਮੀਰ ਸਾਹਿਤ ਪਿੱਛੇ ਪੈਂਦਾ ਗਿਆ। ਇਹਨਾਂ 450 ਖਰੜਿਆਂ ਨੂੰ ਮੈਂ ਤਿੰਨ ਭਾਗਾਂ ਵਿੱਚ -ਬਹੁਤ ਮਹੱਤਵਪੂਰਨ, ਮਹੱਤਵਪੂਰਨ ਤੇ ਸਧਾਰਨ ਤਿੰਨ ਭਾਗਾਂ ਵਿੱਚ ਵੰਡ ਕੇ ਇਹਨਾਂ ਦੀ ਕੰਪੋਜ਼ਿੰਗ ਕਰਾਈ। ਇਹਨਾਂ ਵਿੱਚ ਇੱਕ ਖਰੜਾ "Events at the Court of Maharaja Ranjit Singh ਦਾ ਪੰਜਾਬੀ ਅਨੁਵਾਦ ਸੀ। ਇਹ ਅੰਗਰੇਜ਼ੀ ਦੀ ਕਿਤਾਬ ਅਸੀਂ ਛਾਪੀ ਹੈ। ਸਾਡੇ ਵਿਭਾਗ ਨੇ ਡਾ? ਬ੍ਰਹਮਜਗਦੀਸ਼ ਸਿੰਘ ਫਰੀਦਕੋਟ ਵਾਲਿਆਂ ਤੋਂ ਪੰਜਾਬੀ ਅਨੁਵਾਦ ਕਰਵਾਇਆ ਸੀ। ਇਹ ਬਹੁਤ ਉੱਤਮ ਅਨੁਵਾਦ ਹੈ ਤੇ ਕਈ ਦਹਾਕਿਆਂ ਤੋਂ ਭਾਸ਼ਾ ਵਿਭਾਗ ਦੀ ਸਾਹਿਤਕ ਪ੍ਰਕਿਰਿਆ ਵਿੱਚ ਦੱਬਿਆ ਘੁੱਟਿਆ ਪਿਆ ਸੀ। ਪਹਿਲ ਦੇ ਆਧਾਰ ਉਤੇ ਮੈਂ ਉਸਦੀ ਕੰਪਿਊਟਰ ਕੰਪੋਜ਼ਿੰਗ ਕਰਵਾਈ। ਪਰ 10 ਸਾਲ ਹੋ ਗਏ ਮੈਨੂੰ ਰਿਟਾਇਰ ਹੋਏ ਨੂੰ, ਉਸ ਦਾ ਅਜੇ ਤੱਕ ਵੀ ਛਪਣ ਦਾ ਕੋਈ ਨਾਂ ਥੇਹ ਨਹੀਂ ਹੈ।

ਹੱਥਲਿਖਤਾਂ ਹੀ ਸਾਡੀ ਪਹੁੰਚ ਤੋਂ ਬਾਹਰ ਨਹੀਂ ਹਨ, ਬਹੁਤ ਦੇਰ ਪਹਿਲਾਂ ਛਪੀਆਂ ਪੁਸਤਕਾਂ ਵੀ ਸਾਡੇ ਪਹੁੰਚ ਤੋਂ ਬਾਹਰ ਹੋ ਚੁੱਕੀਆਂ ਹਨ। ਮੈਂ ਇੱਕ ਉਦਾਹਰਨ ਦੇਣੀ ਚਾਹੁੰਦਾ ਕਿ ਇਕ ਭਾਈ ਜੋਧ ਸਿੰਘ ਗੁੱਜਰਖਾਨ ਰਾਵਲਪਿੰਡੀ ਹੋਏ ਨੇ। ਉਹਨਾਂ ਨੇ 1908 ਈ: ਵਿੱਚ "ਗੁਰੂ ਅਮਰ ਬਿਲਾਸ" ਬੈਂਤਾਂ ਵਿੱਚ ਲਿਖਿਆ ਸੀ ਜਿਹੜਾ ਕਿ ਮੈਨੂੰ ਪ੍ਰਾਪਤ ਸੀ। ਉਹਦੇ ਆਰੰਭ ਵਿੱਚ ਲਿਖਿਆ ਸੀ:

ਸੱਜਣਾ ਮਿੱਤਰਾਂ ਪਿਆਰਿਆਂ ਮੇਰਿਆਂ ਨੇ ਪਾਇਆ ਆਏ ਕੇ ਮੈਨੂੰ ਸਵਾਲ ਪਿਆਰੇ।

ਗੁਰੂ ਅਰਜਨ ਬਿਲਾਸ ਦੀ ਤਰਜ਼ ਉੱਤੇ ਲਿਖੋ ਗੁਰੂ ਅਮਰਦਾਸ ਦਾ ਹਾਲ ਪਿਆਰੇ।

ਤੇ ਮੈਨੂੰ ਸੰਕੇਤ ਮਿਲ ਗਿਆ ਕਿ ਉਸ ਨੇ ਇਸ ਤੋਂ ਪਹਿਲਾਂ ਗੁਰੂ ਅਰਜਨ ਦੇਵ ਬਿਲਾਸ ਵੀ 1901 ਵਿੱਚ ਲਿਖਿਆ ਸੀ। ਪ੍ਰੰਤੂ ਆਪਣੇ ਦੇਸ਼ ਦੀਆਂ ਸਾਰੀਆਂ ਲਾਈਬ੍ਰੇਰੀਆਂ ਵਿੱਚੋਂ ਜਿੱਥੋ ਕੁ ਮੇਰੀ ਪਹੁੰਚ ਸੀ, ਕਿਧਰੋਂ ਵੀ ਮੈਨੂੰ ਗੁਰੂ ਅਰਜਨ ਬਿਲਾਸ ਛਪਿਆ ਹੋਇਆ ਨਾ ਮਿਲਿਆ। ਉਸ ਬਾਰੇ ਦਸ ਵਾਰ ਛਪਣ ਤੇ ਹੱਥੋਂ ਹੱਥ ਵਿਕ ਜਾਣ ਬਾਰੇ ਜਾਣਕਾਰੀ ਵੀ ਮਿਲਦੀ ਸੀ। ਖ਼ੈਰ! ਜਦੋਂ ਮੈਨੂੰ ਆਪਣੇ ਦੇਸ਼ ਵਿੱਚ ਨਾ ਲੱਭਿਆ ਤਾਂ ਅਖੀਰ ਇਹ ਮੈਨੂੰ ਲਾਹੌਰ ਦੀ ਇੱਕ ਲਾਇਬਰੇਰੀ ਵਿੱਚੋਂ ਲੱਭ ਪਿਆ। ਮੈਂ ਇਸ ਨੂੰ ਆਪਣੀ ਪੁਸਤਕ ਪੁਰਾਤਨ ਸਿੱਖ ਸਾਹਿਤ ਸੰਗ੍ਰਹਿ ਜਿਸਦੇ ਵਿੱਚ 40 ਕਿਤਾਬਾਂ ਸਨ, ਉਹਦੇ ਵਿੱਚ ਸ਼ਾਮਿਲ ਕਰ ਲਿਆ। ਇਸੇ ਤਰ੍ਹਾਂ ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼ ਅੰਗਰੇਜ਼ ਸਰਕਾਰ ਵੱਲੋਂ 1910 ਵਿੱਚ ਜ਼ਬਤ ਕਰ ਦਿੱਤਾ ਗਿਆ ਸੀ। ਪੂਰੇ 100 ਸਾਲ ਇਹ ਅਲੋਪ ਹੀ ਰਿਹਾ। ਨਾਮਧਾਰੀ ਸੰਪਰਦਾ ਕਈ ਦਹਾਕਿਆਂ ਤੋਂ ਇਸ ਦੀ ਭਾਲ ਵਿਚ ਸੀ। ਉਨ੍ਹਾਂ ਵਲੋਂ ਜਦੋਂ ਮੇਰੇ ਨਾਲ ਸੰਪਰਕ ਕੀਤਾ ਗਿਆ ਤਾਂ ਮੈਂ ਆਪਣੇ ਸਧਾਰਨ ਖੋਜ ਵਿੱਚੋਂ ਦੱਸਿਆ ਇਹ ਇੰਨੇ ਨੰਬਰ ਤੇ ਬ੍ਰਿਟਿਸ਼ ਲਾਇਬਰੇਰੀ ਲੰਡਨ ਦੇ ਵਿੱਚ ਪਿਆ ਹੈ। ਉਹਨਾਂ ਨੇ ਉਥੋਂ ਲੈ ਕੇ ਬਾਅਦ ਵਿਚ ਛਾਪਿਆ। ਸਾਨੂੰ ਕੇਵਲ ਹੱਥਲਿਖਤਾਂ ਦਾ ਹੀ ਫਿਕਰ ਕਰਨ ਦੀ ਲੋੜ ਨਹੀਂ, ਸਗੋਂ ਸਾਨੂੰ ਅਜਿਹੀਆਂ ਅਲੋਪ ਹੋ ਰਹੀਆਂ ਪੁਸਤਕਾਂ ਦਾ ਵੀ ਫਿਕਰ ਕਰਨ ਦੀ ਲੋੜ ਹੈ। ਪਰ ਇਹ ਕੰਮ ਨਿੱਜੀ ਨਹੀਂ ਹੋ ਸਕਦਾ। ਮੈਂ ਬੜੀ ਦੁਹਾਈ ਪਾ ਰਿਹਾ ਪਰ ਸੁਣਦਾ ਕੋਈ ਨਹੀਂ। ਅੱਜ ਤੁਸੀਂ ਇਹ ਚਿੰਤਨ ਕਰਨ ਲਈ ਇਕੱਠੇ ਹੋਏ ਹੋ ਤਾਂ ਮੈਨੂੰ ਆਸ ਹੈ ਕਿ ਕੋਈ ਨਾ ਕੋਈ ਗੱਲ ਜਰੂਰ ਤੁਰੇਗੀ।

ਮੇਰਾ ਤੁਹਾਡੇ ਸਾਹਮਣੇ ਇਹ ਲਿਆਉਣ ਦਾ ਉਦੇਸ਼ ਹੈ ਕਿ ਪੰਜਾਬ ਦਾ ਬਹੁਤ ਸਾਰਾ ਸਾਹਿਤ ਅਜੇ ਵੀ ਅਣਛਪਿਆ ਪਿਆ ਹੈ ਕੇਵਲ ਇਤਿਹਾਸ ਨਾਲ ਸਬੰਧਤ ਲਿਖਤਾਂ ਹੀ ਨਹੀਂ ਸਗੋਂ ਹਿਕਮਤ, ਸੰਗੀਤ, ਕਵਿਤਾ ਤੇ ਸਾਹਿਤ ਦੀਆਂ ਹੋਰ ਵਿਧਾਵਾਂ ਵਿੱਚ ਬੇਸ਼ੁਮਾਰ ਅਣ ਛਪੀਆਂ ਲਿਖਤਾਂ ਵੱਖ-ਵੱਖ ਡੇਰਿਆਂ ਜਾਂ ਘਰਾਂ ਵਿੱਚ ਪਈਆਂ ਹੋਈਆਂ ਹਨ ਅਤੇ ਬਹੁਤ ਸਾਰਾ ਛਪਿਆ ਹੋਇਆ ਬੜੀ ਤੇਜ਼ੀ ਨਾਲ ਦੇ ਨਾਲ ਅਲੋਪ ਹੋ ਰਿਹਾ ਹੈ। ਇਸ ਸਬੰਧੀ ਕੋਈ ਗੰਭੀਰ ਯੋਜਨਾ ਬਣਾਈ ਜਾਵੇ।

ਉਪਰੋਕਤ ਅਣਛਪੇ ਹਥਲਿਖਤ ਇਤਿਹਾਸ ਦੀ ਨਾਮਾਤਰ ਸੂਚੀ ਹੈ, ਮੇਰੀ ਸੋਚ ਮੁਤਾਬਕ ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਅਜਿਹੀਆਂ ਲਿਖਤਾਂ ਹਨ, ਜਿਨ੍ਹਾਂ ਵਿੱਚ ਪੰਜਾਬ ਦਾ ਇਤਿਹਾਸ ਛੁਪਿਆ ਹੋਇਆ ਹੈ।

# ਗਲੇਸ਼ੀਅਰ ਪਿਘਲ ਗਿਆ

ਕਹਾਣੀਕਾਰ - ਡਾ. ਕਰਮਜੀਤ ਸਿੰਘ ਨਡਾਲਾ
(ਚਰਚਾ-'ਮਿਤਰ' ਮਨਜੀਤ)

ਗੁਰਨਾਮ ਬਾਵਾ ਦੇ ਨਾਵਲ 'ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ' ਤੇ ਅਲੋਚਨਾ ਕਰਦੇ ਹੋਏ ਉੱਘੇ ਅਲੋਚਕ ਤੇ ਸਮੀਖਿਅਕ ਜਨਾਬ ਨਿਰੰਜਣ ਬੋਹਾ ਨੇ ਕਿਹਾ ਹੈ ਕਿ ਅਲੋਚਨਾ ਸੁਖ਼ਾਲੇ ਸ਼ਬਦਾਂ ਵਿੱਚ ਹੋਣੀ ਚਾਹੀਦੀ ਹੈ ਜੋ ਚਾਹਵਾਨਾਂ ਦੇ ਸਮਝਣ ਵਿਚ ਆਸਾਨ ਹੋਵੇ। ਅਕਸਰ ਬਹੁਤੀ ਵਿਦਵਤਾ ਭਰਭੂਰ, ਅਨੋਖੀਆਂ ਤੇ ਭਾਰੂ ਪਰਿਭਾਸ਼ਾਵਾਂ ਪਾਠਕਾਂ ਤੇ ਸਰੋਤਿਆਂ ਦੇ ਸਿਰ ਤੋਂ ਦੀ ਲੰਘ ਜਾਂਦੀਆਂ ਹਨ। ਜਿਸ ਦਾ ਕਿਸੇ ਨੂੰ ਵੀ ਲਾਭ ਨਹੀਂ ਹੁੰਦਾ। ਯੋਗ ਸਮੀਖਿਆ ਜਿੱਥੇ ਲੇਖਕ ਨੂੰ ਸ਼ਾਬਾਸ਼ੀ ਦਿੰਦੀ ਹੈ ਉੱਥੇ ਉਸ ਦੀਆਂ ਪ੍ਰਤੀਤ ਹੁੰਦੀਆਂ ਖ਼ਾਮੀਆਂ ਨੂੰ ਦੂਰ ਕਰਕੇ ਹੋਰ ਚੰਗਾ ਲਿਖਣ ਲਈ ਪ੍ਰੇਰਨਾ ਦਿੰਦੀ ਹੈ। ਸਮੀਖਿਆ ਦਾ ਮਕਸਦ ਲੇਖਕ ਨੂੰ ਭੰਡਣਾ ਨਹੀਂ ਹੁੰਦਾ। ਖੰਡ ਵਿੱਚ ਲਪੇਟ ਕੇ ਕੌੜੀ ਕੁਨੀਨ ਦੇਣੀ ਹੁੰਦੀ ਹੈ।

ਕੁਦਰਤ ਦੀ ਹਰ ਸ਼ੈਅ ਗਤੀਮਾਨ ਹੈ। ਪਰ ਮਨੁੱਖ ਦੇ ਅੰਤਰ ਤੇ ਬਾਹਰ ਇਸ ਦੀ ਗਤੀ ਨੂੰ ਮਾਨਵ ਦੇ ਸੁਭਾਅ ਦੇ ਪੰਜ ਜ਼ਰੂਰੀ ਤੱਤ ਕਾਮ, ਕਰੋਧ, ਮੋਹ, ਲੋਭ ਤੇ ਹੰਕਾਰ ਹੋਰ ਤੇਜ਼ ਕਰ ਦਿੰਦੇ ਹਨ। ਕੁਦਰਤ ਨੇ ਕਾਮ ਨੂੰ ਸ੍ਰਿਸ਼ਟੀ ਚਲਾਉਣ ਵਾਸਤੇ, ਕਰੋਧ ਆਤਮ ਸੁਰੱਖਿਆ ਵਾਸਤੇ, ਲੋਭ ਫਾਕਿਆਂ ਦੇ ਦਿਨਾਂ ਦਾ ਮੁਕਾਬਲਾ ਕਰਨ ਲਈ ਪਹਿਲਾਂ ਤੋਂ ਹੀ ਬਚਤ ਕਰਨ ਤੇ ਸੰਸਾਧਨਾਂ ਨੂੰ ਇਕੱਠਾ ਜਾਂ ਜੋੜ ਕੇ ਰੱਖਣ ਲਈ ਉਤਸ਼ਾਹਿਤ ਕਰਦਾ ਹੈ। ਮੋਹ ਹੀ ਹੈ ਜਿਸ ਕਰਕੇ ਔਰਤ ਬੱਚੇ ਨੂੰ ਜਨਮ ਦਿੰਦੀ ਤੇ ਉਸ ਦਾ ਪਾਲਣ ਪੋਸ਼ਣ ਕਰਦੀ ਤੇ ਇਹੀ ਮੋਹ ਆਦਮੀ ਨੂੰ ਸੰਯੁਕਤ ਪਰਿਵਾਰ ਵਿੱਚ ਬੰਨ੍ਹ ਕੇ ਰੱਖਦਾ ਹੈ ਤੇ ਹੰਕਾਰ ਅਸਲ ਵਿੱਚ ਆਦਮੀ ਨੂੰ ਉਸਦੀ ਯੁਗਤਾ ਤੇ ਕਾਬਲੀਅਤ ਦਰਸਾਉਂਦਾ ਹੈ ਤੇ ਸੁਭਾਵਕ ਤੌਰ ਤੇ ਦੋ ਵਿਆਕਤੀਆਂ ਵਿਚ ਤੁਲਨਾ ਦਾ ਬਾਈਸ ਬਣਦਾ ਹੈ। ਇਹ ਤੁਲਨਾ ਦੂਸਰੇ ਵਿਅਕਤੀਆਂ ਲਈ ਆਪਣੇ ਆਪ ਨੂੰ ਯੋਗ ਵਿਆਕਤੀਆਂ ਦੇ ਬਰਾਬਰ ਹੋਣ ਲਈ ਪ੍ਰੇਰਨਾ ਸਰੋਤ ਬਣਦੀ ਹੈ। ਕਹਾਵਤ ਹੈ ਕਿ ਅੱਤ ਖ਼ੁਦਾ ਦਾ ਵੈਰ ਪਰ ਜਦੋਂ ਇਹ ਜ਼ਰੂਰੀ ਤੱਤ, ਕਾਮ, ਕਰੋਧ, ਮੋਹ, ਲੋਭ ਤੇ ਹੰਕਾਰ ਆਦਮੀ ਤੇ ਜ਼ਰੂਰਤ ਤੋਂ ਵੱਧ ਹਾਵੀ ਹੋ ਜਾਂਦੇ ਹਨ ਤਾਂ ਇਹ ਪੰਜ ਵਿਕਾਰਾਂ ਦਾ ਰੂਪ ਧਾਰ ਲੈਂਦੇ ਹਨ। ਇਸੇ ਕਰਕੇ ਗੁਰਬਾਣੀ ਨੇ ਇਹਨਾਂ ਨੂੰ ਪੰਜ ਵਿਕਾਰ ਵੀ ਕਿਹਾ। ਜੀਵਨ ਗਤੀਮਈ ਹੋਣ ਕਰਕੇ ਹਾਦਸੇ ਤੇ



ਘਟਨਾਵਾਂ ਵਾਪਰਦੀਆਂ ਰਹਿੰਦੀਆਂ। ਕਿਸੇ ਨੂੰ ਇਹ ਸਰੀਰਕ ਤੌਰ ਤੇ ਜਖ਼ਮੀ ਕਰਦੀਆਂ ਹਨ ਤੇ ਕਿਸੇ ਦੇ ਜ਼ਿਹਨ ਨੂੰ ਛਿੱਲ ਕੇ ਰੱਖ ਦਿੰਦੀਆਂ ਹਨ। ਜ਼ਰੂਰੀ ਨਹੀਂ ਕਿ ਸਰੀਰਕ ਤੌਰ ਤੇ ਜਖ਼ਮੀ ਕੋਲ ਦੁੱਖ ਬਿਆਨ ਕਰਨ ਲਈ ਸ਼ਬਦ ਹੋਣ। ਪਰ ਜਿਹਨਾਂ ਦੇ ਅੰਦਰ ਸੱਟ ਲੱਗ ਜਾਂਦੀ ਹੈ ਉਹ ਕਰਾਹ ਰਹੇ ਲੋਕਾਂ ਦੀਆਂ ਅੱਖਾਂ ਵਿੱਚੋਂ ਸ਼ਬਦ ਲੱਭ ਲੈਂਦੇ ਹਨ। ਇਹਨਾਂ ਸ਼ਬਦਾਂ ਦਾ ਸਮੂਹ ਹੀ ਸਾਹਿਤ ਹੈ ਇਸ ਦੀ ਵਿਧਾ ਕੋਈ ਵੀ ਹੋ ਸਕਦੀ, ਨਾਵਲ, ਕਹਾਣੀ, ਗੀਤ ਤੇ ਗਜ਼ਲ ਇਥੋਂ ਤੱਕ ਕੇ ਲੇਖ ਵੀ ਇਹ ਸਾਰੇ ਦੁੱਖ ਕਿਸੇ ਪਿਛਲੇ ਕਰਮਾਂ ਕਰਕੇ ਨਹੀਂ ਹੁੰਦੇ। ਸਗੋਂ ਉਪਰੋਕਤ ਵਿਕਾਰ ਹੀ ਇਸ ਦੇ ਜ਼ਿੰਮੇਵਾਰ ਹੁੰਦੇ ਹਨ। ਤੇ ਵਿਅਕਤੀ ਦਾ ਚੰਚਲ ਮਨ ਇਹਨਾਂ ਤੇ ਕਾਬੂ ਰੱਖਣ ਵਿੱਚ ਅਸਫ਼ਲ ਹੋ ਜਾਂਦਾ ਹੈ।

ਹੱਥਲੀ ਪੁਸਤਕ 'ਗਲੇਸ਼ੀਅਰ ਪਿਘਲ ਗਿਆ' ਡਾ. ਕਰਮਜੀਤ ਸਿੰਘ ਨਡਾਲਾ ਦੀ ਕੋਈ ਪਹਿਲੀ ਪੁਸਤਕ ਨਹੀਂ ਹੈ। ਇਸ ਤੋਂ ਪਹਿਲਾਂ ਵੀ ਡਾ. ਨਡਾਲਾ ਪੰਜਾਬੀ ਸਾਹਿਤ ਨੂੰ ਕਈ ਪੁਸਤਕਾਂ ਦੇ ਚੁੱਕੇ ਹਨ। ਤੇ ਬਹੁਤ ਹੀ ਹੰਢੇ ਹੋਏ ਕਹਾਣੀਕਾਰ ਹਨ। ਉਹਨਾਂ ਦੀ ਕਲਮ ਦੀ ਧਾਰ ਬਹੁਤ ਤੇਜ਼ ਹੈ। ਮੈਂ ਜਿੰਨੀਆਂ ਕੁ ਕਹਾਣੀਆਂ ਪੜ੍ਹੀਆਂ ਹਨ ਉਹਨਾਂ ਵਿਚੋਂ ਗਿਣਤੀ ਮਿਣਤੀ ਦੇ ਕੁਝ ਕੁ ਕਹਾਣੀਕਾਰਾਂ ਦੇ ਨਾਮ ਹੀ ਚਰਚਾ ਦੇ ਯੋਗ ਹਨ। ਡਾ. ਕਰਮਜੀਤ ਸਿੰਘ ਨਡਾਲਾ ਵੀ ਉਹਨਾਂ ਪਹਿਲੀ ਲਾਈਨ ਵਿਚ ਖੜ੍ਹੇ ਕਹਾਣੀਕਾਰਾਂ ਦੇ ਹਾਣ ਦੇ ਪ੍ਰਤੀਤ ਹੁੰਦੇ ਹਨ ਤੇ ਸਰਾਸਰੀ ਹੀ ਇਸਮਤ ਚੁਗਤਈ, ਸਆਦਤ ਹਸਨ ਮੰਟੋ, ਰਘੁਵੀਰ ਢੰਡ, ਸੰਤੋਖ ਸਿੰਘ ਧੀਰ, ਸੰਤ ਸਿੰਘ ਸੇਖੋਂ ਵਰਗੇ ਨਾਂ ਯਾਦ ਆ ਜਾਂਦੇ ਹਨ। ਕਹਾਣੀ ਦਾ ਸਿਰਲੇਖ ਪੁਸਤਕ ਦੀ ਸਿਰਮੌਰ ਕਹਾਣੀ 'ਗਲੇਸ਼ੀਅਰ ਪਿਘਲ ਗਿਆ' ਦੇ ਨਾਂ ਤੇ ਰੱਖਿਆ ਗਿਆ ਹੈ। ਸੰਕੇਤਕ ਸ਼ਬਦ 'ਗਲੇਸ਼ੀਅਰ' ਮਾਨਵੀ ਮਨ ਦੀਆਂ ਚਾਹਾਂ ਇਛਾਵਾਂ ਉਮੰਗਾਂ ਸਦੀਆਂ ਵਰਗੇ ਸਾਲਾਂ ਤੱਕ ਉਡੀਕ ਦੀਆਂ ਬਰਫ਼ ਦੀ ਤਰ੍ਹਾਂ ਜੋ ਜੰਮ ਜਾਂਦੀਆਂ ਹਨ। ਆਖ਼ਿਰ ਜਦੋਂ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਪਤਾ ਹੀ ਨਹੀਂ ਲੱਗਦਾ, ਕਿ ਘੁਟਨ ਦਾ, ਹੁੰਮਸ ਦਾ, ਤਾਪ ਦਾ ਕਿਹੜਾ ਗਰਮ ਬੁੱਲਾ ਉਸ ਨੂੰ ਛੋਹ ਜਾਂਦਾ ਹੈ ਤੇ ਹੌਲ਼ੀ ਹੌਲ਼ੀ ਇਹ ਸਮੇਂ ਦੇ ਨਾਲ, ਹਾਲਾਤ ਦੇ ਨਾਲ, ਉਮੰਗਾਂ ਦੇ ਨਾਲ ਪਿਘਲ ਕੇ ਵਹਿ ਤੁਰਦਾ ਹੈ। ਚਾਹੇ ਬਾਕੀ ਕਹਾਣੀਆਂ ਦੇ ਕਥਾਨਕ ਵੱਖਰੇ ਹਨ, ਵਿਸ਼ੇ ਵੱਖਰੇ ਹਨ, ਪਰ ਗਲੇਸ਼ੀਅਰ ਦੇ ਪਿਘਲਣ ਦਾ ਝੋਲ਼ਾ ਹਰ ਕਹਾਣੀ ਵਿੱਚੋਂ ਮਿਲ ਜਾਂਦਾ ਹੈ। ਮੈਨੂੰ ਪਤਾ ਕਹਾਣੀਕਾਰ ਨੇ ਇਹ ਨਾਮ ਇਹੀ ਕੁਝ ਸੋਚ ਕੇ ਰੱਖਿਆ ਹੈ। ਪਰ ਇਹ ਨਾਮ ਬਹੁਤ ਢੁੱਕਵਾਂ ਹੈ। ਸ਼ਾਇਦ ਇਸ ਤੋਂ ਇਲਾਵਾ ਇਸ ਦਾ ਕੋਈ ਹੋਰ ਨਾਮ ਰੱਖਿਆ ਹੀ ਨਹੀਂ ਜਾ ਸਕਦਾ ਸੀ।

ਅਧੁਨਿਕ ਕਹਾਣੀ ਦਾ ਕੈਨਵਸ ਬਹੁਤ ਵਿਸ਼ਾਲ ਹੈ। ਅੱਜ ਦੀ ਕਹਾਣੀ ਸਮੇਂ ਤੇ ਸਥਾਨ ਦੇ ਬੰਧਨਾਂ ਤੋਂ ਮੁੱਕਤ ਹੈ। ਅਧੁਨਿਕ ਤਕਨੀਕੀ ਤਰੱਕੀ ਨੇ ਸੰਸਾਰ ਨੂੰ ਛੋਟਾ ਕਰ ਦਿੱਤਾ ਹੈ। ਹੁਣ ਉਹ ਕਹਾਣੀ ਨਹੀਂ ਰਹੀ ਜੋ ਸਵੇਰੇ ਸ਼ੁਰੂ ਹੁੰਦੀ ਸੀ ਤੇ ਦੂਸਰੀ ਸਵੇਰ ਹੋਣ ਤੋਂ ਪਹਿਲਾਂ ਖ਼ਤਮ ਹੋ ਜਾਂਦੀ ਸੀ। ਅੱਜ ਦੀ ਕਹਾਣੀ ਦਿਨਾਂ ਤੇ ਸਾਲਾਂ ਤੱਕ ਪਸਰੀ ਪਈ। ਡਾ. ਕਰਮਜੀਤ ਸਿੰਘ ਨਡਾਲਾ ਦੀਆਂ ਕਹਾਣੀਆਂ ਵੀ ਸਮੇਂ ਤੇ ਸਥਾਨ ਦੀ ਏਕਤਾ ਤੋਂ ਮੁੱਕਤ ਹਨ।

ਡਾ. ਨਡਾਲਾ ਦੀਆਂ ਕਹਾਣੀਆਂ ਕੋਈ ਚਮਤਕਾਰੀ ਪਰੀ ਕਹਾਣੀਆਂ ਨਹੀਂ। ਘਟਨਾਵਾਂ ਦੀ ਕਾਰਜ ਵਿਧੀ ਤਰਕ ਵਿੱਚੋਂ ਉੱਪਜਦੀ ਹੈ। ਕੋਈ ਘਟਨਾ ਅਕਾਰਣ ਨਹੀਂ ਹੁੰਦੀ। ਘਟਨਾਵਾਂ ਸਾਰੀਆਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ, ਪਰ ਇਹ ਪਾਤਰਾਂ ਤੇ ਪ੍ਰਭਾਵ ਕਿਸ ਤਰ੍ਹਾਂ ਪਾਉਂਦੀਆਂ ਹਨ ਜਾਂ ਪਾਤਰਾਂ ਦੇ ਮਨ ਮਸਤਿਕ ਵਿੱਚ ਕਿਹੜੀ ਉੱਥਲ ਪੁੱਥਲ ਨੂੰ ਜਨਮ ਦਿੰਦੀ ਹੈ? ਇਹ ਪ੍ਰਭਾਵ ਸਮਾਜਿਕ, ਰਾਜਨੀਤਿਕ, ਆਰਥਿਕ, ਮਨੋਵਿਗਿਆਨਕ ਤੇ ਕਾਮ, ਕਰੋਧ, ਮੋਹ, ਲੋਭ ਤੇ ਹੰਕਾਰ ਵਿਚੋਂ ਵੀ ਤੇ ਮਨ ਦੀ ਚੰਚਲਤਾ ਵੱਸ ਵੀ ਹੋ ਸਕਦੇ ਹਨ।

ਨਿੱਕੀ ਕਹਾਣੀ ਰਵਾਇਤੀ ਤੌਰ ਤੇ ਮੰਨਿਆ ਜਾਂਦਾ ਹਾਂ ਕਿ ਘੰਟੇ, ਪੌਣੇ ਘੰਟੇ ਵਿਚ ਪੜ੍ਹ ਹੋ ਜਾਣੀ ਚਾਹੀਦੀ ਹੈ। ਕਹਾਣੀ ਨਾਵਲ ਦਾ ਬਦਲ ਹੈ। ਜਿਹਨਾਂ ਕੋਲ਼ ਲੰਬੇ ਨਾਵਲ ਪੜ੍ਹਨ ਦਾ ਬਹੁਤਾ ਸਮਾਂ ਨਹੀਂ ਹੁੰਦਾ, ਕਹਾਣੀ ਉਹਨਾਂ ਵਾਸਤੇ ਹੈ।

ਇਵੇਂ ਠੀਕ ਨਹੀਂ ਰੂਪਾ।

ਆਦਮੀ ਜਦੋਂ ਦੂਜਿਆਂ ਦੀਆਂ ਬੁਲੰਦੀਆਂ ਨੂੰ ਦੇਖਦਾ ਹੈ ਤਾਂ ਅਕਸਰ ਆਪਣੇ ਆਪ ਨੂੰ ਹੋਰ ਛੋਟਾ ਮਹਿਸੂਸ ਕਰਦਾ ਹੈ। ਖਾਸ ਕਰ ਉਦੋਂ ਜਦੋਂ ਲੋਹੜੇ ਦੀ ਦਗ ਦਗ ਕਰਦੀ ਜਵਾਨੀ ਵਿੱਚ, ਜੋ ਜਿਸਮਾਂ ਦੀਆਂ ਹੱਦ ਬੰਦੀਆਂ ਨੂੰ ਤੋੜ ਕੇ ਬੇ-ਮੁਹਾਰੇ ਦਰਿਆ

ਵਾਂਗ ਵਹਿਣ ਨੂੰ ਹਰ ਪਲ ਤਿਆਰ ਹੋਵੇ। ਲਾਲਸਾਵਾਂ, ਇਛਾਵਾਂ ਤੇ ਕਾਮ ਵਾਸਨਾ ਹੋਰ ਤੋਂ ਹੋਰ ਦੀ ਤ੍ਰਿਪਤੀ ਵਾਸਤੇ ਇੱਧਰ ਉੱਧਰ ਝਾਕਣ ਲੱਗ ਪਵੇ ਤਾਂ ਕੋਈ ਨਾ ਕੋਈ ਨਵਾਂ ਕਾਰਾ ਔਰਤ ਮਰਦ ਕਰ ਹੀ ਬੈਠਦਾ ਹੈ ਤੇ ਅਕਲ ਤੇ ਪੂਰੀ ਤਰ੍ਹਾਂ ਪਰਦਾ ਪਾ ਦਿੰਦਾ ਹੈ। ਇਕ ਬੱਚੇ ਦੀ ਤਰ੍ਹਾਂ ਜੋ ਸਾਡੇ ਕੋਲ ਹੁੰਦਾ ਹੈ, ਬਹੁਤ ਜਲਦੀ ਉਸ ਤੋਂ ਉਕਤਾ ਜਾਂਦੇ ਹਾਂ। ਇਹ ਅਤ੍ਰਿਪਤੀ ਦਾ ਅਹਿਸਾਸ ਕਿਸੇ ਅਣਕਿਆਸੀ ਤ੍ਰਿਪਤੀ ਦੇ ਜੰਗਲ ਵਿੱਚ ਭਟਕਾ ਦਿੰਦਾ ਹੈ। ਬੇਸ਼ਕ ਉੱਚਾ ਉੱਡਣਾ ਹਰ ਆਦਮੀ ਦੀ ਚਾਹ ਵੀ ਹੈ ਤੇ ਫ਼ਿਤਰਤ ਵੀ ਪਰ ਸਬਰ ਸੰਤੋਖ ਤੇ ਅਕਲ ਦਾ ਲੜ ਨਹੀਂ ਛੱਡਣਾ ਚਾਹੀਦਾ। ਥਾਣੇਦਾਰ ਵਰਗੇ ਭੁੱਖੇ ਬਘਿਆੜ ਆਮ ਹੀ ਸਾਡੇ ਸਮਾਜ ਵਿੱਚ ਦੂਜਿਆਂ ਦੀ ਧੀ-ਭੈਣ ਤੇ ਔਰਤ ਵੱਲ ਮੂੰਹ ਅੱਡੀ ਖੜ੍ਹੇ ਮਿਲ ਜਾਣਗੇ। ਕਹਾਣੀ ਦਾ ਨਾਂ ਬਹੁਤ ਢੁੱਕਵਾਂ ਹੈ। ਆਦਮੀ ਨੂੰ ਆਪਣੀਆਂ ਇਛਾਵਾਂ, ਲਾਲਸਾਵਾਂ, ਕਾਮ ਤੇ ਕਾਬੂ ਰੱਖਣਾ ਚਾਹੀਦਾ ਹੈ। ਔਕਾਤ ਤੋਂ ਵੱਡੇ ਸੁਪਨਿਆਂ ਨੂੰ ਛੋਟੇ ਰੁਖ਼ ਹੋ ਕੇ (ਸ਼ਹੋਰਟ ਛੁਟਸ) ਅਤੇ ਧੱਕੇ ਨਾਲ ਸਾਕਾਰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਅਤੇ ਆਪਣੇ ਆਪ ਉੱਤੇ ਜ਼ਬਤ ਰਖਣਾ ਚਾਹੀਦਾ ਹੈ। ਕਾਮ, ਕਰੋਧ, ਮੋਹ, ਲੋਭ, ਹੰਕਾਰ, ਲਾਲਸਾਵਾਂ ਤੇ ਇਛਾਵਾਂ ਤਾਂ ਕਦੀ ਨਹੀਂ ਮੁੱਕਦੀਆਂ। ਉੱਚੇ ਆਸਮਾਨ ਵਿਚ ਉੱਡਣ ਦੀ ਪੰਛੀਆਂ ਦੀ ਚਾਹ ਨਹੀਂ ਮੁੱਕਦੀ ਪਰ, ਪਰ ਥੱਕ ਜਾਂਦੇ ਹਨ, ਜਿਸਮ ਥੱਕ ਜਾਂਦੇ ਹਨ, ਤਦ ਪੰਛੀ ਘੁੰਮ ਘੁੰਮਾ ਕੇ ਆਪਣੇ ਆਲ੍ਹਣੇ ਦੀ ਭਾਲ਼ ਵਿੱਚ ਲੱਗ ਜਾਂਦੇ। ਰੂਪਾ ਜੋ ਆਪਣਾ ਆਲਣਾ ਤੋੜ ਕੇ ਇਛਾਵਾਂ ਦੇ ਅੰਬਰ ਵਿੱਚ ਉਡਾਰੀਆਂ ਲਾਉਂਦੀ ਲਾਉਂਦੀ ਜਦੋਂ ਥੱਕ ਗਈ ਤਾਂ ਉਸ ਅੰਦਰ ਥਾਣੇਦਾਰ ਨਾਲ ਹੀ ਆਲ੍ਹਣਾ ਬਣਾਉਣ ਦੀ ਚਾਹ ਪੈਦਾ ਹੋ ਗਈ। ਪਰ ਥਾਣੇਦਾਰ ਵਲੋਂ ਦੋ ਲੱਖ ਦੇ ਕੇ ਉਸ ਨੂੰ ਘਰੋਂ ਤੋਰ ਦਿੱਤਾ। ਫਿਰ ਉਹ ਆਪਣੇ ਪਤੀ ਪ੍ਰੇਮੀ ਕੋਲ ਆ ਜਾਂਦੀ ਹੈ। ਪਹਿਲਾਂ ਤਾਂ ਉਹ ਗੁੱਸੇ ਹੁੰਦਾ ਹੈ ਪਰ ਫਿਰ ਉਸਨੂੰ ਅਪਣਾ ਲੈਂਦਾ ਹੈ, ਪਰ ਮਨ ਦਾ ਇਕ ਰੋਸ ਉਹ ਇਹ ਕਹਿ ਕੇ ਉਜਾਗਰ ਕਰਦਾ, "ਇਵੇਂ ਠੀਕ ਨਹੀਂ ਰੂਪਾ। ਪ੍ਰੇਮੀ ਦੀ ਉਡੀਕ ਮੁੱਕ ਜਾਂਦੀ ਹੈ ਤੇ ਉਹ ਸਮਾਜ ਦੇ ਸਾਹਮਣੇ ਡਟ ਕੇ ਉਸ ਨੂੰ ਅਪਣਾ ਲੈਂਦਾ ਹੈ। ਕਹਾਣੀਕਾਰ ਨੇ ਕਹਾਣੀ ਦਾ ਅੰਤ ਸੁਖਾਂਤਕ ਕੀਤਾ ਹੈ।

ਨਾਲ ਹੀ ਬਹੁਤ ਹੀ ਵਧੀਆ ਸੁਨੇਹਾ ਵੀ ਦਿੱਤਾ ਹੈ ਕਿ ਅਸੀਂ ਜ਼ਿੰਦਗੀ ਦਾ ਸੁਨਹਿਰਾ ਦੌਰ ਭਾਵ ਜਵਾਨੀ, ਜਿਸ ਨੂੰ ਆਪਣੀਆਂ ਹੱਦੋਂ ਵੱਧ ਇਛਾਵਾਂ ਤੇ ਨਾ ਸਾਕਾਰ ਹੋਣ ਵਾਲੇ ਸੁਪਨਿਆਂ ਖ਼ਾਤਰ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਾਂ ਤੇ ਜਦੋਂ ਸਮਝ ਆਉਂਦੀ ਹੈ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ, ਇਹ ਜ਼ਰੂਰੀ ਨਹੀਂ ਕਿ ਹਰ ਵਾਰੀ ਸਾਥੀ ਜਾਂ ਪਤੀ-ਪਤਨੀ ਪਾਤਰ ਪ੍ਰੇਮੀ ਵਰਗਾ ਹੀ ਹੋਵੇ।

**ਗਲੇਸ਼ੀਅਰ ਪਿਘਲ ਗਿਆ**

ਆਪਣੀਆਂ ਮੁੱਢਲੀਆਂ ਜ਼ਰੂਰਤਾਂ ਰੋਟੀ, ਕਪੜਾ ਮਕਾਨ ਦੇ ਲਈ ਆਦਮੀ ਦਿਨ ਰਾਤ ਨੱਠ ਭੱਜ ਕਰਦਾ ਹੈ। ਜਿਹਨਾਂ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਇਹ ਮੁਹੱਈਆਂ ਨਹੀਂ ਕਰਾ ਪਾਉਂਦੀਆਂ, ਉਸ ਦੇਸ਼ ਦੇ ਨਾਗਰਿਕ ਆਪਣੀਆਂ ਜ਼ਰੂਰਤਾਂ ਲਈ ਗਲਤ ਸਹੀ ਢੰਗਾਂ ਨਾਲ ਵਿਦੇਸ਼ੀ ਜਾ ਕੇ ਧੱਕੇ ਖਾਂਦੇ ਹਨ ਤੇ ਪਿੱਛੇ ਉਹਨਾਂ ਦੀਆਂ ਜ਼ਨਾਨੀਆਂ ਆਪਣੀ ਭਰ ਜੋਬਨ ਜੁਆਨੀ ਵਿੱਚ ਉਹਨਾਂ ਦੇ ਦਿਲ ਵਿੱਚ ਉੱਠਦੇ ਕਾਮ ਦੇ ਵਾਸ਼ਪਾਂ ਨੂੰ ਜਮਾ ਕੇ ਬਹੁਤ ਵੱਡਾ ਗਲੇਸ਼ੀਅਰ ਖੜਾ ਕਰ ਲੈਂਦੀਆਂ ਹਨ। ਪਰ ਕਦੀ ਕਦੀ ਇਹ ਸਬਰ ਸੰਤੋਖ ਜਵਾਬ ਦੇ ਜਾਂਦਾ ਹੈ। ਜਿੱਥੇ ਮਨੁੱਖ ਦੇ ਲਈ ਜੀਉਣ ਵਾਸਤੇ ਜਿੰਨਾ ਕੁੱਲੀ, ਗੁੱਲੀ ਤੇ ਜੁੱਲੀ ਜ਼ਰੂਰੀ ਹੈ, ਉਨ੍ਹਾ ਹੀ ਜ਼ਰੂਰੀ ਸਰੀਰਕ ਸੁੱਖ ਭਾਵ ਕਾਮ ਉਤੇਜਨਾ ਨੂੰ ਸ਼ਾਂਤ ਕਰਨਾ ਵੀ ਇਹ ਕਾਮ ਅਤ੍ਰਿਪਤੀ ਜਿੱਥੇ ਬਹੁਤ ਸਾਰੇ ਸਰੀਰਕ ਤੇ ਮਾਨਸਿਕ ਰੋਗਾਂ ਨੂੰ ਜਨਮ ਦਿੰਦੀ ਹੈ ਉੱਥੇ ਸਮਾਜਿਕ ਰਿਸ਼ਤਿਆਂ ਨੂੰ ਤਹਿਸ ਨਹਿਸ ਕਰ ਦਿੰਦੀ ਹੈ ਤੇ ਆਪਣੇ ਫ਼ਰਜਾਂ ਨੂੰ ਵੀ ਭੁਲਾ ਦਿੰਦੀ ਹੈ ਜੋ ਬਹੁਤ ਵੱਡੇ ਦੁਖਾਂਤਾਂ ਨੂੰ ਜਨਮ ਦਿੰਦੀ ਹੈ। ਕਹਾਣੀ ਦੀ ਸ਼ੁਰੂਆਤ ਹੀ ਗਾਂ ਦੇ ਅੜਿੰਗਣ ਨਾਲ ਹੁੰਦੀ ਹੈ ਜੋ ਆਪਣੀ ਜ਼ਰੂਰਤ ਅੜਿੰਗ ਕੇ ਦੱਸਦੀ ਹੈ। ਪਰ ਔਰਤ ਦੀ ਸਮਾਜਿਕ ਮਜ਼ਬੂਰੀ ਹੈ ਉਹ ਬੋਲ ਕੇ ਦੱਸ ਨਹੀਂ ਸਕਦੀ। 'ਗਲੇਸ਼ੀਅਰ ਪਿਘਲ ਗਿਆ' ਕਹਾਣੀ ਵਿਚ ਕਹਾਣੀਕਾਰ ਨੇ ਇਕ ਨਹੀਂ ਕਈ ਵਿਸ਼ਿਆ ਨੂੰ ਬੜੀ ਸਫ਼ਲਤਾ ਪੂਰਵਕ ਛੁਹਿਆ ਹੈ। ਪੰਜਾਬ ਦੇ ਖ਼ਾਸਕਰ ਦੁਆਬੇ ਦੇ ਸੋਹਣੇ-ਛੈਲ ਛਬੀਲੇ ਬੇ-ਰੁਜ਼ਗਾਰਾਂ ਨੂੰ ਉਹਨਾਂ ਦੀ ਮਿਹਨਤ ਦੀ ਪੂਰੀ ਬਣਦੀ ਉਜਰਤ ਨਹੀਂ ਮਿਲਦੀ ਤਾਂ ਲਈ ਉਹਨਾਂ ਨੂੰ ਵਿਦੇਸ਼ਾਂ ਨੇ ਖਿੱਚ ਲਿਆ। ਉਹ ਗਲਤ ਸਹੀ

ਤਰੀਕੇ ਨਾਲ, ਡੌਂਕੀਆਂ ਲਾ ਲਾ ਕੇ ਯੋਰਪ, ਕੈਨੇਡਾ ਤੇ ਅਮਰੀਕਾ ਵਿਚ ਜਾ ਵਸੇ ਨਹੀਂ, ਜਾ ਫਸੇ। ਉਹਨਾਂ ਦੀਆਂ ਉਮਰਾਂ ਨਿੱਕਲ ਗਈਆਂ ਨਾਗਰਿਕਤਾ ਲੈ ਕੇ ਗਰੀਨ ਕਾਰਡ ਬਣਾ ਕੇ ਆਪਣੇ ਟੱਬਰਾਂ ਨੂੰ ਕੋਲ ਮੰਗਵਾਉਣ ਲਈ। ਨਿੰਮੋ ਵੀ ਇੱਕ ਅਜਿਹੇ ਹੀ ਗਰੀਨ ਕਾਰਡ ਹਾਸਲ ਕਰਨ ਵਿਚ ਅਸਫ਼ਲ ਗੱਭਰੂ ਦਲਬੀਰ ਸਿੰਘ ਦੀ ਪਤਨੀ ਹੈ। ਜਿਸ ਨੂੰ ਆਪਣੇ ਵਿਅਰਥ ਜਾਂਦੇ ਜੋਬਨ ਦਾ ਹੈਰਬਾ ਮਾਰੀ ਜਾਂਦਾ ਹੈ। ਉਹ ਬਹੁਤ ਕੋਸ਼ਿਸ਼ ਕਰਦੀ ਹੈ ਕਿ ਆਪਣੇ ਉੱਤੇ ਜ਼ਬਤ ਰੱਖ ਸਕੇ। ਸਿਆਣੇ ਕਹਿੰਦੇ ਹਨ ਕਿ ਰੰਡੀਆਂ ਤਾਂ ਰੰਡੇਪਾ ਕੱਟ ਲੈਂਦੀਆਂ ਹਨ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਅਜਿਹਾ ਇਕ ਮੁਸ਼ਟੰਡਾ ਜੋ ਪੁਲਸੀਆ ਹੈ ਉਹ ਨਿੰਮੋ ਨੂੰ ਵਰਗਲਾ ਕੇ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ। ਪਰ ਔਰਤ ਜਿਸ ਨੂੰ ਆਪਣਾ ਜਿਸਮ ਸੌਂਪਦੀ ਹੈ ਉਸ ਨਾਲ ਜਨਮਾਂ ਜਨਮਾਂ ਤੱਕ ਦਾ ਸਾਥ ਨਿਭਾਉਣਾ ਲੋਚਦੀ ਹੈ। ਉਹ ਇਸ ਅਨੈਤਿਕਤਾ ਨੂੰ ਵੀ ਇੱਕ ਸਮਾਜਿਕ ਰਿਸ਼ਤੇ ਦਾ ਨਾਂ ਦੇਣਾ ਚਾਹੁੰਦੀ ਹੈ। ਪਰ ਪੁਲਸੀਏ ਅਰਜਨ ਦਾ ਮਕਸਦ ਤਾਂ ਅੰਬ ਚੂਪ ਕੇ ਗਿੱਟਕ ਸੁੱਟਣ ਤੱਕ ਹੀ ਸੀ। ਸਮਾਜ ਅਨੈਤਿਕਤਾ ਦੀ ਵਕਾਲਤ ਤਾਂ ਨਹੀਂ ਕਰਦਾ। ਪਰ ਪੁਰਸ਼ ਪ੍ਰਧਾਨ ਸਮਾਜ ਵਿੱਚ ਪੁਰਸ਼ ਦੀ ਅਨੈਤਿਕਤਾ ਨੂੰ ਸਧਾਰਣ ਜਿਹਾ ਭੰਡ ਕੇ ਛੱਡ ਦਿੰਦਾ ਹੈ। ਪਰ ਉਸ ਨੂੰ ਔਰਤ ਵਰਗੀ ਕੋਈ ਸਖ਼ਤ ਸਜ਼ਾ ਨਹੀਂ ਮਿਲਦੀ। ਜਿਸ ਕਰਕੇ ਪੁਰਸ਼ ਪ੍ਰਧਾਨ ਮਰਦ ਔਰਤ ਦੇ ਜਿਸਮ ਤੇ ਭਾਵਨਾਵਾਂ ਨਾਲ ਖੇਲਣ ਨੂੰ ਆਪਣੀ ਸ਼ੇਖੀ ਸਮਝਦਾ ਹ। ਇਹ ਸਾਡੇ ਸਮਾਜ ਦਾ ਬਹੁਤ ਵੱਡਾ ਦੁਖਾਂਤ ਹੈ। ਬੰਦਸ਼ਾਂ ਲੜਕੀ ਦੇ ਪੈਦਾ ਹੋਣ ਦੇ ਸਮੇਂ ਤੋਂ ਹੀ ਲੱਗ ਜਾਂਦੀਆਂ ਹਨ। ਪਰ ਮੁੰਡਿਆਂ ਦੇ 'ਇਹੀ ਹੱਸਣ ਖੇਡਣ ਦੇ ਦਿਨ' ਕਹਿ ਕੇ, ਉਹਨਾਂ ਨੂੰ ਸ਼ਾਬਾਸ਼ੀ ਦਿੱਤੀ ਜਾਂਦੀ ਹੈ। ਪਰ ਨਿੰਮੋ ਦੀ ਇਹ ਪਹਿਲੀ ਗਲਤੀ ਹੋਣ ਦੇ ਬਾਵਜੂਦ ਵੀ ਉਸ ਨੂੰ ਨਾ ਤਾਂ ਸੌਹਰਾ ਪਰਿਵਾਰ ਝੱਲਦਾ ਹੈ ਤੇ ਨਾ ਹੀ ਉਸ ਦੇ ਪੇਕਾ ਪਰਿਵਾਰ ਬਰਦਾਸ਼ਤ ਕਰਦਾ ਹੈ, ਸਗੋਂ ਦਿਨ ਦਿਹਾੜੇ ਕਾਨੂੰਨ ਨੂੰ ਹੱਥ ਵਿੱਚ ਲੈ ਕੇ ਨਿੰਮੋ ਦਾ ਕਤਲ ਕਰ ਦਿੱਤਾ ਜਾਂਦਾ ਹੈ। ਕਹਾਣੀਕਾਰ ਟੀਸ ਭਰਦਾ ਕਹਾਣੀ ਨੂੰ ਇੰਝ ਖ਼ਤਮ ਕਰਦਾ ਹੈ :

ਪਰ ਪਿੱਛੇ ਸਿਵਿਆਂ 'ਚ ਇੱਕਲੀ ਰਹਿ ਗਈ ਰੂੜੀਵਾਦੀ ਤੇ ਮੁਰਦਾ ਸਮਾਜ ਦੀ ਸੜ ਗਈ ਲਾਸ਼ ਦਾ ਵਜੂਦ ਜ਼ਰੂਰ ਖ਼ਤਮ ਹੋ ਗਿਆ ਸੀ। ਪਰ ਅੱਗ ਤਾਂ ਅਜੇ ਵੀ ਧੁੱਖ ਰਹੀ ਸੀ"।

**ਬਣਵਾਸ**

ਲੋਭ ਦੀ ਕੁੱਤੇ ਨਾਲ ਤੁਲਨਾ ਕੀਤੀ ਜਾਂਦੀ ਹੈ। ਜੋ ਹਲ਼ਕ ਹਲ਼ਕ ਕਰਦਾ ਫਿਰਦਾ ਹੈ ਤੇ ਆਪਣੇ ਤੇ ਬੇਗਾਨਿਆਂ 'ਚੋਂ ਕਿਸੇ ਨੂੰ ਵੀ ਨਹੀਂ ਬਖ਼ਸ਼ਦਾ। ਕਹਾਣੀ ਸੁੱਚਾ ਸਿੰਘ ਦੀ ਭਰਜਾਈ ਦਾ ਲੋਭ ਦੇ ਵੱਸ ਹੋ ਕੇ ਕਿੱਥੋਂ ਤੱਕ ਡਿੱਗ ਜਾਣਾ ਬਿਆਨ ਕਰਦੀ ਹੈ। ਸੁੱਚੇ ਦਾ ਭਰਾ ਵੀ ਆਪਣੀ ਪਤਨੀ ਤੇ ਪੁੱਤ ਦੇ ਤਸ਼ਦੱਦ ਤੋਂ ਸੜਿਆ ਬਲਿਆ ਸਲਫ਼ਾਲ ਖਾ ਕੇ ਮਰ ਜਾਂਦਾ ਹੈ। ਝੂਠੇ ਇਲਜ਼ਾਮ ਤੇ ਸਾਡੀ ਭਰਿਸ਼ਟ ਨਿਆਂ ਵਿਵੱਸਥਾ ਕਰਕੇ ਭਰਜਾਈ ਦੁਆਰਾ ਸੁੱਚਾ ਸਿੰਘ ਦੀ ਨਿਆਈਂ ਜ਼ਮੀਨ ਹੜਪਣਾ ਚਾਹੁੰਦੀ ਹੈ। ਕਹਾਣੀਕਾਰ ਨੇ ਦੋਹਰੇ ਬਣਵਾਸ ਦੀ ਗੱਲ ਕੀਤੀ ਹੈ ਇੱਕ ਜੋ ਸੁੱਚਾ ਸਿੰਘ ਦੇ ਅੰਦਰ ਚੱਲਦਾ ਹੈ ਤੇ ਦੂਸਰਾ ਜੋ ਉਹ ਜੇਲ ਵਿਚ ਕਟ ਕੇ ਆਇਆ। ਧੁੱਖੇ, ਫ਼ਰੇਬ, ਚਾਲਬਾਜੀਆਂ ਤੇ ਸਾਜ਼ਿਸ਼ਾਂ ਨੇ ਸੁੱਚਾ ਸਿੰਘ ਦਾ ਘਰ ਬਰਬਾਦ ਕਰ ਦਿੱਤਾ। ਜ਼ਮੀਨ ਭਰਜਾਈ ਤੇ ਭਤੀਜੇ ਨੇ ਖੋਹ ਲਈ, ਮਾਂ ਬਾਪ ਦੇ ਸਿਰ ਤੇ ਨਾ ਹੋਣ ਕਰਕੇ, ਮੁੰਡੇ ਆਪਹੁੱਦਰੇ ਨਸ਼ੇੜੀ ਹੋ ਗਏ, ਕੁੜੀਆਂ ਬਦਚਲਨ ਹੋ ਗਈਆਂ ਤੇ ਕਿਸੇ ਟਰੱਕ ਡਰਾਇਵਰ ਨਾਲ ਦੌੜ ਗਈਆਂ। ਕਹਾਣੀ ਦਾ ਅੰਤ ਦੁਖਾਂਤਿਕ ਹੈ। ਸੁੱਚਾ ਸਿੰਘ ਦਾ ਬਣਵਾਸ ਸੁੱਚਾ ਸਿੰਘ ਦੀ ਮੌਤ ਨਾਲ ਹੀ ਖ਼ਤਮ ਹੁੰਦਾ ਹੈ।

**ਅੰਦਰਲਾ ਮਹਾਂਭਾਰਤ**

ਕਹਾਣੀਕਾਰ, ਨਾਵਲ ਦੀ ਤਰ੍ਹਾਂ ਕਹਾਣੀ ਵਿੱਚ ਕਈ ਕਈ ਵਿਸ਼ਿਆਂ ਨੂੰ ਨਾਲ ਲੈ ਕੇ ਚੱਲਦਾ ਹੈ। ਉਹ ਆਪਣਾ ਕੈਨਵਸ ਵਿਸ਼ਾਲ ਰੱਖਦਾ ਹੈ। ਇਸ ਕਰਕੇ ਕਹਾਣੀ ਦੀਆਂ ਘਟਨਾਵਾਂ ਸੁਭਾਵਕ ਘਟਨਾਕ੍ਰਮ ਵਿੱਚੋਂ ਪੈਦਾ ਹੁੰਦੀਆਂ ਹਨ। ਫ਼ਿਰਕਾ ਪ੍ਰਸਤ, ਧਾਰਮਿਕ ਤੇ ਰਾਜਨੀਤਿਕ ਖਲਨਾਇਕਾਂ ਦੀ ਸੋੜੀ ਸੋਚ ਕਰਕੇ ਦਿੱਲੀ ਦੰਗੇ ਹੋਏ। ਜਿਸ ਵਿਚ ਹਜ਼ਾਰਾਂ ਨਿਰਦੋਸ਼ਾਂ ਦੀਆਂ ਜਾਨਾਂ ਗਈਆਂ, ਔਰਤਾਂ ਵਿਧਵਾ ਹੋਈਆਂ ਤੇ ਬੱਚੇ ਯਤੀਮ ਹੋਏ, ਜੋ ਭਾਰਤ ਦੇ ਇਤਿਹਾਸ ਦਾ ਇਹ ਬਹੁਤ ਵੱਡਾ ਦੁਖਾਂਤ ਹੈ। ਲੋਕਾਂ ਦੀ ਲੁੱਟ ਖਸੁੱਟ ਤੇ ਧਾਰਮਿਕ ਨਫ਼ਰਤ ਵਿੱਚੋਂ ਹੀ ਸਮਾਨਅੰਤਰ ਮਾਰਕਸਵਾਦ ਤੇ ਖਾੜਕੂਵਾਦ ਜਿਹੀਆਂ

ਵਿਚਾਰਧਾਰਾਵਾਂ ਚੱਲੀਆਂ। ਅਜਿਹੀਆਂ ਪ੍ਰਸਥਿੱਤੀਆਂ ਦੀਆਂ ਗ੍ਰਸਤ ਹੋਈਆਂ ਦੋ ਜਵਾਨ ਵਿਧਵਾਵਾਂ ਦੀ ਕਹਾਣੀ ਹੈ, ਜੋ ਹਮ ਉਮਰ ਹਨ, ਜਠਾਣੀ ਦੇ ਕੋਈ ਬੱਚਾ ਨਾ ਹੋਣ ਕਰਕੇ ਉਸ ਨੂੰ ਉਸਦੇ ਮਾਪੇ ਨਾਲ ਲੈ ਗਏ। ਪਰ ਹਰਦੀਪ ਦੇ ਇਕ ਦੁੱਧ ਚੁੰਘਦਾ ਬੱਚਾ ਮਾਣਕ ਹੈ। ਲੰਬੀ ਸੁੰਨ ਸਾਨ ਜ਼ਿੰਦਗੀ ਤੇ ਉੱਪਰੋਂ ਭਰ ਜੁਆਨੀ। ਇਕ ਪਾਸੇ ਬੱਚੇ ਮਾਣਕ ਦਾ ਪਾਲਣ ਪੋਸ਼ਣ ਤੇ ਉਮਰ ਭਰ ਦਾ ਇਕਲਾਪਾ। ਸਮਾਜ ਵਿੱਚ ਇਕ ਜੁਆਨ ਵਿਧਵਾ ਦਾ ਜੀਉਣਾ ਹੀ ਇਕ ਲੰਬਾ ਸਰਾਪ ਤੇ ਇਖ਼ਲਾਕ ਤੇ ਧੱਬਾ ਲੱਗਣ ਦਾ ਡਰ। ਪਾਤਰ ਹਰਦੀਪ ਦੇ ਅਨੁਸਾਰ "ਬੇਸਹਾਰਾ ਹੋਈ ਹੋਣ ਸੋਚਦੀ ਆਂ, ਇੱਕ ਘਰਵਾਲਾ ਔਰਤ ਲਈ ਕਿੰਨੀ ਮਹਾਨ ਹਸਤੀ ਹੁੰਦਾ ਤੇ ਦੂਸਰੇ ਪਾਸੇ ਮਾਣਕ ਨੂੰ ਆਪਣੇ ਦਾਦਾ ਦਾਦੀ ਕੋਲ ਛੱਡ ਕੇ ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰਨ ਦੀ ਸੋਚ ਦਾ ਇਕ ਲੰਬਾ ਮਹਾਂਭਾਰਤ ਹੈ। ਆਖ਼ਰ ਉਹ ਯੂਨਿਵਰਸਿਟੀ ਦੇ ਪ੍ਰੋਫ਼ੈਸਰ ਤੇ ਸਾਬਕਾ ਕਾਮਰੇਡ ਨਾਲ ਜ਼ਿੰਦਗੀ ਬਿਤਾਉਣ ਨੂੰ ਪਹਿਲ ਦਿੰਦੀ ਹੈ। ਕਹਾਣੀਕਾਰ ਨੇ ਅਸਲ ਵਿੱਚ ਵਿਧਵਾ ਵਿਆਹ ਦੀ ਹਿਮਾਇਤ ਕੀਤੀ ਹੈ। 'ਅੰਦਰਲਾ ਮਹਾਂਭਾਰਤ' ਕਹਾਣੀ ਔਰਤ ਦੇ ਮਾਨਸਿਕ ਦਵੰਦ ਦਾ ਬਹੁਤ ਖ਼ੂਬਸੂਰਤ ਚਿਤਰਣ ਹੈ। ਕਹਾਣੀਕਾਰ ਦੇ ਸ਼ਬਦਾਂ ਵਿੱਚ ਸਮਾਜ ਦੀ ਸੋੜੀ ਸੋਚ ਨੂੰ ਇੰਝ ਬਿਆਨ ਕੀਤਾ ਹੈ "ਰੰਡੀ ਤੇ ਨਿਆਣੇ ਵਾਲੀ ਜਨਾਨੀ ਨੂੰ ਸਮਾਜ 'ਚ ਕੌਣ ਪੁੱਛਦੇ ? ਲੋਕ ਚੁੜੇਲ, ਬੁੱਢੀ, ਬੰਜ਼ਰ ਜਾਂ ਕਦੇ ਪੱਥਰ ਜਿਹੀ ਵੀ ਕਹਿਣਗੇ।"

ਲੇਖਕ ਦੀ ਸੂਝ-ਬੂਝ ਤੇ ਗਿਆਨ ਦਾ ਸਬੂਤ ਹੈ ਉਸ ਨੇ ਭਾਰਤ ਨੂੰ ਭਾਰਤ ਕਿਹਾ, ਦੂਸਰੇ ਤੰਗ ਨਜ਼ਰੀਏ ਤੇ ਫ਼ਿਰਕਾ ਪ੍ਰਸਤ ਲੋਕਾਂ ਵਾਂਗ ਹਿੰਦੂਸਤਾਨ ਨਹੀਂ ਕਿਹਾ। ਜਿਹੜੀ ਗਲਤੀ ਆਮ ਲੋਕ ਕਰਦੇ ਹਨ। ਲੇਖਕ ਦਾ ਇਹ ਵੀ ਮੰਨਣਾ ਹੈ ਕਿ ਗੁਰਮੀਤ ਦੀ ਸੋਚ ਮਾਰਕਸਵਾਦ ਨੂੰ ਪੜ੍ਹਕੇ ਸਮਾਜਵਾਦੀ ਹੋ ਗਈ ਅਤੇ ਵਿਚਾਰਧਾਰਾਵਾਂ ਨੂੰ ਮੰਨਣ ਵਾਲੇ ਆਪਣੇ ਬੋਲਾਂ ਤੇ ਪਹਿਰਾ ਦੇਣ ਵਾਲੇ ਹੁੰਦੇ ਹਨ।

**ਲੰਬੀ ਪਤਝੜ**

ਮਾਪਿਆਂ ਤੋਂ ਬਾਹਰੀ ਹੋ ਕੇ ਕਰਾਏ ਪ੍ਰੇਮ ਵਿਆਹ ਤੋਂ ਬਾਅਦ ਸ਼ਾਰਧਾ ਦੇ ਮਨ ਵਿੱਚ ਉਪਜੀ ਗਿਲਾਨੀ ਦੀ ਮਾਨਸਿਕ ਵਿਅੱਥਾ ਹੈ। ਕਿਉਂਕਿ ਸ਼ਾਰਧਾ ਦੇ ਮਾਪਿਆਂ ਵਲੋਂ ਸ਼ਾਰਧਾ ਦੇ ਇਕ ਬੱਚਾ ਹੋਣ ਦੇ ਬਾਵਜੂਦ ਵੀ ਸ਼ਾਰਧਾ ਨਾਲ ਕੋਈ ਮੇਲ ਮਿਲਾਪ ਨਾ ਕਰਨਾ, ਸ਼ਾਰਧਾ ਨੂੰ ਅੰਦਰੋਂ ਅੰਦਰੀ ਤੋੜੀ ਜਾਂਦਾ ਹੈ। ਬੇਸ਼ਕ ਪ੍ਰੀਤਮ ਤੋਂ ਉਸ ਨੂੰ ਕੋਈ ਗਿਲਾ ਸ਼ਿਕਵਾ ਨਹੀਂ ਹੈ। ਸ਼ਾਰਧਾ ਦੇ ਆਪਣੀ ਜ਼ੁਬਾਨੀ, "ਖੌਰੇ ਗਲਤੀ ਕੀਤੀ ਕਿ ਸਹੀ ਕੀਤਾ। ਤੁਹਾਡਾ ਹਿੱਸਾ ਤਾਂ ਬਣ ਗਈ ਆਂ। ਪਰ ਮੈਂ ਚੁੱਕੀ ਦੇ ਦੋ ਪੁੜਾਂ 'ਚ ਫਸੀ ਪਈ ਆਂ। ਇਕ ਪਾਸੇ ਮਾਪੇ, ਦੂਜੇ ਪਾਸੇ ਤੁਸੀ" ਆਖ਼ਰ ਵਿੱਚ ਸ਼ਾਰਧਾ ਪ੍ਰੀਤਮ ਨੂੰ ਛੱਡ ਕੇ ਆਪਣੇ ਮਾਪਿਆਂ ਕੋਲ ਜਾਣ ਨੂੰ ਚੁਣਦੀ ਹੈ। ਪ੍ਰੀਤਮ ਦੀ ਜ਼ਿੰਦਗੀ ਦੀ ਇਹ ਇਕ ਲੰਬੀ ਪਤਝੜ ਹੋ ਕੇ ਰਹਿ ਜਾਂਦੀ ਹੈ। ਉਹ ਅਜੇ ਵੀ ਦਿਲ ਵਿੱਚ ਇੱਕ ਆਸ ਪਾਲੀ ਬੈਠਾ ਹੈ ਕਿ ਸ਼ਾਇਦ ਸ਼ਾਰਧਾ ਮੁੜ ਹੀ ਆਵੇ। ਲੇਖਕ ਬੜੀ ਮੁਹਾਰਤ ਨਾਲ ਇਤਿਹਾਸਿਕ ਕਲੰਕ ਪਹਾੜੀ ਰਾਜਿਆਂ ਦਾ ਗੁਰੂ ਸਾਹਿਬ ਨੂੰ ਦਿੱਤਾ ਧੋਖ਼ਾ ਤੇ ਜਾਤ ਦਾ ਸਮਾਜਿਕ ਕੋਹੜ ਅਤੇ ਜ਼ਮੀਨ ਤੇ ਸਾਧਨ ਸੰਪੰਨ ਹੋਣ ਦਾ ਹੰਕਾਰ ਵੀ ਪ੍ਰੀਤਮ ਦੀ ਸੋੜੀ ਸੋਚ ਵਿੱਚ ਕਿਤੇ ਪਿਆ ਹੈ, ਵੱਲ ਵੀ ਇਸ਼ਾਰਾ ਕਰ ਗਿਆ। ਜਦੋਂ ਪ੍ਰੀਤਮ ਸੋਚਦਾ ਹੈ, ਮੈਂ ਜੱਟਾਂ ਦਾ ਪੁੱਤ ਆਂ। ਵਧੀਆ ਨੌਕਰੀ ਕਰਦਾ ਹਾਂ। ਚਾਰ ਕਿੱਲੇ ਜ਼ਮੀਨ ਵੀ ਏ। ਪਿੰਡ ਵਿੱਚ ਕਿਸੇ ਨੂੰ ਖੰਘਣ ਨਹੀਂ ਦੇਂਦਾ।

**ਮਰੀਜ਼**

ਲੇਖਕ ਅਨੁਸਾਰ ਕਰੋਨਾ ਵਾਇਰਸ ਚੀਨ ਦਾ ਸਵੈ-ਨਿਰਮਤ ਵਾਇਰਸ ਹੈ ਜੋ ਵੂਹਾਨ ਸ਼ਹਿਰ ਤੋਂ ਸ਼ੁਰੂ ਹੋ ਕੇ ਮਨੁੱਖਤਾ ਦਾ ਘਾਣ ਕਰਨ ਲਈ ਸਾਰੀ ਦੁਨੀਆ ਵਿਚ ਫੈਲ ਗਿਆ। ਰਾਜਨੀਤਕ ਲੋਕਾਂ ਨੇ, ਕਾਰਪੋਰੇਟ ਅਦਾਰਿਆਂ ਨੇ, ਵਿਉਪਾਰੀਆਂ ਅਤੇ ਡਾਕਟਰਾਂ ਨੇ ਲੋਕਾਂ ਨੂੰ ਲੁੱਟਣ ਦਾ ਪੇਸ਼ਾ ਬਣਾਇਆ ਤੇ ਖੂਬ ਕਮਾਈ ਕੀਤੀ। ਇਹ ਉਹ ਕਹਾਣੀ ਹੈ ਜੋ ਦੁਨੀਆ ਦੇ ਹਰ ਸ਼ਖ਼ਸ ਨੇ ਚਾਹੇ ਮਰੀਜ਼ ਹੈ, ਚਾਹੇ ਡਾਕਟਰ ਹੈ, ਨੇ ਆਪਣੇ ਪਿੰਡੇ ਤੇ ਹੰਢਾਈ ਹੈ। ਹਰ ਸ਼ਖ਼ਸ ਡਾਕਟਰ ਗੁਰਮੇਲ ਦੀ ਤਰ੍ਹਾਂ ਮਾਨਸਿਕ ਤੌਰ ਤੇ ਟੁੱਟ ਚੁੱਕਾ ਸੀ। ਜ਼ਿੰਦਗੀ ਨਿਰਾਸ਼ਾ ਨਾਲ ਭਰ ਗਈ ਸੀ। ਬੱਚੇ ਆਪਣੇ ਮਾਪਿਆਂ ਦੇ ਉੱਤਰੇ ਹੋਏ ਤੇ ਖ਼ੌਫਨਾਕ ਚੇਹਰਿਆਂ ਤੋਂ ਭੈਅ ਭੀਤ ਸਨ। ਉਹ ਵੀ ਘੋਰ ਨਿਰਾਸ਼ਾ ਵਿਚ ਗ੍ਰਸੇ ਗਏ। ਪਰ ਡਾਕਟਰੀ ਪੇਸ਼ਾ ਹੋਣ ਕਰਕੇ ਆਪਣੇ ਮਰੀਜ਼ਾਂ ਵਿੱਚ ਆਸ ਦੀ

ਕਿਰਨ ਜਗਾਉਣਾ ਡਾਕਟਰ ਗੁਰਮੇਲ ਦਾ ਫ਼ਰਜ਼ ਬਣਦਾ ਸੀ। ਪਰ ਆਪਣੇ ਪੁੱਤਰ ਦੀਆਂ ਡਰਾਉਣੀਆਂ ਤੇ ਨਿਰਾਸ਼ਾਵਾਦੀ ਗੱਲਾਂ ਸੁਣਕੇ ਉਹ ਇਸ ਯਥਾਰਥ ਦਾ ਸਾਹਮਣਾ ਕਰਨ ਲਈ ਆਪਣੇ ਵਿੱਚ ਹੌਂਸਲਾ ਭਰਨ ਦੀ ਤੇ ਆਪਣੇ ਪੁੱਤਰ ਨੂੰ ਪ੍ਰੇਰਨਾ ਦੇਣ ਦੀ ਕੋਸ਼ਿਸ਼ ਕਰਦਾ ਹੈ।

ਜਦੋਂ ਅਸੀਂ ਆਪਣੇ ਆਪ ਨੂੰ ਠੀਕ ਕਰਦੇ ਹਾਂ ਤਾਂ ਸਾਡਾ ਆਲ਼ਾ-ਦੁਆਲ਼ਾ ਵੀ ਠੀਕ ਹੁੰਦਾ ਪ੍ਰਤੀਤ ਹੁੰਦਾ ਹੈ। ਪੁੱਤਰ ਦੇ ਦਿਲ ਦਾ ਡਰ ਕੱਢਦੇ ਕੱਢਦੇ ਉਸ ਦੇ ਆਪਣੇ ਵਿਚ ਵੀ ਹਿੰਮਤ ਆ ਜਾਂਦੀ ਹੈ। ਇਹ ਹਿੰਮਤ ਉਸ ਨੂੰ ਤੇ ਉਸਦੇ ਪੁਤਰ ਨੂੰ ਡਰ ਦਾ ਮੁਕਾਬਲਾ ਕਰਨ ਵਿਚ ਮਦਦ ਕਰਦੀ ਹੈ ਤੇ ਆਲਾ ਦੁਆਲ਼ਾ ਮਹਿਕ ਉੱਠਦਾ ਹੈ। ਜਦੋਂ ਵਿਚਾਰ ਬਿਮਾਰ ਹੁੰਦੇ ਹਨ ਤਾਂ ਸਰੀਰ ਵੀ ਬਿਮਾਰ ਹੋ ਜਾਂਦਾ ਹੈ ਤੇ ਬਿਮਾਰੀ ਨਿਰਾਸ਼ਾ ਦਾ ਮਾਹੌਲ ਸਿਰਜ ਦਿੰਦੀ ਹੈ। ਅਣਸੁਖਾਵੀਆਂ ਕਲਪਨਿਕ ਘਟਨਾਵਾਂ ਸੱਚ ਹੁੰਦੀਆਂ ਜਾਪਣ ਲੱਗਦੀਆਂ ਹਨ। ਪਰ ਜਦੋਂ ਜਜ਼ਬੇ ਭਾਫਾਂ ਛੱਡਦੇ ਚੌਲਾਂ ਵਰਗੇ ਗਰਮ ਹੋ ਜਾਂਦੇ ਹਨ, ਮੁਸੀਬਤਾਂ ਮੁਖੀਆਂ ਦੀ ਤਰ੍ਹਾਂ ਉੱਡ ਜਾਂਦੀਆਂ ਹਨ।"

**ਵਿਸ਼ੇ** : ਲੇਖਕ ਸਾਡੇ ਸਮਾਜਿਕ ਤੇ ਪ੍ਰਸ਼ਾਸਨਿਕ ਵਿਵੱਸਥਾ ਤੇ ਵੀ ਚੋਟ ਕਰਦਾ ਹੈ, ਕਿ ਕਿਸ ਤਰ੍ਹਾਂ ਮਾਇਆ ਦੀ ਅੰਨ੍ਹੀ ਦੌੜ ਕਰਕੇ ਸਾਡੇ ਮਹਿਕਮੇ ਰਿਸ਼ਵਤ ਲੈਂਦੇ ਹਨ ਤੇ ਪੁਲਿਸ ਝੂਠੇ ਮੁਕਾਬਲੇ ਬਣਾਉਂਦੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਵੰਸ਼ ਨੂੰ ਅੱਗੇ ਤੁਰਨ ਵਾਸਤੇ ਇਕ ਲੜਕੇ ਦੀ ਲੋੜ ਨੂੰ ਮਹਿਸੂਸ ਕਰਨਾ, ਅੱਧਖੜ੍ਹ ਹੋ ਚੁੱਕੀ ਰੂਪਾ ਦੇ ਤ੍ਰਿਸਕਾਰ ਦੀ ਵਜ੍ਹਾ ਬਣਦੀ ਹੈ। ਲੇਖਕ ਨੇ ਬਹੁਤ ਬਰੀਕੀ ਨਾਲ ਸਮਾਜ ਦੇ ਯਥਾਰਥਿਕ ਪਹਿਲੂ ਦੀ ਤਸਵੀਰ ਖਿੱਚੀ ਹੈ।

ਗਲੇਸ਼ੀਅਰ ਪਿਘਲ ਗਿਆ ਕਹਾਣੀ ਦਾ ਵਿਸ਼ਾ ਔਰਤ ਦੀ ਬੇਬਸੀ ਨੇ ਉਸ ਦੀ ਜ਼ੁਬਾਨ ਬੰਦ ਕਰ ਦਿੱਤੀ ਹੈ ਉਸਦੀਆਂ ਚਾਹਤਾਂ, ਉਮੀਦਾਂ, ਇਛਾਵਾਂ ਜੰਮ ਕੇ ਬਹੁਤ ਵੱਡਾ ਗਲੇਸ਼ੀਅਰ ਬਣ ਜਾਂਦਾ ਹੈ, ਪਰ ਜਦੋਂ ਇਹ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ ਤਾਂ ਉਹ ਅਨੈਤਿਕ ਰਸਤਾ ਇਖ਼ਤਿਆਰ ਕਰ ਲੈਂਦੀ ਹੈ। ਜਿਸ ਵਿੱਚ ਫਿਰ ਪੁਰਸ਼ ਦੀ ਪੁੱਗਦੀ ਹੈ ਤੇ ਉਹ ਨਿੰਮੋ ਦਾ ਸ਼ਰੀਰਕ ਸ਼ੋਸ਼ਣ ਕਰਦਾ ਹੈ।

ਬਣਵਾਸ ਲੋਭ ਦੀ ਅੰਨ੍ਹੀ ਦੌੜ ਵਿੱਚੋਂ ਪੈਦਾ ਹੋਏ ਧੋਖੈ, ਫ਼ਰੇਬ ਤੇ ਤਿੜਕਦੇ ਰਿਸ਼ਤਿਆਂ ਦੀ ਦਾਸਤਾਂ ਹੈ।

ਔਰਤ-ਮਰਦ ਗ੍ਰਹਿਸਥੀ ਗੱਡੀ ਦੇ ਦੋ ਅਜਿਹੇ ਅਜੀਬ ਪਹੀਏ ਹਨ ਕਿ ਮਰਦ ਤਾਂ ਸ਼ਾਇਦ ਔਰਤ ਤੋਂ ਬਿਨਾਂ ਸਮਾਜ ਵਿਚ ਵਿਚਰ ਸਕਦਾ ਹੈ, ਪਰ ਔਰਤ ਦਾ ਮਰਦ ਬਿਨਾਂ ਵਿਚਰਨਾ ਮੁਹਾਲ ਹੈ। ਪਾਤਰ ਹਰਦੀਪ ਦੇ ਸ਼ਬਦਾਂ ਵਿਚ,"ਬੇਸਹਾਰਾ ਹੋਈ ਹੁਣ ਸੋਚਦੀ ਆਂ, ਇੱਕ ਘਰਵਾਲਾ ਔਰਤ ਲਈ ਕਿੰਨੀ ਮਹਾਨ ਹਸਤੀ ਹੁੰਦਾ।(ਅੰਦਰਲਾ ਮਹਾਂਭਾਰਤ)

ਆਪਣੀਆਂ ਇਛਾਵਾਂ ਦੀ ਪੂਰਤੀ ਲਈ ਜੰਮਣ ਤੇ ਪਾਲਣ ਪੋਸ਼ਣ ਕਰਨ ਵਾਲੇ ਮਾਪਿਆਂ ਨੂੰ ਪਲਾਂ ਵਿਚ ਹੀ ਛੱਡ ਕੇ ਕਿਸੇ ਅਣਜਾਣ ਸ਼ਖਸ ਨਾਲ ਵਿਆਹ ਕਰਨ ਦਾ ਪਛਤਾਵਾ ਹੈ (ਲੰਬੀ ਪਤਝੜ)

ਜੀਵਨ ਵਿਚ ਜਿੰਨੀਆਂ ਮਰਜ਼ੀ ਮੁਸ਼ਕਲਾਂ ਹੋਣ, ਜਾਂ ਲੋਭ ਰੂਪੀ ਕਰੂਨਾ ਜੋ ਸਮਾਜ ਨੂੰ ਤੇਜ਼ੀ ਨਾਲ ਨਿੱਗਲ ਰਿਹਾ ਹੋਵੇ, ਤੇ ਨਾ-ਉਮੀਦੀਆਂ ਪੈਦਾ ਕਰ ਰਿਹਾ ਹੋਵੇ ਪਰ ਬੁਝੇ ਹੌਂਸਲੇ ਤੇ ਬਿਮਾਰ ਸੋਚ ਨਾਲ ਅਸੀਂ ਆਪਣੀਆਂ ਨਸਲਾਂ ਵਿਚ ਦਲੇਰੀ ਅਤੇ ਜੀਉਣ ਦੀ ਚਾਹ ਪੈਦਾ ਨਹੀਂ ਕਰ ਸਕਦੇ।(ਮਰੀਜ਼) ਕਹਾਣੀਕਾਰ ਨੇ ਲਗਭਗ ਸਿੱਧੇ ਤੇ ਅਸਿੱਧੇ ਤੌਰ ਤੇ ਸਾਨੂੰ ਨਿੱਗਰ ਤੰਦਰੁਸਤ ਤੇ ਪ੍ਰੇਮ ਪਿਆਰ ਵਾਲਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ। ਇਹ ਸਾਰੇ ਵਿਸ਼ੇ ਬਾਹਰੀ ਘੱਟ ਤੇ ਮਨੁੱਖ ਦੇ ਧੁਰ ਅੰਦਰ ਦੇ ਵੱਧ ਹਨ। ਇਕ ਵਾਰ ਤਾਂ ਆਦਮੀ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਇਸ ਨਾਲ ਉਸ ਨੇ ਹੋਰ ਬਹੁਤ ਸਾਰੇ ਉਪ-ਵਿਸ਼ਿਆਂ ਨੂੰ ਬਾਖ਼ੂਬੀ ਛੁਹਿਆ ਹੈ।

**ਪਾਤਰ ਚਿਤਰਣ**

ਡਾ. ਕਰਮਜੀਤ ਸਿੰਘ ਨਡਾਲਾ ਦੇ ਪਾਤਰ ਸਾਡੇ ਵਰਗੇ ਆਮ ਲੋਕ ਹਨ ਉਸ ਦੇ ਪਾਤਰ ਮੱਧਮ ਵਰਗ ਦੇ ਲੋਕ ਜੋ ਸਾਡੇ ਆਲ਼ੇ-ਦੁਆਲ਼ੇ ਆਮ ਮਿਲ ਜਾਂਦੇ ਹਨ। ਕਹਾਣੀਕਾਰ ਨੇ ਆਪਣੀ ਪੈਨੀ ਸ਼ੈਲੀ ਨਾਲ ਬਹੁਤ ਖ਼ੂਬਸੂਰਤੀ ਨਾਲ ਯਥਾਰਥਕ ਪਾਤਰ ਚਿਤਰਣ ਕੀਤੇ ਹਨ। ਪਾਤਰਾਂ ਦੀ ਬਾਹਰੀ ਬਣਤਰ ਨਾਲੋਂ ਜ਼ਿਆਦਾ ਜ਼ੋਰ ਉਹਨਾਂ ਦੀ ਮਨੋਸਥਿੱਤੀਆਂ ਨੂੰ ਬਰੀਕੀ ਨਾਲ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਬਨਾਵਟੀ ਨਹੀਂ

ਲੱਗਦੀ ਸਗੋਂ ਸੁਭਾਵਿਕ ਲੱਗਦੀ ਹੈ। ਬਹੁਤੀਆਂ ਕਹਾਣੀਆਂ ਵਿਚ ਪੁਲਸੀਏ ਦਾ ਪਾਤਰ ਸਿਰਜਿਆ ਗਿਆ ਹੈ।ਉਹ ਕਨੂੰਨ ਤੋਂ ਲਾਪਰਵਾਹ ਹੋ ਕੇ, ਤਾਕਤ ਦੀ ਗਲਤ ਵਰਤੋਂ ਕਰਨ ਦੀ ਦਲੇਰੀ ਕਰਦਾ ਸਾਨੂੰ ਕਹਾਣੀਆਂ ਤੇ ਜੀਵਨ ਵਿਚ ਆਮ ਨਜ਼ਰ ਆ ਜਾਂਦਾ ਹੈ।

**ਬਿੰਬਵਿਧਾ ਦੀਆਂ ਕੁਝ ਉਦਹਾਰਣਾਂ**

ਪਰ ਰੂਪਾ ਤਾਂ ਆਪ ਅੱਥਰੀ ਨਦੀ ਸੀ ਜਿਹੜੀ ਮਿੱਟੀ ਦੇ ਕਿਨਾਰਿਆਂ ਨਾਲ ਜਾਣ-ਬੁੱਝਕੇ ਖਹਿੰਦੀ, ਕਈਆਂ ਦਾ ਸੰਗ ਵੀ ਮਾਣ ਲੈਂਦੀ ਰਹੀ।

ਨਿਆਣੇ ਵੀ ਉਹਨੂੰ ਇਵੇਂ ਜਾਪਦੇ, ਜਿਵੇਂ ਵਲੈਤਣ ਗਾਂ ਨੂੰ ਚਿੱਚੜ ਪਏ ਚੰਬੜੇ ਹੋਣ।"

ਰੂਪਾ ਪਾਰੇ ਵਾਗੂੰ ਭੱਜੀ ਫਿਰਦੀ।"

**ਬੋਲੀ**

ਗਲੇਸ਼ੀਅਰ ਪਿਘਲ ਗਿਆ ਕਹਾਣੀ ਸੰਗ੍ਰਿਹ ਦੇ ਸਾਰੇ ਪਾਤਰ ਹੀ ਸਥਾਨਕ ਹਨ, ਪੰਜਾਬ ਦੇ ਵਸਨੀਕ ਹਨ ਉਹ ਵੀ ਦੁਆਬੇ ਤੇ ਮਾਝੇ ਦੇ ਖੇਤਰ ਦੇ। ਜਿਸ ਕਰਕੇ ਉਹਨਾਂ ਦੀ ਬੋਲੀ ਟਕਸਾਲੀ ਬੋਲੀ ਦੇ ਬਹੁਤ ਨੇੜੇ ਹੈ।ਸਿਰਫ਼ ਕਹਾਣੀ ਲੰਬੀ ਪੱਤਝੜ ਦੀ ਇਕ ਪਾਤਰ ਸ਼ਾਰਦਾ ਹੀ ਹੈ ਜੋ ਪਹਾੜਨ ਹੈ ਪਰ ਇੱਥੇ ਵੀ ਕਹਾਣੀਕਾਰ ਉਸ ਦੀ ਨਿਸ਼ਾਨਦੇਹੀ ਨਹੀਂ ਕਰਦਾ ਕਿਹੜੇ ਪਹਾੜੀ ਇਲਾਕੇ ਦੀ ਹੈ।ਪਰ ਕਹਾਣੀ ਦੀ ਵਾਰਤਾਲਾਪ ਤੋਂ ਲੱਗਦਾ ਹੈ ਕਿ ਇਹ ਸ਼ਾਰਦਾ ਉਸ ਇਲਾਕੇ ਨਾਲ ਸੰਬੰਧਿਤ ਹੈ ਜਿਸ ਦੇ ਬਵੰਜਾ ਰਾਜੇ ਗੁਰੂ ਸਾਹਿਬ ਨੂੰ ਛੱਡ ਗਏ ਸਨ।

**ਸ਼ਬਦ ਜੋੜ**

ਲੇਖਕ ਕੁਝ ਜਗ੍ਹਾ ਅਵੇਸ਼ ਵਿਚ ਆ ਕੇ ਸ਼ਬਦਾਂ ਦੇ ਸਹੀ ਸ਼ਬਦ ਜੋੜਾਂ ਤੋਂ ਅਵੇਸਲਾ ਹੋ ਗਿਆ। ਦੋ ਕੁ ਜਗ੍ਹਾ ਢੁੱਕਵੇਂ ਸ਼ਬਦ ਦੀ ਅਣਹੋਂਦ ਕਰਕੇ ਅਰਥ ਬਦਲ ਗਏ ਹਨ। ਕਈ ਜਗ੍ਹਾ ਹਿੰਦੀ, ਉਰਦੂ ਤੇ ਅੰਗਰੇਜ਼ੀ ਦਾ ਸ਼ਬਦਾਂ ਦੀ ਵਰਤੋਂ ਕੀਤੀ ਹੈ। ਮਰੀਜ਼ ਕਹਾਣੀ ਉੱਤਮ ਪੁਰਖ ਵਿੱਚ ਲਿਖੀ ਗਈ ਹੈ ਉਸ ਵਿੱਚ ਪਾਤਰ ਆਪਣੀ ਕਹਾਣੀ ਸੁਣਾ ਰਿਹਾ ਹੈ ਇਸ ਵਿੱਚ ਉਸਨੂੰ ਛੂਟ ਹੈ ਕਿਉਂਕਿ ਪਾਤਰ ਖੁਦ ਇਕ ਪੜ੍ਹਿਆ ਲਿਖਿਆ ਡਾਕਟਰ ਹੈ ਉਸ ਦੀ ਬੋਲੀ ਵਿਚ ਅੰਗਰੇਜ਼ੀ ਦੇ ਸ਼ਬਦਾਂ ਦਾ ਹੋਣਾ ਸੁਭਾਵਕ ਹੈ।ਪਰ ਦੂਜੀਆਂ ਕਹਾਣੀਆਂ ਵਿੱਚ ਲੇਖਕ ਅਵੇਸ਼ ਵਿਚ ਹੀ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਕਰ ਗਿਆ ਹੈ। ਲੇਖਕ ਨੇ ਬਹੁਤ ਸਾਰੇ ਪੰਜਾਬੀ ਦੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਜਾਂ ਤਾਂ ਅਲੋਪ ਹੋ ਰਹੇ ਹਨ ਜਾਂ ਵਰਤੋਂ ਵਿਚ ਬਹੁਤ ਘੱਟ ਆਉਂਦੇ ਹਨ। ਲੇਖਕ ਇਸ ਗੱਲੋਂ ਵੀ ਵਧਾਈ ਦਾ ਪਾਤਰ ਹੈ ਕਿ ਉਸ ਨੇ ਪੰਜਾਬੀ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਹੈ। ਇਸੇ ਕਰਕੇ ਹੀ ਕਈ ਜਗ੍ਹਾ ਉਸ ਦੇ ਆਪਣੇ ਸ਼ਬਦ ਜੋੜ ਵੀ ਗਲਤ ਹੋ ਗਏ ਹਨ।

ਸ਼ਬਦਾਵਲੀ ਰੌਚਕ, ਤੇਜ਼ਧਾਰ ਤੇ ਪ੍ਰਭਾਵਸ਼ਾਲੀ ਹੈ ਜੋ ਦਿਲ ਤੇ ਦਿਮਾਗ਼ ਵਿੱਚ ਧੱਸਦੀ ਜਾਂਦੀ ਹੈ। ਘਟਨਾਵਾਂ ਬਹੁਤ ਗੁੰਝਲਦਾਰ ਨਹੀਂ ਹਨ, ਸਗੋਂ ਛੋਟੀਆਂ ਛੋਟੀਆਂ ਘਟਨਾਵਾਂ ਦਾ ਵਿਸਥਾਰ ਮਾਤਰ ਹੈ।ਪਰ ਪਾਤਰਾਂ ਦੀ ਮਨੋਸਥਿੱਤੀ ਤੇ ਉਹਨਾਂ ਦੇ ਚੁਗਿਰਦੇ ਨੂੰ ਬਹੁਤ ਹੀ ਰੌਚਕ ਸ਼ੈਲੀ ਵਿਚ ਬਿਆਨ ਕੀਤੇ ਨੂੰ ਪੜ੍ਹਦੇ ਹੋਏ ਪਾਠਕ ਕਹਾਣੀਆਂ ਵਿੱਚ ਖੁੱਭਿਆ ਰਹਿੰਦਾ ਹੈ। ਜੋ ਡਾ. ਕਰਮਜੀਤ ਸਿੰਘ ਨਡਾਲਾ ਨੂੰ ਸਫ਼ਲ ਕਹਾਣੀਕਾਰ ਬਣਾਉਂਦਾ ਹੈ। ਸਿਰਫ਼ ਇੱਕ ਛੋਟੀ ਜਿਹੀ ਘਟਨਾ ਕਿ ਰੂਪਾ ਆਪਣੇ ਖੂਬਸੂਰਤ ਤੇ ਭਖ਼ਦੇ ਜੋਬਨ ਤੇ ਕਾਬੂ ਨਾ ਰੱਖਣ ਕਰਕੇ ਆਪਣੀ ਹੱਵਸ, ਕਾਮ, ਵਾਸ਼ਨਾ ਅਤੇ ਸ਼ਹਿਜਾਦੀਆਂ ਵਰਗੇ ਸੁੱਖ ਭੋਗਣ ਦੇ ਸੁਪਨਿਆਂ ਦੀ ਚਾਹ ਖ਼ਾਤਰ ਛੱਡਕੇ ਚਲੀ ਜਾਂਦੀ ਹੈ। ਆਖਿਰ ਜੁਆਨੀ ਦੇ ਸੂਰਜ ਦੇ ਢਲਣ ਤੇ ਜ਼ਿੰਦਗੀ ਦੇ ਯਥਾਰਥ ਨੇ ਰੂਪਾ ਦੀਆਂ ਅੱਖਾਂ ਖੋਲ੍ਹੀਆਂ ਤੇ ਵਾਪਸ ਪ੍ਰੇਮੀ ਦੇ ਕੋਲ ਆ ਜਾਂਦੀ ਹੈ ਤੇ ਆਪਣੇ ਪਹਿਲੇ ਹਾਲਾਤ ਨਾਲ ਸਮਝੌਤਾ ਕਰ ਲੈਂਦੀ ਹੈ।

ਜੀਵਨ ਵਿੱਚ ਕੁਝ ਵੀ ਪੂਰਣ ਨਹੀਂ ਹੁੰਦਾ, ਕੋਈ ਨਾ ਕੋਈ ਖ਼ਾਮੀ ਰਹਿ ਹੀ ਜਾਂਦੀ ਹੈ। ਪਰ ਕਹਾਣੀਕਾਰ ਕੁਝ ਕੁ ਰਚਨਾਤਮਿਕ ਖਾਮੀਆਂ ਤੇ ਆਪਣੀ ਅਨੂਠੀ ਸ਼ੈਲੀ ਨਾਲ ਹਾਵੀ ਰਿਹਾ ਹੈ।ਕਹਾਣੀ ਜਗਤ ਲਈ ਇਹ ਇਕ ਵਿਲਖਣ ਕਿਤਾਬ ਹੈ। ਜੋ ਪੜ੍ਹੇਗਾ ਉਸ ਦੀ ਪੜ੍ਹਨ ਦੀ ਭੁੱਖ ਨੂੰ ਤ੍ਰਿਪਤ ਕਰੇਗੀ। ਤੇ ਉਹ ਦੂਸਰਿਆਂ ਨੂੰ ਵੀ ਪੜ੍ਹਨ ਲਈ ਪ੍ਰੇਰਤ ਕਰੇਗਾ।ਇਸ ਕਿਤਾਬ ਰਾਹੀਂ ਡਾ. ਕਰਮਜੀਤ ਸਿੰਘ ਨਡਾਲਾ ਨੇ ਪੰਜਾਬੀ ਸਾਹਿਤ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਡਾਕਟਰ ਸਾਹਿਬ ਵਧਾਈ ਦੇ ਪਾਤਰ ਹਨ।

# ਗੁਰੂ ਤੇਗ ਬਹਾਦਰ



**ਜਸਵੰਤ ਜ਼ਫ਼ਰ**

ਅੱਜ ਕੁਵੇਲੇ ਉੱਠਿਆ ਹਾਂ
ਛੁੱਟੀ ਹੈ
ਨੌਵੇਂ ਪਾਤਸ਼ਾਹ ਦੇ ਸ਼ਹੀਦੀ ਦਿਨ ਦੀ
ਉਬਾਸੀ ਨੇ ਚਾਹ ਨੂੰ 'ਵਾਜ ਮਾਰੀ ਹੈ

ਕੇਸੀ ਨ੍ਹਾਵਾਂਗਾ
ਪਿਛਲੇ ਐਤਵਾਰ ਨਹੀਂ ਨਹਾ ਸਕਿਆ
ਆਪਣੇ ਝੰਜਟਾਂ ਝੁਮੇਲਿਆਂ ਕਾਰਨ

ਕੇਸੀ ਨ੍ਹਾਉਂਣ ਤੋਂ ਆਪਣਾ ਸਿਰ ਚੇਤੇ ਆਇਆ
ਆਪਣੇ ਸਿਰ ਤੋਂ ਗੁਰੂ ਦਾ ਸੀਸ ਯਾਦ ਆਇਆ
ਜੋ ਅੱਜ ਦੇ ਦਿਨ ਉਤਾਰਿਆ ਸੀ
ਹੈਂਕੜ ਦੇ ਦਸਤੇ ਵਾਲੀ ਹਕੂਮਤ
ਹੱਥ ਫੜੀ ਅਨਿਆਂ ਦੀ ਤਲਵਾਰ ਨੇ
ਪਰ ਕੱਟਿਆ ਸੀਸ ਹੇਠਾਂ ਨਾ ਡਿੱਗਿਆ
ਰੁਲ਼ਿਆ ਨਾ ਮਿਟਿਆ
ਅੰਬਰ ਤੇ ਜਾ ਦਰਸ਼ਨੀ ਹੋਇਆ
ਇਤਿਹਾਸ ਦੇ ਅੰਬਰ ਤੇ
ਸੋਚਾਂ ਦੇ ਅਸਮਾਨ ਤੇ
ਜੋ ਰਾਹ ਰੁਸ਼ਨਾਉਂਦਾ ਰਹੇਗਾ ਮਨੱਖਾਂ ਦਾ
ਮਨੁੱਖਤਾ ਦੇ ਰਹਿਣ ਤੱਕ

ਹੁਣੇ ਮੈਂ ਕੇਸੀ ਨ੍ਹਾਵਾਂਗਾ
ਕੇਸਾਂ ਨੂੰ ਮਲਦਿਆਂ
ਆਪਣੇ ਸਿਰ ਨਾਲ ਗੱਲਾਂ ਕਰਾਂਗਾ ਪਿਆਰ ਨਾਲ
ਕੁਝ ਇਸ ਤਰ੍ਹਾਂ-
ਯਾਰ ਤੂੰ ਵੀ ਕਿਸੇ ਕੰਮ ਆਇਆ ਕਰ
ਦਿਨੇ ਮੋਢਿਆਂ ਤੇ ਝੂਟੇ ਹੀ ਨਾ ਲੈਂਦਾ ਰਿਹਾ ਕਰ
ਰਾਤ ਨੂੰ ਸਰਾਹਣਾ ਹੀ ਨਾ ਮਿੱਧਿਆ ਕਰ

ਅੱਜ ਦੇ ਦਿਨ ਗੁਰੂ ਨੇ ਸੀਸ ਦਿੱਤਾ ਸੀ
ਮੈਂ ਅੱਜ ਆਪਣੇ ਸਿਰ ਨਾਲ ਗੱਲਾਂ ਕਰਾਂਗਾ
ਪਿਆਰ ਨਾਲ
ਕੁਝ ਇਸ ਤਰ੍ਹਾਂ

# ਸੁਪਨੇ ਪਿੰਡ ਦੇ

(ਕਰੋਨਾ ਕਾਲ 'ਚ ਕੀਤੀ ਤੁਕਬੰਦੀ)

**ਪ੍ਰੋ. (ਡਾ.) ਕਮਲੇਸ਼ ਦੁਗਲ**



ਛਤੀ ਕੁ ਵਰ੍ਹੇ ਪਹਿਲਾਂ ਪਿੰਡ ਛੱਡ ਆਇਆ ਸਾਂ
ਰੋਜ਼ੀ ਰੋਟੀ ਖਾਤਰ ਸ਼ਹਿਰ ਵਸ ਗਿਆ ਸਾਂ

ਗੱਲ ਬੜੀ ਅਜੀਬ ਸੀ ਇਨ੍ਹਾਂ ਵਰ੍ਹਿਆਂ ਵਿੱਚ
ਮੈਨੂੰ ਹਮੇਸ਼ਾ ਹੀ ਸੁਪਨੇ ਆਪਣੇ ਪਿੰਡ ਦੇ ਆਉਂਦੇ ਰਹੇ

ਕਦੇ ਭਾਗੋ ਭੂਆ ਦੀ ਭੱਠੀ ਤੋਂ ਦਾਣੇ ਭੁੰਨਾਉਣ ਦੇ
ਕਦੇ ਅੰਬਾਂ ਦੇ ਬਾਗਾਂ ਚੋਂ ਅੰਬੀਆਂ ਚੁਰਾਉਣ ਦੇ

ਕਦੇ ਮਾਸਟਰਾਂ ਤੋਂ ਕੁੱਟ ਖਾਣ ਦੇ ਕਦੇ ਸਾਰੀ ਜਮਾਤ
ਸਾਹਮਣੇ ਕੰਨ ਫੜਾ ਕੇ ਮੁਰਗਾ ਬਣਾਉਣ ਦੇ

ਉਦਾਸੀ ਦੇ ਅਖਾੜੇ ਲਗਾਉਣ ਦੇ ਕਦੇ ਭਾਈ ਮੰਨਾ ਸਿੰਘ ਦੀ
ਨਾਟਕ ਮੰਡਲੀ ਮੰਗਾਉਣ ਦੇ ਕਦੇ ਖੇਡ ਮੁਕਾਬਲੇ ਕਰਾਉਣ ਦੇ

ਕਰੋਨਾ ਦੇ ਕਹਿਰ ਨੇ ਸੁਪਨਿਆਂ ਦੀ ਇਹ ਲੜੀ
ਮਧੋਲ ਕੇ ਰੱਖ ਦਿੱਤੀ ਰੋਲ਼ ਕੇ ਰੱਖ ਦਿੱਤੀ

ਰਾਤਾਂ ਦੇ ਓਨੀਂਦਰੇਪਣ 'ਚ ਸ਼ਾਂ-ਸ਼ਾਂ ਕਰਦਾ ਸੰਨਾਟਾ ਸੀ
ਅੰਗੜਾਈਆਂ ਦੇ ਇਸ ਦੌਰ 'ਚ ਸੁਪਨੇ ਮਨਫ਼ੀ ਹੋ ਗਏ

ਚਾਹੁੰਦਾ ਇਹ ਹਾਂ ਮੈਂ ਸੁਪਨਿਆਂ ਦੀ ਲੜੀ 'ਚ ਦੁਬਾਰਾ
ਪਿੰਡ ਦੇ ਖੁਆਬ ਦੇਖਦਾ ਰਹਾਂ... ਦੇਖਦਾ ਰਹਾਂ...।

# ਇੰਡੋ-ਕਨੇਡੀਅਨ ਪਰਵਾਸੀਆਂ ਦਾ ਸੰਘਰਸ਼ਨਾਮਾ

**ਸੁਰਿੰਦਰ ਸੰਘਾ**

**ਇਹ ਕਿਤਾਬ ਉਨ੍ਹਾਂ ਮਹਾਨ ਯੋਧਿਆਂ ਨੂੰ ਸਮਰਪਿਤ ਹੈ, ਜਿਨ੍ਹਾਂ, ਕਨੇਡਾ ਵਿੱਚ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਦੇ ਹੋਏ ਬਰਾਬਰਤਾ ਵਾਲੇ ਹੱਕ ਪ੍ਰਾਪਤ ਕਰਨ ਲਈ ਜੱਦੋ-ਜਹਿਦਾਂ ਕੀਤੀਆਂ ਅਤੇ ਗ਼ਦਰ ਪਾਰਟੀ ਵਿੱਚ ਸ਼ਾਮਿਲ ਹੋ ਕੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਇਆ ਅਤੇ ਅਥਾਹ ਕੁਰਬਾਨੀਆਂ ਦਿੱਤੀਆਂ।**

**ਭੂਮਿਕਾ**

ਕਨੇਡਾ ਦੇ ਸਰਕਾਰੀ ਰਿਕਾਰਡ ਮੁਤਾਬਕ ਭਾਰਤ ਤੋਂ ਲੋਕਾਂ ਦਾ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਆਉਣਾ ਵੀਹਵੀਂ ਸਦੀ ਦੇ ਆਰੰਭ (1903) ਤੋਂ ਹੀ ਸ਼ੁਰੂ ਹੋਇਆ ਸੀ। ਇਹ ਲੋਕ ਬਿਹਤਰ ਜ਼ਿੰਦਗੀ ਲਈ ਨਵੇਂ ਮੌਕਿਆਂ ਦੀ ਭਾਲ ਵਿੱਚ ਆਏ ਸਨ। ਆਰੰਭ ਵਿੱਚ ਜੋ ਲੋਕ ਆਏ ਉਹ ਤਕਰੀਬਨ ਸਾਰੇ ਪੰਜਾਬ ਦੇ ਪਿੰਡਾਂ ਦੀ ਕਿਸਾਨੀ ਨਾਲ ਹੀ ਸੰਬੰਧਿਤ ਸਨ। ਇਨ੍ਹਾਂ ਵਿੱਚੋਂ ਵੀ ਬਹੁਤੇ ਫ਼ੌਜ ਤੋਂ ਫਾਰਗ ਹੋਏ ਸਿੱਖ ਫ਼ੌਜੀ ਸਨ। ਉਹ ਅੰਗਰੇਜ਼ੀ ਰਾਜ ਦੇ ਵਿਰੁੱਧ ਨਹੀਂ ਸਨ। ਸਿੱਧੇ-ਸਾਦੇ ਹੋਣ ਕਾਰਨ, ਉਨ੍ਹਾਂ ਵਿੱਚ ਸਿਆਸੀ ਸੂਝ ਦੀ ਘਾਟ ਸੀ। ਉਹ ਇਸ ਆਸ ਨਾਲ ਆਏ ਸਨ ਕਿ ਬਰਤਾਨਵੀ ਪਰਜਾ ਹੋਣ ਕਰ ਕੇ ਉਹ ਕਨੇਡਾ ਵਿੱਚ ਪੱਕੇ ਤੌਰ ’ਤੇ ਆਪਣੇ ਪਰਿਵਾਰਾਂ ਸਮੇਤ ਵਸ ਸਕਦੇ ਸਨ। ਭਾਰਤ ਤੋਂ ਲੋਕਾਂ ਦੇ ਕਨੇਡਾ ਵਿੱਚ ਆਉਣ ਤੋਂ ਪਹਿਲਾਂ ਸਦੀਆਂ ਤੋਂ ਰਹਿ ਰਹੇ ਕਨੇਡਾ ਦੇ ਆਦਿ-ਵਾਸੀਆਂ ਨੂੰ ਯੂਰਪੀ ਬਸਤੀਵਾਦੀਆਂ ਨੇ ਛਲ-ਕਪਟ ਨਾਲ ਆਪਣੇ ਅਧੀਨ ਕਰ ਲਿਆ ਸੀ। ਜਦੋਂ ਬਸਤੀਵਾਦੀਆਂ ਨੇ ਇਸ ਦੇਸ਼ ਦਾ ਵਿਕਾਸ ਕਰਨਾ ਸ਼ੁਰੂ ਕੀਤਾ, ਤਾਂ ਉਨ੍ਹਾਂ ਨੂੰ ਲੇਬਰ (ਮਜ਼ਦੂਰਾਂ) ਦੀ ਲੋੜ ਪਈ, ਜਿਸ ਵਿੱਚ ਆਦਿ-ਵਾਸੀ ਜੋ ਸਦੀਆਂ ਤੋਂ ਇਸ ਦੇਸ਼ ਦੇ ਮਾਲਕ ਸਨ, ਨੂੰ ਹੀ ਮਜ਼ਦੂਰਾਂ ਦੇ ਤੌਰ ’ਤੇ ਵਰਤਿਆ ਗਿਆ। ਹੌਲ਼ੀ-ਹੌਲ਼ੀ ਬ੍ਰਿਟਿਸ਼ ਕੋਲੰਬੀਆ ਵਿੱਚ ਉਨੀਵੀਂ ਸਦੀ ਦੇ ਆਰੰਭ ਵਿੱਚ ਲੱਕੜ ਉਦਯੋਗ, ਮੱਛੀਆਂ ਫੜ੍ਹਨ ਅਤੇ ਖਾਣਾਂ ਵਿੱਚੋਂ ਸੋਨਾ ਕੱਢਣ ਦਾ ਵਿਸਥਾਰ ਹੋਣਾ ਸ਼ੁਰੂ ਹੋ ਗਿਆ, ਜਿਸ ਨਾਲ ਕਾਮਿਆਂ ਦੀ ਲੋੜ ਹੋਰ ਵੱਧ ਗਈ। ਜਿਸ ਕਰ ਕੇ 25000 ਹਜ਼ਾਰ ਲੋਕ ਹੋਰ ਬਾਹਰਲੇ ਦੇਸ਼ਾਂ ਤੋਂ ਆ ਗਏ ਸਨ। ਇਨ੍ਹਾਂ ਵਿੱਚ ਬਹੁਤ ਸਾਰੇ ਚੀਨੀ ਮੂਲ ਦੇ ਸਨ।

ਚੀਨੀ ਲੋਕਾਂ ਦੇ ਆਉਣ ਨਾਲ ਗੋਰੇ ਬਸਤੀਵਾਦੀ, ਜੋ ਕੇ ਹਾਲੇ ਵਸੋਂ ਦੇ ਲਿਹਾਜ ਨਾਲ ਕਨੇਡਾ ਵਿੱਚ ਬਹੁ-ਗਿਣਤੀ ਵਿੱਚ ਨਹੀਂ ਸਨ, ਦੇ ਵਿੱਚ ਘੱਟ ਗਿਣਤੀ ਵਿੱਚ ਹੋ ਜਾਣ ਦਾ ਡਰ ਪੈਦਾ ਹੋ ਗਿਆ। ਇੱਥੇ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਸ ਸਮੇਂ ਤੱਕ ਬ੍ਰਿਟਿਸ਼ ਕੋਲੰਬੀਆ ਹਾਲੇ ਕਨੇਡੀਅਨਡਮੀਨੀਅਨ ਦਾ ਹਿੱਸਾ ਨਹੀਂ ਬਣਿਆ ਸੀ। ਸੰਨ 1871 ਨੂੰ ਬ੍ਰਿਟਿਸ਼ ਕੋਲੰਬੀਆ ਇੱਕ ਸਮਝੌਤੇ ਅਧੀਨ ਕਨੇਡੀਅਨ-ਡਮੀਨੀਅਨ ਵਿੱਚ ਸ਼ਾਮਿਲ ਹੋ ਗਿਆ ਕਿ ਡੁਮੀਅਮਨ ਸਰਕਾਰ ਇਸ ਸੂਬੇ ਨੂੰ ਰੇਲਵੇ ਰਾਹੀਂ ਪੂਰਬ ਤੋਂ ਪੱਛਮ ਤੱਕ ਜੋੜੇਗੀ।

ਜਿਸ ਦੇ ਸਿੱਟੇ ਵੱਜੋਂ "ਡੁਮੀਨੀਅਮ ਸਰਕਾਰ ਵੱਲੋਂ ਪੈਸੇਫਿਕ ਰੇਲਵੇ ਲਾਈਨ ਨੂੰ ਵੈਨਕੂਵਰ ਨਾਲ ਜੋੜਨ ਦਾ ਕੰਮ ਸ਼ੁਰੂ



ਹੋ ਗਿਆ।" ਰੇਲਵੇ ਲਾਈਨ ਨੂੰ ਪੂਰਾ ਕਰਨ ਲਈ ਸਸਤੇ ਮਜ਼ਦੂਰਾਂ ਦੀ ਲੋੜ ਸੀ, ਜੋ ਚੀਨੀ ਮਜ਼ਦੂਰਾਂ ਨੇ ਪੂਰੀ ਕਰ ਦਿੱਤੀ। ਬਹੁਤ ਸਾਰੇ ਚੀਨੀ ਲੋਕਾਂ ਦੇ ਆਉਣ ਨਾਲ 'ਕਨੇਡੀਅਨ' ਉਨ੍ਹਾਂ ਵਿਰੁੱਧ ਨਸਲੀ ਵਿਤਕਰਾ ਹੋਰ ਵੱਧ ਗਿਆ। ਬ੍ਰਿਟਿਸ਼ ਕੋਲੰਬੀਆ ਦੇ ਕਨੇਡੀਅਨ ਡੁਮੀਨੀਅਨ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਸੂਬਾ ਸਰਕਾਰ ਨੇ ਆਪਣੇ ਅਸੈਂਬਲੀ ਸੈਸ਼ਨ ਵਿੱਚ ਸੂਬੇ ਵਿੱਚ ਆਏ ਚੀਨੀ ਅਤੇ ਇੱਥੋਂ ਦੇ ਆਦਿ-ਵਾਸੀਆਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਸੀ। ਚੀਨੀ ਲੋਕਾਂ ਦੀ ਆਮਦ ਰੋਕਣ ਲਈ ਹੈੱਡ ਟੈਕਸ ਲਗਾ ਦਿੱਤਾ ਗਿਆ। ਇਸ ਤਰ੍ਹਾਂ ਸਪੱਸ਼ਟ ਤੌਰ 'ਤੇ ਜ਼ਾਹਿਰ ਹੋ ਜਾਂਦਾ ਹੈ ਕਿ ਭਾਰਤ ਤੋਂ ਲੋਕਾਂ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਤੋਂ ਪਹਿਲਾਂ ਹੀ ਇੱਥੋਂ ਦੇ ਆਦਿ-ਵਾਸੀਆਂ, ਚੀਨੀ ਅਤੇ ਜਾਪਾਨੀਆਂ ਨਾਲ ਨਸਲੀ ਵਿਤਕਰੇ ਵਾਲਾ ਮਾਹੌਲ ਬਣਿਆ ਹੋਇਆ ਸੀ। ਕਨੇਡਾ ਦੇ ਗੋਰੇ ਬਸਤੀਵਾਦੀ ਸਮਾਜ ਵਿੱਚ ਉਸ ਸਮੇਂ ਨਸਲਵਾਦ ਦਾ ਬੋਲ ਬਾਲਾ ਆਮ ਸੀ। ਕਨੇਡਾ ਦੀ ਸਰਕਾਰ ਅਤੇ ਇੱਥੋਂ ਦਾ ਮੁੱਖ ਸਮਾਜ ਕਨੇਡਾ ਨੂੰ 'ਚਿੱਟਿਆਂ' ਦਾ ਦੇਸ਼ ਰੱਖਣਾ ਚਾਹੁੰਦੇ ਸਨ। ਇਸ ਕਰ ਕੇ ਜਦੋਂ ਪੰਜਾਬੀ ਲੋਕ ਇੱਥੇ ਆਉਣੇ ਸ਼ੁਰੂ ਹੋਏ ਤਾਂ ਜਲਦੀ ਹੀ ਉਨ੍ਹਾਂ ਨਾਲ ਵੀ ਉਹੀ ਨਸਲੀ ਵਿਵਹਾਰ ਹੋਣ ਲੱਗ ਪਿਆ ਜੋ ਦੂਜੇ ਗ਼ੈਰ-ਚਿੱਟੇ ਲੋਕਾਂ ਨਾਲ ਹੋ ਰਿਹਾ ਸੀ। ਭਾਵੇਂ ਉਹ ਬਰਤਾਨਵੀ ਪਰਜਾ ਸਨ ਫਿਰ ਵੀ ਉਨ੍ਹਾਂ ਨੂੰ ਕਨੇਡਾ ਵਿੱਚ ਜੋ ਹੱਕ ਮਿਲਣੇ ਚਾਹੀਦੇ ਸਨ, ਉਹ ਨਾ ਦਿੱਤੇ ਗਏ। ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਚਾਲੀ ਸਾਲ ਤੋਂ ਵੱਧ ਸਮੇਂ ਲਈ ਜੱਦੋਜਹਿਦ ਕਰਨੀ ਪਈ ਸੀ।

ਕਨੇਡਾ ਵਿੱਚ ਭਾਰਤੀਆਂ ਦੇ ਪੱਕੇ ਵਸੇਬੇ ਅਤੇ ਪੂਰੇ ਨਾਗਰਿਕਾਂ ਵਾਲੇ ਹੱਕ ਪ੍ਰਾਪਤ ਕਰਨ ਵਾਲੀਆਂ ਜੱਦੋ-ਜਹਿਦਾਂ ਦਾ ਬਹੁਤ ਹੀ ਲੰਬਾ ਇਤਿਹਾਸ ਹੈ। ਉਹ ਸਮਝਦੇ ਸਨ ਕਿ ਬਰਤਾਨਵੀ ਪਰਜਾ ਹੋਣ ਕਾਰਨ ਉਨ੍ਹਾਂ ਨੂੰ ਕਨੇਡਾ ਵਿੱਚ ਵਸਣ ਸਬੰਧੀ ਕੋਈ ਰੁਕਾਵਟ ਨਹੀਂ ਆਵੇਗੀ ਪ੍ਰੰਤੂ ਹਾਲਾਤ ਇਸ ਤੋਂ ਉਲਟ ਸਨ। ਜਲਦੀ ਹੀ ਉਨ੍ਹਾਂ ਦਾ ਬਰਤਾਨਵੀ ਪਰਜਾ ਵਾਲਾ ਭਰਮ ਦੂਰ ਹੋਣ ਲਗ ਪਿਆ ਸੀ। ਕੁਝ ਹੀ ਸਮੇਂ ਬਾਅਦ ਉਨ੍ਹਾਂ ਨੂੰ ਅਹਿਸਾਸ ਹੋਣ ਲੱਗਪਿਆ ਸੀ ਕਿ ਬਰਾਬਰ ਦੇ ਹੱਕ ਲੈਣ ਲਈ ਆਪਸੀ ਏਕਤਾ ਬਹੁਤ ਜ਼ਰੂਰੀ ਸੀ, ਜਿਵੇਂ ਕਹਾਵਤ ਹੈ ਕਿ 'ਏਕਤਾ ਵਿੱਚ ਹੀ ਬਰਕਤ ਹੈ' ਬਾਰੇ ਉਨ੍ਹਾਂ ਵਿੱਚ ਚੇਤਨਤਾ ਆਉਣੀ ਸ਼ੁਰੂ ਹੋ ਗਈ ਸੀ। ਉਹ ਧਾਰਮਿਕ, ਜਾਤਪਾਤ ਅਤੇ ਇਲਾਕਾਈ ਵੱਖਰੇਵਿਆਂ ਤੋਂ ਉਪਰ ਉੱਠ ਕੇ ਸਾਂਝੇ ਮਸਲਿਆਂ ਤੇ ਹੌਲੀ-ਹੌਲੀ ਇਕੱਠੇ ਹੋਣ ਲੱਗ ਪਏ ਸਨ। ਆਪਣੇ ਅਗਾਂਹਵਧੂ ਆਗੂਆਂ ਦੀ ਰਹਿਨੁਮਾਈ ਨਾਲ ਉਨ੍ਹਾਂ ਨੂੰ ਅਹਿਸਾਸ ਹੋਣ ਲੱਗ ਪਿਆ ਸੀ ਕਿ ਉਨ੍ਹਾਂ ਨਾਲ ਹੋ ਰਹੇ ਵਿੱਤਕਰਿਆਂ ਦਾ ਅਸਲੀ ਕਾਰਨ ਭਾਰਤ ਦੀ ਗ਼ੁਲਾਮੀ ਹੈ। ਇਨ੍ਹਾਂ ਔਖੇ ਸਮਿਆਂ ਵਿੱਚ ਉਨ੍ਹਾਂ ਦੀ ਬਾਂਹ ਫੜ੍ਹਨ ਵਾਲਾ ਕੋਈ ਦੇਸ਼ ਨਹੀਂ ਸੀ। ਉਹ ਇਹ ਵੀ ਸਮਝਣ ਲੱਗ ਪਏ ਕਿ ਨਸਲੀ ਵਿਤਕਰਿਆਂ ਕਾਰਨ ਉਨ੍ਹਾਂ ਨਾਲ ਜੋ ਬੇਨਿਸਾਫ਼ੀ ਹੋ ਰਹੀ ਹੈ, ਉਸ ਦੀ ਜ਼ਿੰਮੇਵਾਰ ਸਿਰਫ਼ ਕਨੇਡੀਅਨ ਸਰਕਾਰ ਹੀ ਨਹੀਂ ਸਗੋਂ ਬਰਤਾਨੀਆਂ ਦੀ ਸਰਕਾਰ ਵੀ ਇਸ ਵਿੱਚ ਭਾਈਵਾਲ ਹੈ। ਇਸ ਨਵੀਂ ਸੋਚ ਨਾਲ, ਜਿੱਥੇ ਉਨ੍ਹਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇੱਕ ਜੁੱਟ ਹੋ ਕੇ ਕਨੇਡਾ ਵਿੱਚ ਸੰਘਰਸ਼ ਕੀਤਾ ਉੱਥੇ ਨਾਲ ਹੀ ਭਾਰਤ ਉਪਰ ਬਰਤਾਨਵੀ ਰਾਜ ਤੋਂ ਆਜ਼ਾਦੀ ਲਈ ਅਮਰੀਕਾ ਕਨੇਡਾ ਦੇ ਹਿੰਦੀਆਂ ਨੇ ਗ਼ਦਰ ਪਾਰਟੀ ਕਾਇਮ ਕਰ ਕੇ ਭਾਰਤ ਜਾ ਕੇ ਹਥਿਆਰਬੰਦ ਇਨਕਲਾਬ ਕਰਨ ਦਾ ਯਤਨ ਵੀ ਕੀਤਾ। ਇਸ ਵਿੱਚ ਅਥਾਹ ਕੁਰਬਾਨੀਆਂ ਕੀਤੀਆਂ। ਭਾਵੇਂ ਗ਼ਦਰੀ ਆਪਣੇ ਮਿਸ਼ਨ ਵਿੱਚ ਕਾਮਯਾਬ ਨਾ ਹੋਏ ਕਿਉਂਕਿ ਭਾਰਤ ਦੇ ਲੋਕ ਹਾਲੇ ਇਸ ਤਰ੍ਹਾਂ ਦੇ ਸੰਘਰਸ਼ ਲਈ ਤਿਆਰ ਨਹੀਂ ਸਨ। ਫਿਰ ਵੀ ਇਸ ਨਾਲ ਆਜ਼ਾਦੀ ਦੀ ਲਹਿਰ ਨੂੰ ਨਵਾਂ ਹੁਲਾਰਾ ਮਿਲਿਆ ਅਤੇ ਇਸ ਵਿੱਚ ਨਵੀਂ ਰੂਹ ਭਰ ਗਈ ਸੀ।

ਕਨੇਡਾ ਵਿੱਚ ਭਾਰਤੀਆਂ ਦੇ ਵਿਰੁੱਧ ਕਨੇਡੀਅਨ ਸਰਕਾਰ ਨੇ ਲੰਡਨ ਅਤੇ ਭਾਰਤ ਦੀ ਅੰਗਰੇਜ਼ੀ ਸਰਕਾਰ ਦੀ ਸਹਿਮਤੀ ਨਾਲ ਬਹੁਤ ਹੀ ਨਸਲਵਾਦੀ ਨੀਤੀਆਂ ਧਾਰਨ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਬ੍ਰਿਟਿਸ਼ ਪਰਜਾ ਵਾਲੇ ਹੱਕ ਤਾਂ ਕੀ ਦੇਣੇ ਸਨ, ਵੱਖ-ਵੱਖ ਪਾਬੰਦੀਆਂ ਲਗਾ ਕੇ ਜੋ ਹੱਕ ਉਨ੍ਹਾਂ ਨੂੰ ਮਿਲੇ ਹੋਏ ਸਨ, ਉਹ ਵੀ ਨਵੇਂ ਸਰਕਾਰੀ ਨਿਯਮਾਂ ਨਾਲ ਵਾਪਸ ਲੈਣੇ ਸ਼ੁਰੂ ਕਰ ਦਿੱਤੇ। ਜਿਵੇਂ ਵੋਟ ਦਾ ਹੱਕ ਵਾਪਸ ਲੈਣਾ, ਸਿੱਧੇ ਸਫ਼ਰ ਦਾ ਕਾਨੂੰਨ ਲਾਗੂ ਕਰਨਾ, ਜੋ ਲੋਕ ਇੱਥੇ ਆਏ ਹੋਏ ਸਨ, ਉਨ੍ਹਾਂ ਨੂੰ ਆਪਣੇ ਪਰਿਵਾਰ ਨਾ ਮੰਗਵਾਉਣ ਦੇਣੇ ਆਦਿਕ। ਬਹੁਤ ਸਾਰੇ ਅਜਿਹੇ ਨਿਯਮ ਬਣਾਏ ਜਿਨ੍ਹਾਂ ਨਾਲ ਉਨ੍ਹਾਂ ਦਾ ਚੰਗੇ ਕੰਮਾਂ ਵਿੱਚ ਜਾਣਾ ਬੰਦ ਕਰ ਦਿੱਤਾ ਗਿਆ ਸੀ। ਉਹ ਸਿਰਫ਼ ਲੱਕੜ ਆਰਾ-ਮਿੱਲਾਂ ਅਤੇ ਖੇਤੀ ਸੈਕਟਰ ਵਿੱਚ ਕੰਮ ਕਰਨ ਜੋਗੇ ਹੀ ਰਹਿ ਗਏ ਸਨ ਜੋ ਕਿ ਬਹੁਤ ਹੀ ਅਸੁਰੱਖਿਅਤ, ਗੰਦੇ ਅਤੇ ਭਾਰੇ ਸਨ। ਇਨ੍ਹਾਂ ਕੰਮਾਂ 'ਤੇ ਵੀ ਗੋਰੇ ਕਾਮਿਆਂ ਨਾਲੋਂ ਉਜਰਤਾਂ ਘੱਟ ਮਿਲਦੀਆਂ ਸਨ। ਆਮ ਗੋਰੇ ਲੋਕਾਂ ਵਿੱਚ ਗੋਰੇ ਰੰਗ, ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਮਰਾਜ ਦਾ, ਵਿਸ਼ਵ ਭਰ ਵਿੱਚ ਆਪਣੀ ਤਾਕਤ, ਖ਼ੁਸ਼ਹਾਲੀ ਅਤੇ ਬਾਹਰੋਂ ਆਇਆਂ ਨੂੰ

ਨੌਕਰੀਆਂ ਦੇਣ ਦਾ ਬਹੁਤ ਘਮੰਡ ਸੀ। ਇਸ ਦੇ ਨਾਲ ਹੀ ਹਾਕਮਾਂ ਨੇ ਪ੍ਰਚਾਰ ਰਾਹੀਂ ਸਾਬਤ ਕਰਨ ਦਾ ਪੂਰਾ ਜ਼ੋਰ ਲਗਾਇਆ ਕਿ ਗੋਰੇ ਲੋਕ ਪੜ੍ਹੇ ਲਿਖੇ ਹੋਣ ਕਰਕੇ, ਇਨ੍ਹਾਂ ਦੇ ਕਥਿਤ ਤੌਰ 'ਤੇ ਵੱਡੇ ਅਤੇ ਤੇਜ਼ ਦਿਮਾਗ ਹਨ। ਪਰ ਆਪਣੇ ਬਹੁਤ ਸਾਰੇ ਲੋਕ ਇਸ ਪ੍ਰਚਾਰ ਤੋਂ ਪ੍ਰਭਾਵਤ ਨਹੀਂ ਹੁੰਦੇ ਸਨ। ਮਜਬੂਰੀ ਵੱਸ ਉਹ ਅਜਿਹੇ ਪ੍ਰਚਾਰ ਦੀ ਪਰਵਾਹ ਨਹੀਂ ਕਰਦੇ ਸਨ, ਚੁੱਪ ਹੀ ਰਹਿੰਦੇ ਸਨ। ਮਾਰਕਸੀ ਵਿਚਾਰਾਂ ਵਾਲੀ ਸੋਸ਼ਲਿਸਟ ਪਾਰਟੀ ਜੋ ਹਾਲੇ ਬ੍ਰਿਟਿਸ਼ ਕੋਲੰਬੀਆ ਵਿੱਚ ਸੰਠਿਗਤ ਹੀ ਹੋ ਰਹੀ ਸੀ, ਨੂੰ ਛੱਡ ਕੇ ਸਾਰਾ ਸਰਕਾਰੀ ਤੰਤਰ ਅਤੇ ਸਮਾਜ ਉਨ੍ਹਾਂ ਦੇ ਵਿਰੁੱਧ ਸੀ। ਬੰਗਾਲੀ ਬਾਬੂ ਤਾਰਕ ਨਾਥ ਦਾਸ, ਗੁਰਾਂਦਿੱਤਾ ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ ਅਤੇ ਹੁਸੈਨ ਰਹੀਮ, ਜਿਨ੍ਹਾਂ ਦੇ ਵਿਚਾਰਾਂ ਦੀ ਸਾਂਝ ਕਾਰਨ ਸੋਸ਼ਲਿਸਟ ਪਾਰਟੀ ਨਾਲ ਗੂਹੜੇ ਸੰਬੰਧ ਸਨ ਨੇ ਭਾਰਤੀ ਭਾਈਚਾਰੇ ਨੂੰ ਸੋਸ਼ਲਿਸਟਾਂ ਦੇ ਨੇੜੇ ਕਰਨ ਵਿੱਚ ਕੜੀ ਦਾ ਕੰਮ ਕੀਤਾ ਸੀ। ਅੱਤ ਦੇ ਨਸਲਵਾਦ ਦਾ ਸਾਹਮਣਾ ਕਰਦੇ ਹੋਏ ਪੰਜਾਬੀਆਂ ਵਿੱਚੋਂ ਵੀ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਮਿੱਤ ਸਿੰਘ ਵਰਗੇ ਆਗੂ ਪੈਦਾ ਹੋ ਗਏ ਜੋ ਕੇ ਇਨ੍ਹਾਂ ਅਗਾਂਹਵਧੂ ਸੋਸ਼ਲਿਸਟ ਆਗੂਆਂ ਤੋਂ ਪ੍ਰਭਾਵਤ ਹੋਏ ਸਨ। ਖ਼ਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਗੁਰਦਵਾਰੇ ਦੇ ਬਣਨ ਨਾਲ ਸਾਰਿਆਂ ਦੇ ਬੈਠਣ ਅਤੇ ਸਾਹਮਣੇ ਆ ਰਹੀਆਂ ਸਮੱਸਿਆਵਾਂ ਅਤੇ ਚੁਣੌਤੀਆਂ 'ਤੇ ਵਿਚਾਰ ਕਰਨ ਲਈ ਸਾਂਝੀ ਥਾਂ ਮਿਲ ਗਈ । ਇਹ ਸਿੱਖਾਂ ਦੀ ਧਾਰਮਿਕ ਸੰਸਥਾ ਤਾਂ ਹੈ ਹੀ ਸੀ, ਸਾਰੇ ਭਾਰਤੀਆਂ ਦੇ ਸਿਆਸੀ ਅਤੇ ਸਮਾਜਿਕ ਜੀਵਨ ਦਾ ਕੇਂਦਰ ਵੀ ਬਣ ਗਈ। ਇਸ ਦੇ ਹਫ਼ਤਾਵਾਰੀ ਦੀਵਾਨਾ ਵਿੱਚ ਫੌਰੀ ਮਸਲਿਆਂ 'ਤੇ ਵਿਚਾਰਾਂ ਹੋਣ ਲੱਗ ਪਈਆਂ ਸਨ। ਇਸ ਸੰਸਥਾ ਨੇ ਭਾਰਤੀਆਂ ਦੇ ਕਨੇਡਾ ਵਿੱਚ ਵਸੇਬੇ ਲਈ ਹਰ ਮੁਹਿੰਮ ਦੀ ਅਗਵਾਈ ਕੀਤੀ। ਭਾਈਚਾਰੇ ਦੇ ਲੋਕਾਂ ਨੇ ਸੋਸ਼ਲਿਸਟ ਵਿਚਾਰਧਾਰਾ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਜਿਵੇਂ ਕਿਰਤ ਕਰਨਾ, ਵੰਡ ਕੇ ਛੱਕਣਾ, ਸਭ ਦਾ ਭਲਾ ਅਤੇ ਸਾਂਝੀਵਾਲਤਾ ਵਰਗੇ ਅਸੂਲਾਂ ਦੀ ਸਮਾਨਤਾ ਵਿੱਚ ਕੋਈ ਫ਼ਰਕ ਨਾ ਦੇਖਿਆ। ਇਸ ਕਰ ਕੇ ਖ਼ਾਲਸਾ ਦੀਵਾਨ ਸੁਸਾਇਟੀ ਦੇ ਆਗੂ ਅਤੇ ਹੋਰ ਲੋਕ ਸੋਸਲਿਸ਼ਟ ਪਾਰਟੀ ਦੇ ਮੈਂਬਰ ਵੀ ਬਣ ਗਏ ਸਨ। ਸਰਕਾਰੀ ਦਸਤਾਵੇਜ਼ਾਂਮੁਤਾਬਕ ਸੋਸ਼ਲਿਸਟ ਪਾਰਟੀ ਦੀ ਬਰਾਂਚ ਖ਼ਾਲਸਾ ਦੀਵਾਨ ਸੁਸਾਇਟੀ ਵਿੱਚ ਬਣੀ ਹੋਈ ਸੀ। ਭਾਈਚਾਰੇ ਵੱਲੋਂ ਆਪਣੇ ਹੱਕਾਂ ਲਈ ਹਰ ਮੁਹਿੰਮ ਦਾ ਸੋਸ਼ਲਿਸਟ ਪਾਰਟੀ ਨੇ ਹਮੇਸ਼ਾਂ ਸਾਥ ਦਿੱਤਾ ਸੀ। ਇਸ ਤਰ੍ਹਾਂ ਭਲੀ ਭਾਂਤ ਸਮਝ ਸਕਦੇ ਹਾਂ ਕਿ ਆਪਣੇ ਵਸੇਬੇ ਅਤੇ ਹੱਕਾਂ ਦੇ ਸੰਘਰਸ਼ ਨੂੰ ਸਹੀ ਦਿਸ਼ਾ ਵਿੱਚ ਲਿਜਾਣ ਵਿੱਚ ਸੋਸ਼ਲਿਸਟਾਂ ਦਾ ਹਿੱਸਾ ਬਹੁਤ ਹੀ ਮਹੱਤਪੂਰਨ ਸੀ।

ਉਪਰੋਕਤ ਸਾਰੇ ਪੱਖਾਂ ਨੂੰ ਇਸ ਕਿਤਾਬ ਵਿੱਚ ਉਪਲੱਭਧ ਦਸਤਾਵੇਜ਼ੀ ਹਵਾਲਿਆਂ ਨਾਲ ਵਰਨਣ ਕਰਨ ਲਈ ਵੱਖ-ਵੱਖ ਚੈਪਟਰਾਂ ਵਿੱਚ ਵੰਡਿਆ ਗਿਆ ਹੈ, ਹਰ ਪੜਾਅ 'ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕੀਤੀਆਂ ਜੱਦੋ-ਜਹਿਦ ਦਾ ਵੇਰਵਾ ਦੇਣ ਦਾ ਯਤਨ ਕੀਤਾ ਹੈ। ਇਸ ਕਿਤਾਬ ਵਿੱਚ ਉਨ੍ਹਾਂ ਦੇ ਸਫ਼ਰ ਦੀ ਕਹਾਣੀ, ਸੰਗਠਨਾਂ ਦੇ ਬਣਨ ਤੋਂ ਲੈ ਕੇ ਕਾਮਾਗਾਟਾ ਮਾਰੂ, ਗ਼ਦਰ ਪਾਰਟੀ ਵਿੱਚ ਭਾਗ ਲੈਣ ਤੋਂ ਲੈ ਕੇ, ਵੋਟ ਦੇ ਹੱਕ ਲਈ ਸੰਘਰਸ਼ ਅਤੇ ਹੋਰ ਜਿੱਤਾਂ ਅਤੇ ਮੁਸੀਬਤਾਂ ਦੀ ਪੜਚੋਲ ਕਰਾਂਗੇ। ਅੱਤ ਦੇ ਨਸਲਵਾਦ ਅਤੇ ਵਿਤਕਰਿਆਂ ਦੇ ਵਿਰੁੱਧ ਜਿਸ ਲਗਨ, ਸਾਹਸ ਅਤੇ ਦ੍ਰਿੜਤਾ ਨਾਲ, ਉਨ੍ਹਾਂ ਨੇ ਆਪਣੇ ਪਰਖੇ ਹੋਏ ਆਗੂਆਂ ਦੀ ਅਗਵਾਈ ਵਿੱਚ ਸੰਘਰਸ਼ ਕੀਤਾ, ਉਸ ਦੇ ਹਰ ਪੜ੍ਹਾਅ ਦੀ ਜਾਣਕਾਰੀ ਦਿੱਤੀ ਜਾਵੇਗੀ। ਸ਼ੁਰੂਆਤੀ ਦੌਰ ਵਿੱਚ ਕਨੇਡਾ ਦੀ ਮਜ਼ਦੂਰ ਜਮਾਤ ਦਾ ਵਤੀਰਾ ਵੀ ਕੋਈ ਵੱਖਰਾ ਨਹੀਂ ਸੀ। ਇਸ ਨਸਲਵਾਦੀ ਮਾਹੌਲ ਵਿੱਚ ਮਜ਼ਦੂਰ ਜਮਾਤ ਨੇ ਵੀ ਫੈਡਰਲ ਅਤੇ ਸੂਬਾਈ ਸਰਕਾਰ ਦੇ ਨਸਲਵਾਦੀ ਕਾਨੂੰਨਾਂ ਤੇ ਨਿਯਮਾਂ ਨੂੰ ਲਾਗੂ ਕਰਨ ਨੂੰ ਉਤਸ਼ਾਹਿਤ ਕੀਤਾ ਤਾਂ ਜੋ ਏਸ਼ੀਆਈ ਲੋਕ ਸੁਰੱਖਿਅਤ ਹੋ ਕੇ ਚੰਗੀਆਂ ਨੌਕਰੀਆਂ ਨਾ ਲੈ ਸਕਣ। ਟਰੇਡ ਯੂਨੀਅਨਾਂ ਦੇ ਨਸਲਵਾਦੀ ਸਟੈਂਡ ਵਿੱਚ ਤਬਦੀਲੀ ਕਰਨ ਵਿੱਚ ਖੱਬੇਪੱਖੀਆਂ ਜਿੰਨ੍ਹਾਂ ਵਿੱਚ ਕਮਿਊਨਿਸਟ ਅਤੇ ਸੀ.ਸੀ.ਐਫ਼. ਪਾਰਟੀ (ਜੋ 1962 ਵਿੱਚ ਐਨ ਡੀ ਪੀ ਬਣੀ) ਦੇ ਆਗੂਆਂ ਜਿਵੇਂ ਕਾਮਰੇਡ ਹੈਰੀ ਪਰਿਚੈੱਟ, ਕਾਮਰੇਡ ਦਰਸ਼ਨ ਸਿੰਘ ਸੰਘਾ ਅਤੇ ਸੀ.ਸੀ.ਐਫ਼. ਪਾਰਟੀ ਦੇ ਆਗੂ ਹੈਰਲਡ ਵਿਚ ਅਤੇ ਹੋਰਾਂ ਨੇ ਮੁੱਖ ਰੋਲ ਅਦਾ ਕੀਤਾ। ਭਾਰਤੀ ਜੋ ਮੁੱਖ ਤੌਰ 'ਤੇ ਲੱਕੜ ਮਿੱਲਾਂ ਵਿੱਚ ਕੰਮ ਕਰਦੇ ਸਨ, ਨੂੰ ਯੂਨੀਅਨ ਦੇ ਮੈਂਬਰ ਬਣਾਇਆ ਅਤੇ ਉਨ੍ਹਾਂ ਨਾਲ ਹੁੰਦੇ ਵਿਤਕਰੇ ਖਤਮ ਕਰਵਾਏ। ਵੋਟ ਲੈਣ ਦੇ ਹੱਕ ਲਈ ਮੁੱਖ ਤੌਰ 'ਤੇ ਸਾਰੀਆਂ ਟਰੇਡ ਯੂਨੀਅਨਾਂ ਦਾ ਸਾਥ ਪ੍ਰਾਪਤ ਕਰਨ ਵਿੱਚ ਖੱਬੇ-ਪੱਖ ਦਾ ਬਹੁਤ ਹੀ ਮਹੱਤਵਪੂਰਨ ਰੋਲ ਹੈ। ਇਸ ਸਾਰੇ ਦਾ ਵੇਰਵਾ ਦਰਜ ਕੀਤਾ ਗਿਆ ਹੈ। ਇਹ ਸਾਰੀਆਂ ਘਟਨਾਵਾਂ ਬਹੁਤ ਹੀ ਮਹੱਤਵਪੂਰਨ ਸਨ ਪ੍ਰੰਤੂ ਬਹੁਤ ਸਾਰੇ ਇਤਿਹਾਸਕਾਰਾਂ ਨੇ ਜਾਣ-ਬੁਝਕੇ ਖੱਬੇ-ਪੱਖੀਆਂ ਦੇ ਪਾਏ ਯੋਗਦਾਨ ਨੂੰ ਅੱਖੋਂ ਪਰੋਖੇ ਕੀਤਾ ਹੈ। ਇਸ ਕਿਤਾਬ ਵਿੱਚ ਹਰ ਪੱਖ, ਜਿਸ ਨੇ ਭਾਰਤੀ ਭਾਈਚਾਰੇ ਦੇ ਹੱਕ ਪ੍ਰਾਪਤ ਕਰਨ ਦੇ ਸੰਘਰਸ਼ ਵਿੱਚ ਹਿੱਸਾ ਪਾਇਆ, ਬਾਰੇ ਜਾਣਕਾਰੀ ਹੈ। ਮੇਰੇ ਵਿਚਾਰ ਅਨੁਸਾਰ ਇਸ ਸਾਰੇ ਸੰਘਰਸ਼ ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਨੇ ਸਿੱਖ ਫ਼ਲਸਫ਼ੇ ਵਿੱਚੋਂ ਮਿਲੀ ਸਮਝ

ਦੇ ਅਨੁਸਾਰ ਮਨੁੱਖਤਾਵਾਦੀ ਸਮਾਜਵਾਦੀ ਅਤੇ ਲੋਕ ਹਿੱਤੂ ਵਿਚਾਰਧਾਰਾ ਨੂੰ ਨਾਲ ਲੈ ਕੇ ਸੰਘਰਸ਼ ਕੀਤਾ। ਇਨ੍ਹਾਂ ਵਿਚਾਰਾਂ ਦੇ ਸੁਮੇਲ ਨਾਲ ਜਿੱਤਾਂ ਪ੍ਰਾਪਤ ਹੋਈਆਂ, ਭਾਈਚਾਰੇ ਵਿਰੁੱਧ ਸਿਰਜੇ ਹੋਏ ਨਸਲਵਾਦੀ ਬਿਰਤਾਂਤ ਨੂੰ ਤੋੜਨ ਲਈ ਸਹਾਇਤਾ ਮਿਲੀ।

ਇਸ ਕਿਤਾਬ ਵਿੱਚ ਮੇਰਾ ਮੰਤਵ ਭਾਰਤ ਤੋਂ ਜੋ ਲੋਕ ਕਨੇਡਾ ਵਿੱਚ ਆਏ ਸੀ ਉਨ੍ਹਾਂ ਨੂੰ ਧਰਮਾਂ, ਇਲਾਕਿਆਂ, ਜਾਤਾਂ ਵਿੱਚ ਵੰਡਣਾ ਨਹੀਂ ਹੈ, ਭਾਵੇਂ ਉਨ੍ਹਾਂ ਵਿੱਚ ਬਹੁਤ ਵੱਡੀ ਗਿਣਤੀ ਪੰਜਾਬੀਆਂ ਦੀ ਹੀ ਸੀ, ਪਰ ਮੈਂ ਸਭਨਾਂ ਨੂੰ ਭਾਰਤੀਆਂ ਦੇ ਤੌਰ ’ਤੇ ਹੀ ਲਿਆ ਹੈ। ਕਨੇਡੀਅਨ ਗ਼ਦਰ ਲਹਿਰ ਅਤੇ ਗ਼ਦਰ ਪਾਰਟੀ ਦੀਆਂ ਲਿਖਤਾਂ ਅਤੇ ਸਾਹਿਤ ਤੋਂ ਵੀ ਸਪਸ਼ਟ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਹਿੰਦੀ ਅਖਵਾਉਣ ਵਿੱਚ ਮਾਣ ਮਹਿਸੂਸ ਕਰਦੇ ਸਨ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਸਰਕਾਰਾਂ ਨਾਲ ਭਾਈਚਾਰੇ ਦੀਆਂ ਮੰਗਾਂ ਬਾਰੇ ਜੋ ਵੀ ਚਿੱਠੀ-ਪੱਤਰ ਹੋਇਆ ਉਸ ਵਿੱਚ ਵੀ ਈਸਟ ਇੰਡੀਅਨ ਭਾਈਚਾਰੇ ਦੀਆਂ ਮੰਗਾਂ ਪੇਸ਼ ਕਰ ਕੇ ਹੀ ਹੋਇਆ। ਕਨੇਡਾ ਵਿੱਚ ਆ ਰਹੀਆਂ ਸਮੱਸਿਆਵਾਂ ਦਾ ਜਿਸ ਤਰ੍ਹਾਂ ਉਨ੍ਹਾਂ ਨੇ ਧਾਰਮਿਕ ਵਖਰੇਵਿਆਂ ਤੋਂ ਉੱਪਰ ਉਠ ਕੇ ਸਾਹਮਣਾ ਕੀਤਾ ਇਹ, ਉਨ੍ਹਾਂ ਦੀ ਸਾਂਝੀ ਸੋਚ ਦੀ ਇੱਕ ਜ਼ਿੰਦਾ ਮਿਸਾਲ ਹੈ। ਬਹੁਤ ਸਾਰੇ ਲਿਖਾਰੀਆਂ ਨੇ ਉਸ ਸਮੇਂ ਦੇ ਭਾਰਤੀ ਭਾਈਚਾਰੇ ਨੂੰ ਫਿਰਕੂ ਲੀਹਾਂ ’ਤੇ ਵੰਡਣ ਦੀ ਕੋਈ ਕਸਰ ਨਹੀਂ ਰੱਖੀ ਜੋ ਕਿ ਗ਼ਦਰੀਆਂ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦਾ।

ਉਪਰੋਕਤ ਸਾਰਾ ਵੇਰਵਾ ਦੇਣ ਦਾ ਭਾਵ ਇਹ ਹੀ ਹੈ ਕਿ ਕਿਵੇਂ ਵੀਹਵੀਂ ਸਦੀ ਦੇ ਆਰੰਭ ਵਿੱਚ ਭਾਰਤ ਤੋਂ ਆਏ ਆਵਾਸੀਆ ਨੇ ਅੱਤ ਦੇ ਨਸਲਵਾਦ ਦਾ ਸਾਹਮਣਾ ਕੀਤਾ ਅਤੇ ਇਸ ਦਾ ਟਾਕਰਾ ਕਰਨ ਲਈ ਜੱਥੇਬੰਦੀਆਂ ਬਣਾਈਆਂ। ਆਪਣੇ ਪਰਖੇ ਹੋਏ ਆਗੂਆ ਦੀ ਰਹਿਨੁਮਾਈ ਵਿੱਚ ਚੱਲ ਕੇ ਜਿੱਤਾਂ ਪ੍ਰਾਪਤ ਕੀਤੀਆਂ। ਅਜੋਕੇ ਸਮੇਂ ਕਨੇਡਾ ਵਿੱਚ ਸਤਾਰਾਂ ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਵੱਸਦੇ ਹਨ, ਉਨ੍ਹਾਂ ਨੇ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ। ਇਹ ਸਭ ਕੁਝ ਵੀਹਵੀਂ ਸਦੀ ਦੇ ਆਰੰਭ ਵਿੱਚ ਆਏਸਾਡੇ ਲੋਕਾਂ ਦੀਆਂ ਕੁਰਬਾਨੀਆਂ ਦਾ ਹੀ ਸਿੱਟਾ ਹੈ। ਕਨੇਡੀਅਨ ਸਰਕਾਰ ਦੇ ’ਸਿੱਧੇ ਸਫ਼ਰ’ ਦਾ ਕਾਨੂੰਨ ਲਾਗੂ ਕਰਨ ਨਾਲ ਭਾਰਤ ਤੋਂ ਅਵਾਸੀਆਂ ਦਾ ਕਨੇਡਾ ਆਉਣਾ ਬੰਦ ਹੋ ਗਿਆ ਸੀ, ਇਨ੍ਹਾਂ ਨਿਯਮਾਂ ਦੇ ਤਹਿਤ ਜੋ ਆਏ ਹੋਏ ਸਨ ਨੂੰ ਆਪਣੇ ਪਰਿਵਾਰਾਂ ਸੱਦਣ ’ਤੇ ਵੀ ’ਸਿੱਧੇ ਸਫ਼ਰ’ ਦਾ ਨਿਯਮ ਲਾਗੂ ਕਰ ਦਿੱਤਾ ਸੀ । ਜੋ ਆਏ ਹੋਏ ਸਨ ਉਨ੍ਹਾਂ ਨੂੰ ਵੀ ਬਾਹਰ ਕੱਢਣ ਲਈ ਹਾਂਡੂਰਸ ਟਾਪੂ ਭੇਜਣ ਦੀ ਸਕੀਮ ਬਣਾਈ ਸੀ। ਇਸ ਨੂੰ ਭਾਰਤੀ ਭਾਈਚਾਰੇ ਦੇ ਦੂਰ-ਅੰਦੇਸ਼ ਆਗੂਆਂ ਨੇ ਅਸਫ਼ਲ ਕਰ ਦਿੱਤਾ ਸੀ। ਜੇਕਰ ਇਸ ਸਕੀਮ ਦਾ ਭਾਂਡਾ ਵੇਲੇ ਸਿਰ ਨਾ ਭੰਨਿਆ ਗਿਆ ਹੁੰਦਾ ਤਾਂ ਤਸਵੀਰ ਹੋਰ ਹੀ ਹੋਣੀ ਸੀ। ਇਸ ਬਾਰੇ ਦੂਜੇ ਚੈਪਟਰ ਵਿੱਚ ਪੂਰਾ ਵੇਰਵਾ ਦਿੱਤਾ ਗਿਆ ਹੈ। ਅਜੋਕੇ ਸਮੇਂ ਵਿੱਚ ਜੋ ਹੱਕ ਅਸੀਂ ਮਾਣ ਰਹੇ ਹਾਂ ਉਹ ਕਨੇਡੀਅਨ ਹਾਕਮਾਂ ਨੇ ਸਾਨੂੰ ਥਾਲ ਵਿੱਚ ਪਰੋਸ ਕੇ ਨਹੀਂ ਦਿੱਤੇ। ਇਹ ਸਾਡੇ ਇੱਥੇ ਆਏ ਪੁਰਖਿਆਂ ਦੀਆਂ ਕੁਰਬਾਨੀਆਂ ਅਤੇ ਲਗਾਤਾਰ ਚਲਾਏ ਗਏ ਸੰਘਰਸ਼ਾਂ ਦੇ ਕਰ ਕੇ ਹੀ ਹੋਇਆ ਹੈ। ਆਰੰਭਵਿੱਚ ਸੋਸ਼ਲਿਸਟ ਪਾਰਟੀ ਜੋ ਹਾਲੇ ਉਸਰ ਰਹੀ ਸੀ, ਨੇ ਭਾਰਤੀ ਭਾਈਚਾਰੇ ਦਾ ਉਸ ਸਮੇਂ ਸਾਥ ਦਿੱਤਾ ਜਦੋਂ ਸਾਰਾ ਸਰਕਾਰੀ-ਤੰਤਰ ਅਤੇ ਕਨੇਡੀਅਨ ਸਮਾਜ ਹਰ ਹੀਲਾ ਵਰਤ ਕੇ ਗ਼ੈਰ-ਚਿੱਟੇ ਲੋਕਾਂ ਨੂੰ ਕਨੇਡਾ ਤੋਂ ਬਾਹਰ ਕੱਢਣ ਤੇ ਤੁਲਿਆ ਹੋਇਆ ਸੀ। ਭਾਵੇਂ ਕਈ ਨਵੇਂ ਬਣੇ ‘ਇਤਿਹਾਸਕਰ’ ਇਸ ਦਾ ਵੇਰਵਾ ਜਾਣ ਬੁੱਝ ਕੇ ਦੇਣਾ ਹੀ ਨਹੀਂ ਚਾਹੁੰਦੇ ਕਿਉਂਕਿ ਉਹ ਇਸ ਸਾਰੇ ਇਤਿਹਾਸ ਨੂੰ ਇੱਕ ਫਿਰਕੇ ਨਾਲ ਬੰਨਣ ਦਾ ਯਤਨ ਕਰਦੇ ਹਨ। ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਕਰਨ ਲਈ ਇਤਿਹਾਸਕ ਤੱਥਾਂ ਨੂੰ ਤੋੜ ਮਰੋੜ ਕੇ ਵਰਤਦੇ ਹਨ। ਆਪਣੇ ਵੱਲੋਂ ਮਨ-ਘੜਤ ਧਾਰਨਾਵਾਂ ਦੇ ਕੇ ਅਸਲੀਅਤ ਨੂੰ ਪੁੱਠਾ ਗੇੜਾ ਦੇਣ ਲਈ ਬਜ਼ਿਦ ਹਨ। ਖੱਬੇ-ਪੱਖੀਆਂ ਦੇ ਭਾਰਤੀ ਭਾਈਚਾਰੇ ਨਾਲ ਹਰ ਮੁਹਿੰਮ ਵਿੱਚ ਖੜ੍ਹਨ ਦੇ ਪੱਖ ਨੂੰ ਸਹੀ ਤਰ੍ਹਾਂ ਵਰਨਣ ਕਰਨ ਲਈ ਇਸ ਕਿਤਾਬ ਵਿੱਚ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਖ਼ਾਲਸਾ ਦੀਵਾਨ ਸੁਸਾਇਟੀ ਸਿੱਖਾਂ ਦੀ ਸੰਸਥਾ ਸੀ, ਉਸ ਨੇ ਜੋ ਮਾਣ ਸਮੁੱਚੇ ਭਾਈਚਾਰੇ ਦੀ ਪ੍ਰਤੀਨਿਧਤਾ ਕਰ ਕੇ ਖੱਟਿਆ ਹੈ, ਉਸ ਨੂੰ ਕਾਇਮ ਰੱਖਣ ਲਈ ਹੋਰ ਸਪੱਸ਼ਟ ਕਰਨ ਦੀ ਲੋੜ ਹੈ। ਸਿੱਖੀ ਵੀ ਸਰਬਤ ਦੇ ਭਲੇ ਵਿੱਚ ਹੀ ਯਕੀਨ ਕਰਦੀ ਹੈ।

ਇਹ ਸਚਾਈ ਹੈ, ਕਿ ਕੋਈ ਵੀ ਇਤਿਹਾਸਕਾਰ ਨਿਰਪੱਖ ਨਹੀਂ ਹੋ ਸਕਦਾ ਪ੍ਰੰਤੂ ਉਸਦਾ ਇਹ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਪੱਖ ਪੇਸ਼ਕਰਦਾ ਹੋਇਆ ਜੋ ਸਚਾਈਆਂ ਇਤਿਹਾਸ ਵਿੱਚ ਦਰਜ ਹੋ ਚੁੱਕੀਆਂ ਹਨ ਉਨ੍ਹਾਂ ਨੂੰ ਤੋੜਨ ਮਰੋੜਨ ਤੋਂ ਗਰੇਜ਼ ਕਰੇ। ਮੈਂ ਇਹ ਜ਼ੋਰ ਦੇ ਕੇ ਸਾਬਤ ਕਰ ਰਿਹਾ ਹਾਂ। ਕਿ ਭਾਰਤੀ ਲੋਕਾਂ ਨੇ ਜੋ ਹੱਕ ਕਨੇਡਾ ਵਿੱਚ ਲੰਬੇ ਸੰਘਰਸ਼ ਨਾਲ ਪ੍ਰਾਪਤ ਕੀਤੇ ਹਨ ਉਸ ਵਿੱਚ ਸਮਾਜਵਾਦੀ ਅਤੇ ਅਗਾਂਹਵਧੂ ਲੋਕਾਂ ਦਾ ਵੱਡਾ ਹੱਥ ਹੈ। ਇਹ ਇੱਕ ਇਤਿਹਾਸਕ ਸਚਾਈ ਹੈ, ਇਸ ਨੂੰ ਸਾਬਤ ਕਰਨ ਲਈ ਦਸਤਾਵੇਜ਼ੀ ਆਧਾਰ ਮੌਜੂਦ ਹਨ। ਮੈਂ ਇਹ ਵੀ ਦਾਅਵਾ

ਨਹੀਂ ਕਰ ਰਿਹਾ ਕਿ ਭਾਰਤੀ-ਕਨੇਡੀਅਨਾਂ ਵੱਲੋਂ ਇਸ ਦੇਸ਼ ਵਿੱਚ ਆਪਣੇ ਵਸੇਬੇ ਲਈ ਕੀਤੀਆਂ ਸਾਰੀਆਂ ਜੱਦੋ-ਜਹਿਦਾਂ ਦਾ ਪੂਰਾ ਵੇਰਵਾ ਦੇ ਸਕਾਂਗਾ। ਇਹ ਇੱਕ ਬਹੁਤ ਹੀ ਵੱਡਾ ਵਿਸ਼ਾ ਹੈ, ਇਸ ’ਤੇ ਹੋਰ ਖੋਜ ਦੀ ਲੋੜ ਹੈ। ਮੇਰਾ ਮੁੱਖ ਮਕਸਦ ਹੈ ਕਿ ਮੌਜੂਦਾ ਅਤੇ ਆਉਣ ਵਾਲੀ ਪੀੜ੍ਹੀ ਆਪਣੇ ਵਿਰਸੇ ਨੂੰ ਸਹੀ ਅਰਥਾਂ ਵਿੱਚ ਸਮਝ ਲਈ ਸਹੀ ਜਾਣਕਾਰੀ ਉਪਲਭਧ ਕਰਵਾ ਸਕਾਂ।

ਇਹ ਪੁਸਤਕ, ਕਨੇਡੀਅਨ ਗ਼ਦਰ ਲਹਿਰ ਦੇ ਸੂਰਬੀਰ ਬਹਾਦਰਾਂ ਅਤੇ ਸ਼ਹੀਦਾਂ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਭਾਰਤ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੇ ਦ੍ਰਿੜਤਾ ਵਾਲੇ ਸਾਹਸ, ਨਿਡਰਤਾ ਦੀ ਯਾਦ ਨੂੰ ਸਮਰਪਿਤ ਕਰਨ ਦਾ ਇੱਕ ਉਪਰਾਲਾ ਹੈ। ਉਨ੍ਹਾਂ ਦੀਆਂ ਅਥਾਹ ਕੁਰਬਾਨੀਆਂ ਜੋ ਹਮੇਸ਼ਾਂ ਲਈ ਭਾਰਤੀ-ਕਨੇਡੀਅਨਾਂ ਅਤੇ ਕਨੇਡਾ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦੀਆਂ ਹਨ, ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਅਤੇ ਉਤਸ਼ਾਹ ਦੇਣ ਵਾਲੇ ਸਰੋਤ ਅਤੇ ਰਾਹ ਦਸੇਰਾ ਬਣੀਆਂ ਰਹਿਣਗੀਆਂ।

ਮੈਨੂੰ ਕਨੇਡਾ ਵਿੱਚ ਆਏ ਨੂੰ 51 ਸਾਲ ਹੋ ਗਏ ਹਨ। ਇਤਿਹਾਸ ਦਾ ਵਿਦਿਆਰਥੀ ਹੋਣ ਕਰ ਕੇ ਮੇਰੀ ਕਨੇਡੀਅਨ ਗ਼ਦਰ ਲਹਿਰ ਅਤੇ ਗ਼ਦਰ ਪਾਰਟੀ ਬਾਰੇ ਜਾਨਣ ਬਾਰੇ ਬਹੁਤ ਰੁਚੀ ਸੀ, ਜਿਸ ਦੀ ਗੁੜ੍ਹਤੀ ਮੈਨੂੰ ਆਪਣੇ ਵੱਡੇ-ਵਡੇਰਿਆਂ ਦੀਆਂ ਕਹਾਣੀਆਂ ਸੁਣ ਕੇ ਅਤੇ ਮੁੱਖ ਤੌਰ ’ਤੇ ਆਪਣੇ ਬਾਪ ਤੋਂ ਮਿਲੀ ਹੋਈ ਹੈ, ਜੋ ਆਪਣੀ ਭਰ ਜਵਾਨੀ ਤੋਂ ਹੀ ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਅਤੇ ਆਜ਼ਾਦੀ ਤੋਂ ਬਾਅਦ ਅਗਾਂਹਵਧੂ ਲਹਿਰ ਨਾਲ ਆਪਣੇ ਆਖ਼ਰੀ ਸਾਹਾਂ ਤੱਕ ਜੁੜਿਆ ਰਿਹਾ ਸੀ। ਕਨੇਡਾ ਵਿੱਚ ਆਉਣ ਤੋਂ ਪਹਿਲਾਂ ਮੈਨੂੰ ਕਈ ਗ਼ਦਰੀ ਬਾਬਿਆਂ ਨੂੰ ਨੇੜਿਓਂ ਜਾਨਣ ਦਾ ਮੌਕਾ ਵੀ ਮਿਲਿਆ ਸੀ ਕਿਉਂਕਿ ਸਾਡੇ ਪਿੰਡ ਉਨ੍ਹਾਂ ਦਾ ਆਉਣਾ ਜਾਣਾ ਆਮ ਸੀ, ਜਿਨ੍ਹਾਂ ਵਿੱਚ ਬਾਬਾ ਜੀ ਨਿਰੰਜਨ ਸਿੰਘ ਪੰਡੋਰੀ, ਕਾਮਰੇਡ ਤੇਜਾ ਸਿੰਘ ਸੁਤੰਤਰ, ਡਾਕਟਰਭਾਗ ਸਿੰਘ, ਦਰਸ਼ਨ ਸਿੰਘ ਕਨੇਡੀਅਨ, ਪਿਆਰਾ ਸਿੰਘ ਲੰਗੇਰੀ, ਬਾਬਾ ਦਲੀਪ ਸਿੰਘ ਫਾਹਲਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਭਗਤ ਸਿੰਘ ਦੇ ਯੁੱਧ ਸਾਥੀ ਪੰਡਿਤ ਕਿਸ਼ੋਰੀ ਲਾਲ ਦੇ ਨਾਮ ਮੈਨੂੰ ਯਾਦ ਹਨ। ਉਨ੍ਹਾਂ ਦੀਆਂ ਗੱਲਾਂ ਅਤੇ ਕੁਰਬਾਨੀਆਂ ਦੀਆਂ ਕਹਾਣੀਆਂ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਸੀ।

1972 ਦੇ ਅਖ਼ੀਰ ਵਿੱਚ ਮੈਂ ਕਨੇਡਾ ਆਇਆ ਸੀ। ਕੁਝ ਸਮਾਂ ਇਮੀਗਰੇਸ਼ਨ ਦੇ ਮਸਲਿਆਂ ਵਿੱਚ ਰੁੱਝਿਆ ਰਿਹਾ। ਇਮੀਗਰੇਸ਼ਨ ਮਿਲਣ ਤੋਂ ਬਾਅਦ ਪੰਜ ਕੁ ਸਾਲ ਘਰੋਗੀ ਕੰਮਾਂ ਵਿੱਚ ਲੱਗਾ ਰਿਹਾ। ਮਈ, 1979 ਨੂੰ ਆਪਣੇ ਸਿਆਸੀ ਵਿਚਾਰਾਂ ਕਰ ਕੇ ਮੈਂ ‘ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ’ ਵਿੱਚ ਸ਼ਾਮਲ ਹੋ ਗਿਆ। ਪਿਛਲੇ 46 ਸਾਲਾਂ ਤੋਂ ਇਸੇ ਸਭਾ ਨਾਲ ਕੰਮ ਕਰਦਿਆਂ ਮੈਨੂੰ ਕਨੇਡਾ ਵਿੱਚ ਆਏ ਭਾਰਤੀਆਂ ਦੇ ਇਤਿਹਾਸ ਬਾਰੇ ਹੋਰ ਬਹੁਤ ਕੁਝ ਜਾਨਣ ਦਾ ਮੌਕਾ ਮਿਲਿਆ। ਕਨੇਡੀਅਨ ਗ਼ਦਰ ਲਹਿਰ ਅਤੇ ਗ਼ਦਰ ਪਾਰਟੀ ਦੇ ਬਾਬਾ ਬੋਹੜ ਗਿਆਨੀ ਕੇਸਰ ਸਿੰਘ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਪ੍ਰਸਿੱਧ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਹੁਰੀਂ ਬਹੁਤ ਵਾਰ ਕਨੇਡਾ ਆਏ ਸਨ, ਤੋਂ ਗ਼ਦਰੀਆਂ ਬਾਰੇ ਬਹੁਤ ਹੀ ਵੱਡਮੁਲੀ ਜਾਣਕਾਰੀ ਮਿਲੀ। ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਕਨੇਡਾ ਵੱਲੋਂ ਲਗਾਤਾਰ ਰੇਡੀਓ ਸਟੇਸ਼ਨਾਂ, ਟੈਲੀਵਿਯਨਾਂ ’ਤੇ ਗ਼ਦਰੀਆਂ ਬਾਰੇ ਦਿੱਤੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਰਿਹਾ ਹਾਂ। ਇਸੇ ਤਰ੍ਹਾਂ ਸਭਾ ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਖੁੱਲ੍ਹੀਆਂ ਪਾਰਕਾਂ ਵਿੱਚ ਮੇਲੇ ਕਰਵਾਉਣੇ, ਜਾਣਕਾਰੀ ਭਰਪੂਰ ਮੈਗਜ਼ੀਨ ਛਾਪਣੇ, ਗ਼ਦਰੀਆਂ ਦੀਆਂ ਸ਼ਤਾਬਦੀਆਂ ਮਨਾਉਣੀਆਂ ਅਤੇ ਸੈਮੀਨਾਰ ਕਰਵਾਉਣ ਨਾਲ ਇਤਿਹਾਸਕ ਦਸਤਾਵੇਜ਼ਾਂ ਤੋਂ ਹੋਰ ਬਹੁਤ ਸਾਰੀ ਜਾਣਕਾਰੀ ਮਿਲੀ । ਇਸੇ ਜਾਣਕਾਰੀ ਨੂੰ ਇਸ ਕਿਤਾਬ ਵਿੱਚ ਦਰਜ ਕਰਨ ਦਾ ਜਤਨ ਕਰ ਰਿਹਾ ਹਾਂ। ਇਸ ਕਿਤਾਬ ਦੀ ਸਮੱਗਰੀ ਤਿਆਰ ਕਰਨ ਸਮੇਂ ਕਈ ਮਹੱਤਵਪੂਰਨ ਪੱਖ ਜੋ ਹਾਲੇ ਤੱਕ ਸਾਹਮਣੇ ਨਹੀਂ ਆਏ ਸਨ, ਉਨ੍ਹਾਂ ਨੂੰ ਇਤਿਹਾਸਕ ਹਵਾਲਿਆਂ ਨਾਲ ਦੇਣ ਦੀ ਕੋਸ਼ਿਸ਼ ਕੀਤੀ ਹੈ :

ਪਹਿਲਾ ਤੱਥ ਇਹ ਹੈ ਕਿ ਵੀਹਵੀਂ ਸਦੀ ਦੇ ਆਰੰਭ ਵਿੱਚ ਭਾਰਤ ਤੋਂ ਆਏ ਅਵਾਸੀਆਂ ਦੇ ਵਿਰੁੱਧ ਪ੍ਰਚਾਰਿਆ ਜਾਂਦਾ ਸੀ ਕਿ ਉਹ ਮਜ਼ਦੂਰ ਯੂਨੀਅਨਾਂ ਦੇ ਵਿਰੋਧੀ ਹਨ, ਘੱਟ ਤਨਖ਼ਾਹਾਂ ’ਤੇ ਕੰਮ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਕਨੇਡੀਅਨ ਸਮਾਜ ਵਿੱਚ ਰਲਣਾ ਹੀ ਨਹੀਂ ਚਾਹੁੰਦੇ। ਇਸ ਰੁਝਾਨ ਨੂੰ ਗ਼ਲਤ ਸਾਬਤ ਕਰਨ ਲਈ ਅੱਠਵੇਂ ਚੈਪਟਰ ਵਿੱਚ ਉਪਲਬਧਇਤਿਹਾਸਕ ਦਸਤਾਵੇਜ਼ਾਂ ਅਤੇ ਹਵਾਲਿਆਂ ਰਾਹੀਂ ਝੁਠਲਾਇਆ ਗਿਆ ਹੈ। ਇਹ ਸਾਬਤ ਕੀਤਾ ਹੈ ਕਿ ਉਹ ਤਾਂ ਆਪਣੀ ਪਛਾਣ ਕਾਇਮ ਰੱਖਦੇ ਹੋਏ ਕਨੇਡੀਅਨ ਸਮਾਜ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ ਪ੍ਰੰਤੂ ਕਨੇਡੀਅਨ ਸਮਾਜ, ਜਿਸ ਵਿੱਚ ਮਜ਼ਦੂਰ ਜਮਾਤ ਵੀ ਸ਼ਾਮਲ ਸੀ, ਵੱਲੋਂ ਸਿਰਜਿਆ ਨਸਲਵਾਦੀ ਬਿਰਤਾਂਤ ਇਸ ਵਿੱਚ ਵੱਡਾ ਅੜਿੱਕਾ ਸੀ।

ਦੂਜਾ ਤੱਥ ਇਹ ਕਿ ਭਾਰਤੀ ਪ੍ਰਵਾਸੀਆਂ ਵਿਰੁੱਧ ਨਸਲਵਾਦੀ ਬ੍ਰਿਤਾਂਤ ਵੱਖ-ਵੱਖ ਸਰਕਾਰਾਂ, (ਸੋਸ਼ਲਿਸਟਾਂ ਨੂੰ ਛੱਡ

ਕੇ) ਕਨੇਡੀਅਨ ਸਮਾਜ ਜਿਸ ਵਿੱਚ ਮਜ਼ਦੂਰ ਜਮਾਤ ਵੀ ਬਰਾਬਰ ਦੀ ਭਾਈਵਾਲ ਸੀ, ਦੇ ਵਿੱਚ ਤਬਦੀਲੀ ਲਿਆਉਣ ਵਿੱਚ ਕਮਿਊਨਿਸਟਾਂ ਅਤੇ ਸੋਸ਼ਲਿਸਟਾਂ ਦਾ ਰੋਲ। ਮਜ਼ਦੂਰਾਂ ਵਿੱਚ ਨਸਲਵਾਦੀ ਵੰਡ ਹੋਣ ਦਾ ਲਾਭ ਕੰਮਾਂ ਦੇ ਮਾਲਕ ਉਠਾਉਂਦੇ ਸਨ। ਉਹ ਏਸ਼ੀਆਈ ਕਾਮਿਆਂ ਨੂੰ ਘੱਟ ਤਨਖ਼ਾਹ ਦਿੰਦੇ ਸਨ ਅਤੇ ਕਾਮਿਆਂ ਵਿੱਚ ਵੰਡ ਕਾਰਨ ਉਨ੍ਹਾਂ ਨੂੰ ਯੂਨੀਅਨਾਂ ਬਣਨ ਦਾ ਖ਼ਤਰਾ ਘੱਟ ਰਹਿੰਦਾ ਸੀ। ਇਹ ਸਿਲਸਿਲਾ 1937 ਤੱਕ ਚਲਦਾ ਰਿਹਾ। ਇਸੇ ਹੀ ਸਮੇਂ ਦੌਰਾਨ ਜਦੋਂ ਮਜ਼ਦੂਰ ਯੂਨੀਅਨਾਂ ਖੱਬੇ-ਪੱਖੀਆਂ ਦੇ ਪ੍ਰਭਾਵ ਅਧੀਨ ਆ ਗਈਆਂ, ਤਾਂ ਉਨ੍ਹਾਂ ਨੇ ਸਾਰੇ ਕਾਮਿਆਂ ਦੀ ਏਕਤਾ ਕਰਨ ਲਈ ਏਸ਼ੀਅਨ ਕਾਮਿਆਂ ਨੂੰ ਯੂਨੀਅਨਾਂ ਵਿੱਚ ਸ਼ਾਮਲ ਕਰਨ ਲਈ ਯਤਨ ਆਰੰਭ ਦਿੱਤੇ। ਪੰਜਾਬੀ ਲੋਕ ਜ਼ਿਆਦਾ ਲੱਕੜ ਮਿੱਲਾਂ ਵਿੱਚ ਹੀ ਕੰਮ ਕਰਦੇ ਸਨ, ਉਨ੍ਹਾਂ ਨੂੰ ਵੁੱਡ ਵਰਕਰਜ਼ ਯੂਨੀਅਨ ਵਿੱਚ ਸ਼ਾਮਲ ਕਰਨ ਵਿੱਚ ਦਰਸ਼ਨ ਸਿੰਘ ਸੰਘਾ ਨੇ ਅਹਿਮ ਹਿੱਸਾ ਪਾਇਆ। ਉਹ ਉਸ ਸਮੇਂ ਕਨੇਡੀਅਨ ਕਮਿਊਨਿਸਟ ਪਾਰਟੀ ਵਿੱਚ ਬਹੁਤ ਹੀ ਸਰਗਰਮੀ ਨਾਲ ਕੰਮ ਕਰਦਾ ਸੀ। ਇਸ ਬਾਰੇ ਕਾਫ਼ੀ ਵਿਸਥਾਰ ਅੱਠਵੇਂ ਚੈਪਟਰ ਵਿੱਚ ਦਿੱਤਾ ਗਿਆ ਹੈ।

ਕਨੇਡਾ ਵਿੱਚ ਭਾਰਤੀ ਲੋਕਾਂ ਦੇ ਵਸੇਬੇ ਦੇ ਲਈ ਚੱਲੀਆਂ ਮੁਹਿੰਮਾਂ ਦੀ ਅਗਵਾਈ ਖ਼ਾਲਸਾ ਦੀਵਾਨ ਸੁਸਾਇਟੀ ਜੋ ਕਿ ਸਾਰਿਆਂ ਨੂੰ ਪ੍ਰਵਾਨਿਤ ਵੀ ਸੀ, ਜਿਸ ਦਾ ਵੇਰਵਾ ਇਸਦੇ ਸਥਾਪਿਤ ਹੋਣ ਤੋਂ 1972 ਤੱਕ, ਹਰ ਚੈਪਟਰ ਵਿੱਚ ਆਵੇਗਾ। ਖ਼ਾਸ ਤੌਰ ’ਤੇ ਵੋਟ ਹੱਕ ਲੈਣ ਦੀ ਮੁਹਿੰਮ ਵਿੱਚ ਇਸ ਸੰਸਥਾ ਦੇ ਸਕੱਤਰ ਨਰਿੰਦਰ ਸਿੰਘ ਗਿੱਲ, ਡਾਕਟਰ ਪਾਂਡੀਆ, ਦਰਸ਼ਨ ਸਿੰਘ ਸੰਘਾ, ਕਾਮਰੇਡ ਹੈਰਲਡ ਪਰਿਚੈੱਟ ਸੀ.ਸੀ.ਐਫ਼. ਪਾਰਟੀ ਦੇ ਆਗੂ ਹੈਰਲਡ ਵਿਚ ਦਾ ਵੇਰਵਾ ਚੈਪਟਰ ਸੱਤ ਵਿੱਚ ਮਿਲ ਜਾਵੇਗਾ। ਇਸ ਸ਼ਾਨਦਾਰ ਇਤਿਹਾਸ ਵਿੱਚ ਜਿੱਥੇ ਸਾਰੀਆਂ ਧਿਰਾਂ ਦੀ ਦੇਣ ਦਾ ਜ਼ਿਕਰ ਹੈ, ਉੱਥੇ ਖੱਬੇ-ਪੱਖੀਆਂ ਦੀ ਦੇਣਜਿਸ ਨੂੰ ਬਹੁਤ ਸਾਰੇ ਇਤਿਹਾਸਕਾਰਾਂ ਨੇ ਜਾਣ-ਬੁਝ ਕੇ ਅੱਖੋਂ ਪਰੋਖੇ ਕੀਤਾ, ਨੂੰ ਉਨ੍ਹਾਂ ਬਣਦਾ ਸਥਾਨ ਸਾਹਮਣੇ ਲਿਆਣ ਦਾ ਯਤਨ ਕੀਤਾ ਗਿਆ ਹੈ। ਇਸ ਸਾਰੀ ਜੱਦੋ-ਜਹਿਦ ਨਾਲ ਜਿੱਥੇ ਆਪਣੇ ਭਾਈਚਾਰੇ ਨੇ ਆਪਣੀ ਬਰਾਬਰਤਾ ਵਾਲਾ ਸਥਾਨ ਪ੍ਰਾਪਤ ਕੀਤਾ, ਉੱਥੇ ਨਾਲ ਹੀ ਕਨੇਡੀਅਨ ਸਮਾਜ ਲਈ ਬਰਾਬਰਤਾ, ਇਨਸਾਫ਼ ਅਤੇ ਨਸਲਵਾਦ ਤੋਂ ਰਹਿਤ ਸਮਾਜ ਬਣਾਉਣ ਵੱਲ ਆਪਣਾ ਹਿੱਸਾ ਪਾਇਆ।

ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੇ ਸਾਹਸ, ਸੰਘਰਸ਼, ਦ੍ਰਿੜ੍ਹ ਇਰਾਦੇ, ਵਫ਼ਾਦਾਰੀ ਅਤੇ ਆਪਣੇ ਆਗੂਆਂ ਦੀ ਅਗਵਾਈ ਨਾਲ ਭਾਰਤੀ-ਕਨੇਡੀਅਨਾਂ ਨੇ ਜੋ ਸਥਾਨ ਹਾਸਿਲ ਕੀਤਾ ਹੈ ਉਹ ਕਨੇਡੀਅਨ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ, ਜਿਸ ਤੇ ਸਾਨੂੰ ਮਾਣ ਕਰਨਾ ਚਾਹੀਦਾ ਹੈ। ਇਹ ਸਾਡਾ ਸਭਦਾ ਸਾਂਝਾ ਵਿਰਸਾ ਹੈ।

ਇਸ ਪੁਸਤਕ ਵਿੱਚ ਜੋ ਤੱਥ ਜਿਨ੍ਹਾਂ ਨੂੰ ਬਹੁਤ ਸਾਰੇ ਇਤਿਹਾਸ ਲਿਖਣ ਵਾਲਿਆਂ ਨੇ ਦਰਜ ਨਹੀਂ ਕੀਤਾ, ਨੂੰ ਸ਼ਾਮਲ ਕਰ ਕੇ ਉਨ੍ਹਾਂ ਧਿਰਾਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦਿੱਤਾ ਹੈ, ਤਾਂ ਜੋ ਪਾਠਿਕ ਉਨ੍ਹਾਂ ਬਾਰੇ ਵੀ ਜਾਣ ਸਕਣ। ਭਾਰਤੀ-ਕਨੇਡੀਅਨਾਂ ਦੇ ਇਤਿਹਾਸ ਵਿੱਚ ਅਗਾਂਹਵਧੂ ਸਮਾਜਵਾਦੀ ਵਿਚਾਰਧਾਰਾ ਦੀ ਦੇਣ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਮੇਰੀ ਇਹ ਸਮਝ ਹੈ ਕਿ ਭਾਰਤੀ-ਕਨੇਡੀਅਨ ਵੱਲੋਂ ਕਨੇਡਾ ਵਿੱਚ ਆਪਣੇ ਵਸੇਬੇ ਲਈ ਕੀਤਾ ਸੰਘਰਸ਼ ਸਾਡੇ ਸਾਰਿਆਂ ਦਾ ਸਾਂਝਾ ਵਿਰਸਾ ਹੈ। ਇਸ ਵਿਰਾਸਤ ਨੂੰ ਅੱਗੇ ਵਧਾਉਣਾ ਹੀ ਇਸ ਕਿਤਾਬ ਦਾ ਮੂਲ ਮਕਸਦ ਹੈ। ਇਹ ਪੁਸਤਕ ਕਨੇਡੀਅਨ ਗ਼ਦਰ ਲਹਿਰ ਦੇ ਸਿਰੜੀ ਤੇ ਸਿਦਕੀ ਸੂਰਬੀਰਾਂ, ਸ਼ਹੀਦਾਂ ਅਤੇ ਯੋਧਿਆਂ ਦੀਆਂ ਕਨੇਡਾ ਵਿੱਚ ਆਪਣੇ ਆਪ ਨੂੰ ਸਥਾਪਤ ਕਰਨ ਅਤੇ ਗ਼ਦਰ ਪਾਰਟੀ ਵੱਲੋਂ ਭਾਰਤ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਨ ਤੇ ਸਤਿਕਾਰ ਦੇਣ ਦਾ ਇੱਕ ਉਪਰਾਲਾ ਹੈ। ਮੈਂ ਇਸ ਧਾਰਨਾ ਵਿੱਚ ਵਿਸ਼ਵਾਸ ਕਰਦਾ ਹਾਂ ਕਿ “ਇਤਿਹਾਸ ਦੀ ਵਰਤੋਂ ਸੰਪ੍ਰਦਾਇਕਤਾ, ਨਸਲੀ ਅਤੇ ਧਾਰਮਿਕ ਕੱਟੜਪੁੱਣੇ ਨੂੰ ਵਧਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ। ਇਤਿਹਾਸਕਾਰ ਦਾ ਕੰਮ, ਤਿੱਖੀ ਅਲੋਚਨਾ ਦੀ ਭਾਵਨਾ, ਸਮਾਜਕ, ਆਰਥਕ ਤੇ ਸਭਿਆਚਾਰਕ ਪ੍ਰਸੰਗਕ ਪਹਿਲੂਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਕੇ ਸਥਾਪਤ ਕਰਨਾ ਹੁੰਦਾ ਹੈ” (ਇਹ ਮਤਾ ਦਸੰਬਰ, 1977 ਨੂੰ ਭੁਵਨੇਸ਼ਵਰ ਵਿੱਚ ਹੋਈ ਭਾਰਤੀ ਇਤਿਹਾਸ ਕਾਂਗਰਸ ਵਿੱਚ ਪਾਸ ਕੀਤਾ ਗਿਆ ਸੀ) ਇਸੇ ਹੀ ਭਾਵਨਾ ’ਤੇ ਚਲ ਕੇ ਇਸਲਿਖਤ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ। ਕਨੇਡਾ ਵਿੱਚ ਆਪਣੇ ਲੋਕਾਂ ਦੇ ਵਸਣ ਦੀ ਕਹਾਣੀ ਅਤੇ ਇਸ ਵਿੱਚ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ, ਜਿਨ੍ਹਾਂ ਕਰ ਕੇ ਅਸੀਂ ਦੁਨੀਆ ਦੇ ਇਸ ਮਹਾਨ ਦੇਸ਼ ਵਿੱਚ ਰਹਿ ਰਹੇ ਹਾਂ, ਨੂੰ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣ ਦੀ ਲੋੜ ਹੈ।

## “ਡਾਂਗੇ ਮਰ ਚੁੱਕਾ ਹੈ” ਇੱਕ ਤਥਾਤਮਕ ਕਹਾਣੀ

ਅਮਰ ਗਰਗ ਕਲਮਦਾਨ (ਧੂਰੀ)
7 ਏ/71, 50 ਫ਼ੁੱਟ ਰੋਡ ਧੂਰੀ
ਮੋਬਾਇਲ: 9814341746

ਅੱਜ ਕਿਸੇ ਦੇ ਘਰ ਖਾਣਾ ਨਹੀਂ ਪੱਕਿਆ ਕਿਉਂਕਿ ਲੋਕਾਂ ਦਾ ਹਰਮਨ ਪਿਆਰਾ ਨੇਤਾ ਡਾਂਗੇ ਮਰ ਚੁੱਕਾ ਸੀ। ਲੋਕ ਉਸ ਨੂੰ ਆਪਣਾ ਜਿਉਂਦਾ ਭਗਵਾਨ ਮੰਨਦੇ ਸਨ। ਪਾਰਟੀ ਦਫਤਰ ‘ਚ ਮ੍ਰਿਤ ਸ਼ਰੀਰ ਨੂੰ ਦੇਖਣ ਲਈ ਲੋਕਾਂ ਦਾ ਤਾਂਤਾ ਲੱਗਿਆ ਸੀ। ਘਰ ਵਾਲਿਆਂ ਨੇ ਮ੍ਰਿਤ ਸ਼ਰੀਰ ਦੇ ਸੰਸਕਾਰ ਲਈ ਸੱਤ ਮਣ ਲਕੜਾਂ ਮੰਗਵਾ ਲਈਆਂ ਸਨ, ਜਿਨ੍ਹਾਂ ਵਿੱਚ ਕੁੱਝ ਚੰਦਨ ਦੀਆਂ ਲਕੜਾਂ ਵੀ ਸਨ ਪਰ ਸੋਲਾਂ ਮੈਂਬਰੀ ਕਮੇਟੀ ਨੇ ਹੁਕਮ ਪਾਸ ਕੀਤਾ, ਕਾਮਰੇਡ ਡਾਂਗੇ ਦੀ ਮੌਤ ਆਰਜੀ ਹੈ, ਇਹ ਕਦੇ ਵੀ ਜੀਵਤ ਹੋ ਸਕਦੇ ਹਨ। ਮ੍ਰਿਤ ਸ਼ਰੀਰ ਨੂੰ ਇੱਕ ਵੱਡੇ ਫਰਿਜ਼ ਵਿੱਚ ਸਮਾਧੀ ਦੇ ਭੇਸ ਵਿੱਚ ਬਿਠਾ ਦਿੱਤਾ ਗਿਆ। ਲੋਕਾਂ ਨੂੰ ਕਿਹਾ ਗਿਆ, ‘ਵਿਗਿਆਨ ਬਹੁਤ ਵੱਡੀ ਤਰੱਕੀ ਕਰ ਰਿਹਾ ਹੈ, ਕਦੇ ਵੀ ਕਾਮਰੇਡ ਡਾਂਗੇ ਸਾਡੇ ਵਿੱਚ ਮੁੜ ਆ ਸਕਦੇ ਹਨ, ਬੱਸ ਸ਼ੁਭ ਸਮਾਚਾਰ ਦੀ ਉਡੀਕ ਕਰੋ।’

ਏ.ਜੀ.ਕਾਰ ਮੰਨਿਆ ਪ੍ਰਮੰਨਿਆ ਬੁੱਧੀਜੀਵੀ ਅਤੇ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਰਹਿ ਚੁੱਕਾ ਸੀ। ਰਾਸ਼ਟਰੀ, ਅੰਤਰਾਸ਼ਟਰੀ ਵਿਸ਼ਿਆਂ ਦੀ ਪੂਰੀ ਸਮਝ ਰੱਖਦਾ ਸੀ। ਬਚਪਨ ਅੰਮ੍ਰਿਤਸਰ ਵਿੱਚ ਬੀਤਨ ਕਰਕੇ ਬੰਗਾਲੀ, ਪੰਜਾਬੀ ਅਤੇ ਅੰਗਰੇਜੀ ਉੱਪਰ ਚੰਗੀ ਪਕੜ ਰੱਖਦਾ ਸੀ। ਡਾਂਗੇ ਨੇ ਉਸ ਨੂੰ 16 ਮੈਂਬਰੀ ਕਮੇਟੀ ਦੇ ਨਾਲ ਇੱਕ ਵਾਧੂ ਪਰਵੇਕਸ਼ਕ ਜੋੜਿਆ ਹੋਇਆ ਸੀ ਅਤੇ ਟੀ.ਵੀ. ਉੱਪਰ ਰਾਜਨੀਤਿਕ ਵਿਸ਼ਿਆਂ ਉੱਪਰ ਪਾਰਟੀ ਦਾ ਪੱਖ ਰੱਖਦਾ ਸੀ।

ਏ.ਜੀ.ਕਾਰ ਪਾਰਟੀ ਦਾ ਇੱਕ ਵਫਾਦਾਰ ਸਿਪਾਹੀ, ਪਾਰਟੀ ਸਮਰਥਣ ਵਿੱਚ ਲੋਕਾਂ ਦੀ ਆ ਰਹੀ ਭਾਰੀ ਗਿਰਾਵਟ ਤੋਂ ਚਿਤੰਤ ਸੀ, ‘ਕਿਸੇ ਸਮੇਂ ਪਾਰਟੀ ਦਫਤਰ ਵਿੱਚ ਲੋਕਾਂ ਦਾ ਮੇਲਾ ਲਗਦਾ ਸੀ। ਹੁਣ ਟਾਵਾਂ-ਟਾਵਾਂ ਵਰਕਰ ਹੀ ਪਾਰਟੀ ਦਫਤਰ ਆਉਂਦਾ ਸੀ, ਪਾਰਟੀ ਦਫਤਰ ਦੇ ਵੱਡੇ ਵਿਹੜੇ ਵਿੱਚ ਥੜੇ ਉੱਪਰ ਲੱਗੀ ਲੈਨਿਨ ਦੀ ਮੂਰਤੀ ਹਿਲ ਰਹੀ ਸੀ, ਕਿਉਂਕਿ ਜੜਾਂ ਵਿੱਚ ਚੂਹਿਆਂ ਨੇ ਖੁੱਡਾਂ ਕਰ ਲਈਆਂ ਸਨ। ਪਾਰਟੀ ਦੇ ਸਾਰੇ ਦਾਅ ਪੇਚ ਪੁੱਠੇ ਪੈਣ ਲੱਗ ਪਏ। ਏ.ਜੀ.ਕਾਰ ਆਪਣੀ ਆਤਮਾ ਨੂੰ ਝੂਠ ਦੇ ਬੋਝ ਥੱਲੇ ਹੋਰ ਦੁਖੀ ਨਹੀਂ ਕਰਨਾ ਚਾਹੁੰਦਾ ਸੀ। 16 ਮੈਂਬਰੀ ਕਮੇਟੀ ਦੇ ਸਾਹਮਣੇ ਪੇਸ਼ ਹੋ ਕੇ ਕਹਿਣ ਲੱਗਾ, “ ਅਤੀਤ ਵਿੱਚ ਜਦੋਂ ਅਸੀਂ ਭਾਰਤ ਨੂੰ ਇੱਕ ਰਾਸ਼ਟਰ ਨਹੀਂ ਮੰਨਿਆ, ਕਦੇ ‘ਭਾਰਤ ਮਾਂ ਦੀ ਜੈ’ ਜਾਂ ‘ਵੰਦੇ ਮਾਤਰਮ’ ਨਹੀਂ ਕਿਹਾ, ਜਦੋਂ ਕਿ ਇਹ ਦੋਵੇਂ ਨਾਅਰੇ ਕਮਿਊਨਿਸਟਾਂ ਦੇ ਮੁੱਢਲੇ ਨਾਅਰੇ ਹੋਣੇ ਚਾਹੀਂਦੇ ਸਨ, ਅਸੀਂ ਨਾ ਹੀ ਹੋਚੀਮਿਨ ਦੇ, ਨਾਂ ਹੀ ਫੀਦਲ ਕਾਸਤਰੋ ਦੇ ਅਤੇ ਨਾ ਹੀ ਮਾਓ ਦੇ ਰਾਸ਼ਟਰਵਾਦ ਤੋਂ ਕੁੱਝ ਸਿੱਖਿਆ। 19 ਸਤੰਬਰ 1942 ਦੇ ਇੱਕ ਮਤੇ ਨੇ ਭਾਰਤ ਵਿੱਚੋਂ ਕਮਿਊਨਿਸਟ ਲਹਿਰ ਦੀਆਂ ਜੜਾਂ ਇੱਕ ਝਟਕੇ ਵਿੱਚ ਹੀ ਉਖਾੜ ਦਿੱਤੀਆਂ। ਇਹ ਉਹ ਮਤਾ ਸੀ ਜਿਸ ਨੇ ਭਾਰਤ ਦੇ ਟੋਟੇ ਕਰਕੇ, ਪਾਕਿਸਤਾਨ ਦੇ ਬਣਨ ਦੀ ਹਿਮਾਇਤ ਕੀਤੀ ਸੀ। ਅਸੀਂ ਇੰਨੇ ਕੁੱਪਤੇ ਬਣ ਚੁੱਕੇ ਸੀ ਆਪਣੀ ਹੀ ਮਾਂ ਦੇ ਟੋਟੇ ਕਰਨ ਵਿੱਚ ਭਾਗੀਦਾਰ ਬਣ ਗਏ।ਅਸੀਂ ਜਿਨਹਾ ਨੂੰ ਕ੍ਰਾਂਤੀਕਾਰੀ ਸਮਝ ਬੈਠੇ, ਜਿਨ੍ਹਾਂ ਦੇ ਹੱਥੋਂ ਆਪਣੀ ਹੀ ਭੋਲੀ ਭਾਲੀ ਜਨਤਾ ਦਾ ਘਾਣ ਕਰਵਾ ਬੈਠੇ। ਉੱਚੀ-ਉੱਚੀ ਚੀਕਾਂ ਮਾਰਨ ਨੂੰ ਜੀਅ ਕਰਦਾ ਹੈ ਜਦੋਂ ਇਤਿਹਾਸ ਨੂੰ ਦੇਖਦੇ ਹਾਂ ਕਿ ਦੋ ਚੋਟੀ ਦੇ ਕਮਿਊਨਿਸਟ ਲੀਡਰ ਜਿਨਹਾ ਦੇ 16 ਅਗਸਤ 1946 ਦੇ ਡਾਇਰੈਕਟ ਐਕਸ਼ਨ ਡੇ ਦੇ ਸੱਦੇ ਤੇ ਮੰਚ ਉੱਪਰ ਹਾਜ਼ਿਰ ਸਨ।ਜਿਨਹਾ ਵੱਲੋਂ ਦਿੱਤੇ ਡਾਇਰੈਕਟ ਐਕਸ਼ਨ ਡੇ ਦੇ ਸੱਦੇ ਕਾਰਨ ਬੰਗਾਲ ਵਿੱਚ ਦੰਗੇ ਭੜਕ ਗਏ ਸਨ ਜਿਸ ਵਿੱਚ 6000 ਦੇ ਲਗਭਗ ਹਿੰਦੂ ਅਤੇ ਮੁਸਲਿਮ ਮਾਰੇ ਗਏ ਸਨ ਅਤੇ ਲਗਭਗ 2 ਲੱਖ ਔਰਤਾਂ ਦਾ ਬਲਾਤਕਾਰ ਹੋਇਆ ਸੀ। ਇਸ ਡੇ ਉਪਰਾਂਤ ਪਾਕਿਸਤਾਨ ਬਣਨ ਦਾ ਰਾਹ ਪੱਧਰਾ ਹੋ ਗਿਆ ਸੀ। ਹੁਣ ਜਦੋਂ ਚੀਨ ਨਾਲ ਯੁੱਧ ਦਾ ਸਵਾਲ ਖੜ੍ਹਾ ਹੋ ਗਿਆ ਹੈ, ਹੁਣ ਅਸੀਂ ਸਮੁੱਚੀ ਪਾਰਟੀ ਨੂੰ ਦੇਸ਼ ਦੀ ਕੌਮੀ ਸਰਮਾਏਦਾਰੀ ਦੀ ਅਗਵਾਈ ਵਿੱਚ ਰਾਸ਼ਟਰਵਾਦ ਨਾਲ ਖੜ੍ਹਨ ਦਾ ਹੋਕਾ ਦੇ ਰਹੇ ਹਾਂ, ਜਦੋਂ ਅਸੀਂ ਆਪਣੇ ਕੇਡਰ ਨੂੰ ਰਾਸ਼ਟਰਵਾਦ ਤੇ ਲਾਮਬੰਦ ਹੀ ਨਹੀਂ ਕੀਤਾ, ਸਗੋਂ ਰਾਸ਼ਟਰਵਾਦ ਨੂੰ ਕੌਮੀ ਸਰਮਾਏਦਾਰੀ ਦੇ ਹੱਥ ਕੰਡੇ ਦੇ ਤੌਰ ਤੇ ਪੇਸ਼ ਕੀਤਾ ਹੈ, ਫੇਰ ਤੁਸੀਂ ਕਿਵੇਂ ਸੋਚ ਲਿਆ ਸਾਡਾ ਕੇਡਰ ਦਿੱਤੀ

ਕਾਲ ਤੇ ਸਾਡੇ ਨਾਲ ਖੜ੍ਹਾ ਜਾਵੇਗਾ। ਕੇਡਰ ਦੀ ਨਵਜ਼ ਪਛਾਣ ਕੇ ਸਾਡੇ ਆਪਣੇ ਵਿੱਚੋਂ ਹੀ ਪਾਰਟੀ ਤੋੜਨ ਲਈ ਖੜ੍ਹੇ ਹੋ ਜਾਣਗੇ।"

16 ਮੈਂਬਰੀ ਕਮੇਟੀ ਵਿੱਚੋਂ ਪ੍ਰਕਾਸ਼ ਚੰਦ ਜੋਸ਼ੀ ਬੋਲਿਆ, "ਕਾਮਰੇਡ ਕਾਰ ਬੰਦ ਕਮਰੇ ਵਿੱਚ ਤਾਂ ਤੁਸੀਂ ਆਪਣੇ ਦਿਲ ਦੀ ਗੱਲ ਕਹਿ ਦਿੱਤੀ ਪਰ ਕ੍ਰਿਪਾ ਕਰਕੇ ਇਨ੍ਹਾਂ ਵਿਚਾਰਾਂ ਨੂੰ ਕਿਸੇ ਅਖਬਾਰ ਵਿੱਚ ਨਾ ਪ੍ਰਕਟ ਕਰਿਓ, ਇਸ ਵਿੱਚ ਹੀ ਤੁਹਾਡੀ ਭਲਾਈ ਹੈ, ਆਪਣਾ ਸਾਥ ਬਣਿਆ ਰਹੇਗਾ"।

ਉਹੀ ਹੋਇਆ, ਪਾਰਟੀ ਟੁੱਟ ਗਈ, ਟੋਟੇ ਦੇ ਅੱਗੇ ਟੋਟੇ ਹੋ ਗਏ। ਦਫਤਰਾਂ ਦੀ ਲੁੱਟ ਪੈ ਗਈ। ਜਿਸ ਦੇ ਹੱਥ ਜੋ ਆਇਆ ਉਹ ਚੁੱਕ ਕੇ ਲੈ ਗਿਆ। ਏ.ਜੀ.ਕਾਰ. ਫੇਰ ਬੋਲਿਆ ਜਦੋਂ ਤੁਸੀਂ ਕੇਡਰ ਨੂੰ ਧਰਤੀ ਦੇ ਪੁੱਤਰ ਨਹੀਂ ਬਣਾਇਆ ਤਾਂ ਮੱਤ ਆਸ ਰੱਖੋ ਇਹ ਪਾਰਟੀ ਲਈ ਸਪੁੱਤਰ ਸਾਬਿਤ ਹੋਣਗੇ।

ਪ੍ਰਕਾਸ਼ ਚੰਦ ਜੋਸ਼ੀ ਬੋਲਿਆ, ਕਾਮਰੇਡ ਕਾਰ ਜੀ ਇਹ ਦੱਸੋ, 'ਹੁਣ ਪਾਰਟੀ ਨੂੰ ਖੜ੍ਹਾ ਕਰਨ ਲਈ ਅੱਗੇ ਕੀ ਨੀਤੀ ਹੋਣੀ ਚਾਹੀਦੀ ਹੈ?' ਏ.ਜੀ.ਕਾਰ. ਬੋਲਿਆ, ' ਪਹਿਲਾਂ ਤਾਂ ਪਿਛਲੀਆਂ ਕੀਤੀਆਂ ਗਲਤੀਆਂ ਲਈ ਦੇਸ਼ ਦੀ ਜਨਤਾ ਕੋਲੋਂ ਮੁਆਫ਼ੀ ਮੰਗੋ। ਪਾਰਟੀ ਪ੍ਰੋਗਰਾਮ ਨੂੰ ਰਾਸ਼ਟਰਵਾਦ ਨਾਲ ਜੋੜੋ। ਭਾਰਤੀ ਰਾਸ਼ਟਰਵਾਦ ਨਿਰੋਲ ਸੰਸਕ੍ਰਿਤਿਕ ਅਤੇ ਵਿਗਿਆਨਿਕ ਹੈ। ਵਾਤਾਵਰਣ ਅਤੇ ਕੁੱਲ ਲੋਕਾਈ ਲਈ ਹਿਤੇਸ਼ੀ ਹੈ। ਤੁਸੀਂ ਯੋਗ ਨੂੰ ਹੀ ਦੇਖ ਸਕਦੇ ਹੋ, ਇਹ ਸਮੁੱਚੇ ਸੰਸਾਰ ਨੂੰ ਸਿਹਤ ਸੰਭਾਲ ਦੇ ਗੁਣਾ ਨਾਲ ਜੋੜ ਰਿਹਾ ਹੈ। ਤੁਸੀਂ ਕੁੰਭ ਨੂੰ ਦੇਖ ਲਓ, ਜਿੱਥੇ ਦੇਸ਼ ਦੀ ਅੱਧੀ ਅਬਾਦੀ ਪਹੁੰਚ ਜਾਂਦੀ ਹੈ ਜੋ ਕੇਵਲ ਸੂਰਜ ਅਤੇ ਨਦੀ ਨੂੰ ਮੱਥਾ ਟੇਕਦੀ ਹੈ, ਜਿੱਥੇ ਨਿਰਾਕਾਰ ਈਸ਼ਵਰ ਦੀ ਕੋਈ ਮਾਨਤਾ ਨਹੀ ਸਮਝੀ ਜਾਂਦੀ। ਇਸ ਮਕਸਦ ਦੀ ਪੂਰਤੀ ਲਈ ਕਮਿਊਨਿਸਟ ਪਾਰਟੀ ਆਪਣੇ ਕੇਡਰ ਵਿੱਚ ਦੋ ਮੁੱਖ ਨਾਅਰੇ ਬੁਲੰਦ ਕਰੇ, ਪਹਿਲਾ: "ਭਾਰਤ ਮਾਤਾ ਦੀ ਜੈ"ਅਤੇ ਦੂਜਾ "ਵੰਦੇ ਮਾਤਰਮ"। ਇਹ ਸੁਣ ਕੇ ਪ੍ਰਕਾਸ਼ ਚੰਦ ਜੋਸ਼ੀ ਬੋਲਿਆ, 'ਕਾਮਰੇਡ ਕਾਰ ਕਮਿਊਨਿਸਟ ਪਾਰਟੀ ਇਹ ਨਾਅਰੇ ਨਹੀਂ ਸਵੀਕਾਰ ਕਰ ਸਕਦੀ, ਜੇਕਰ ਪਾਰਟੀ ਇਹ ਨਾਅਰੇ ਸਵੀਕਾਰ ਕਰਦੀ ਹੈ ਤਾਂ ਉਸ ਦੇ ਪ੍ਰੋਗਰਾਮ ਦਾ ਸੈਕੂਲਰ ਢਾਂਚਾ ਹੀ ਤਬਾਹ ਹੋ ਜਾਵੇਗਾ, ਇਹ ਨਾਅਰੇ ਸਿਧਾਂਤਕ ਤੌਰ ਤੇ ਵੀ ਠੀਕ ਨਹੀਂ ਹਨ।' ਏ.ਜੀ.ਕਾਰ ਬੋਲਿਆ, "ਤੁਸੀਂ ਸੈਕੂਲਰ ਪਲੇਟਫਾਰਮ ਤੇ ਖੜ੍ਹ ਕੇ ਨਹੀਂ ਬੋਲ ਰਹੇ, ਸਗੋਂ ਤੁਸੀਂ ਇੱਕ ਪੰਥ ਦੇ ਪਲੇਟਫਾਰਮ ਤੋਂ ਬੋਲ ਰਹੇ ਹੋ। ਕੀ ਅਰਥ ਹੈ ਇਨ੍ਹਾਂ ਨਾਅਰਿਆਂ ਦਾ, ਇਹੋ ਨਾਂ, ਹੇ ! ਮਾਤਭੂਮੀ ਤੇਰੀ ਜਿੱਤ ਹੋਵੇ, ਅਸੀਂ ਤੈਨੂੰ ਪ੍ਰਣਾਮ ਕਰਦੇ ਹਾਂ, ਇਹ ਤਾਂ ਨਿਰੋਲ ਮਾਰਕਸਵਾਦੀ ਹਨ, ਇਨ੍ਹਾਂ ਵਿੱਚ ਤਾਂ ਕਿਤੇ ਈਸ਼ਵਰ ਦੇ ਗੁਣਗਾਣ ਦੀ ਝਲਕ ਨਹੀਂ ਪੈਂਦੀ। ਉਲਟਾ ਜਿਹੜੇ ਪੰਥ ਇਹਨਾਂ ਨਾਅਰਿਆਂ ਨੂੰ ਰੱਦ ਕਰਦੇ ਹਨ, ਉਹ ਇਹੋ ਦਲੀਲ ਦਿੰਦੇ ਹਨ ਕਿ ਉਹ ਕਿਸੇ ਪੱਥਰ ਜਾਂ ਮਿੱਟੀ ਨੂੰ ਸਿਜਦਾ ਨਹੀਂ ਕਰ ਸਕਦੇ, ਉਹ ਕੇਵਲ ਨਿਰਾਕਾਰ ਈਸ਼ਵਰ ਨੂੰ ਹੀ ਸਿਜਦਾ ਕਰਨਗੇ। ਇਹ ਦਾ ਮਤਲਵ ਅਸੀਂ ਮਾਰਕਸਵਾਦ ਨਾਲ ਨਹੀਂ ਖੜ੍ਹਦੇ ਸਗੋਂ ਪੰਥਕ ਸ਼ਕਤੀਆਂ ਅੱਗੇ ਸਿਰ ਝੁਕਾਉਂਦੇ ਹਾਂ। ਯਾਦ ਰੱਖਣਾ ਜਿਵੇਂ ਇੱਕ ਕਿਸਾਨ ਆਪਣੀ ਜਮੀਨ ਦਾ ਆਪਣੇ ਪੁੱਤਰ ਨੂੰ ਵਾਰਿਸ ਬਣਾਉਂਦਾ ਹੈ, ਉਸੇ ਤਰ੍ਹਾਂ ਇਹ ਧਰਤੀ ਵੀ ਆਪਣੇ ਪੁੱਤਰ ਨੂੰ ਵਾਰਿਸ ਬਣਾਏਗੀ। ਯਾਦ ਰੱਖਣਾ 'ਵੰਦੇ ਮਾਤਰਮ' ਦਾ ਨਾਅਰਾ ਬੰਗਾਲ ਦੀ ਧਰਤੀ ਚੋਂ ਉੱਠਿਆ ਸੀ, ਬੰਗਾਲ ਵੀ ਸਾਡੇ ਕੋਲ ਲੰਬਾ ਸਮਾਂ ਨਹੀਂ ਰਹਿਣਾ, ਇਹ ਉਨ੍ਹਾਂ ਕੋਲ ਚਲਾ ਜਾਵੇਗਾ ਜਿਹੜੇ 'ਵੰਦੇ ਮਾਤਰਮ; ਦਿਲ ਚੋਂ ਕਹਿਣਗੇ।'

ਬਹੁਤ ਸਾਲ ਬੀਤ ਗਏ, ਕਾਮਰੇਡ ਏ.ਜੀ.ਕਾਰ. ਬੁੱਢਾ ਹੋ ਚੱਲਿਆ ਸੀ। ਉੱਘਾ ਸਾਹਿਤਕਾਰ ਸਰਚਾਂਦਪੁਰੀ ਮਿਲਣ ਆਉਂਦਾ ਹੈ। ਬੋਲਿਆ, 'ਕਾਮਰੇਡ ਜੀ, ਆਪਾਂ ਨੂੰ ਕਸ਼ਮੀਰੀਆਂ ਦੇ ਸਵੈ ਨਿਰਣੈ ਦੇ ਹੱਕ ਵਿੱਚ ਅੰਦੋਲਨ ਛੇੜ ਦੇਣਾ ਚਾਹੀਦਾ ਹੈ, ਭਾਰਤ ਵਿੱਚ ਪੂੰਜੀਪਤੀਆਂ ਦੀ ਸਰਕਾਰ ਨੇ ਕਸ਼ਮੀਰੀਆਂ ਨੂੰ ਦਬਾਕੇ ਰੱਖਿਆ ਹੈ, ਇਸ ਨੂੰ ਅਸੀਂ ਸ਼ਾਂਤੀ ਨਹੀਂ ਕਹਿ ਸਕਦੇ।' ਇਹ ਸੁਣ ਕੇ ਏ.ਜੀ.ਕਾਰ. ਗੁੱਸੇ ਵਿੱਚ ਆ ਜਾਂਦਾ ਹੈ, ਪਰ ਗੁੱਸੇ ਨੂੰ ਅਕਲ ਰਾਹੀਂ ਵਿਚਾਰਾਂ 'ਚ ਪੇਸ਼ ਕਰਨਾ ਹੀ ਉੱਤਮ ਰਸਤਾ ਮੰਨਦਾ ਹੋਇਆ ਬੋਲਿਆ, ਪਹਿਲਾਂ ਮੈਨੂੰ ਇਹ ਦੱਸੋ: ਭਾਰਤ ਦੇ ਤਿੰਨ ਟੋਟੇ ਤਾਂ ਪਹਿਲਾਂ ਹੀ ਹੋ ਚੁੱਕੇ ਹਨ, ਇਸ ਟੁੱਟ ਵਿੱਚ ਨਿਭਾਈ ਭੂਮਿਕਾ ਦਾ ਲੱਗਿਆ ਕਲੰਕ ਪਾਰਟੀ ਹਾਲੇ ਤੱਕ ਭੁਗਤ ਰਹੀ ਹੈ। ਅਸੀਂ ਆਪਣੇ ਹੱਥਾਂ ਨਾਲ ਬਣਾਈ ਆਪਣੀ ਹੀ ਪਾਰਟੀ ਨੂੰ ਹੋਰ ਕਿੰਨਾ ਕੁ ਡੋਬਾਂਗੇ, ਤ੍ਰਿਪੁਰਾ ਅਸੀਂ ਗੁਆ ਲਿਆ, ਬੰਗਾਲ ਅਸੀਂ ਗੁਆ ਲਿਆ, ਹੁਣ ਰਹਿੰਦਾ ਹੈ ਇੱਕਲਾ ਕੇਰਲਾ, ਹੁਣ ਇਹ ਵੀ ਤੁਹਾਡੀ

ਕਲਮ ਨੂੰ ਚੁੱਭਦਾ ਹੈ। ਤੁਸੀਂ ਐਵੇਂ ਦੱਸੋ, ਜਿਸ ਦਿਨ ਕਸ਼ਮੀਰ ਦੇ ਅੱਤਵਾਦੀਆਂ ਨੇ ਇੱਕ ਕਸ਼ਮੀਰੀ ਪੰਡਤ ਔਰਤ ਗਿਰਜਾ ਟਿੱਕੂ ਨੂੰ ਆਰੇ ਨਾਲ ਵਿਚਾਲਿਓਂ ਚੀਰ ਦਿੱਤਾ ਸੀ, ਤੁਸੀਂ ਉਸ ਦਿਨ ਮੇਰੇ ਕੋਲ ਕਿਉਂ ਨਹੀਂ ਆਏ? ਸਰਚਾਂਦਪੁਰੀ ਜੀ ਤੁਸੀਂ ਖੁਦ ਪੰਡਤ ਜਾਤੀ ਨਾਲ ਸੰਬੰਧ ਰੱਖਦੇ ਹੋ, ਜਿਸ ਨੇ ਅਤੀਤ ਵਿੱਚ ਅਜਿਹੇ ਗੰ?ਰਥਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਕਾਰਨ ਇਸ ਭੂਖੰਡ ਵਿੱਚ ਇੱਕ ਸਾਂਝੀ ਸੰਸਕ੍ਰਿਤੀ ਹਾਲੇ ਤੱਕ ਕਾਇਮ ਹੈ, ਹੁਣ ਤੁਸੀਂ ਚਾਹੁੰਦੇ ਹੋ ਕਸ਼ਮੀਰੀਆਂ ਨੂੰ ਸਵੈ ਨਿਰਣੇ ਦਾ ਹੱਕ ਦੇਕੇ ਵਾਦੀ ਵਿੱਚ ਰਹਿੰਦੇ ਪੰਡਤ ਵੀ ਆਰਿਆਂ ਨਾਲ ਚੀਰੇ ਜਾਣ। ਤੁਹਾਡਾ ਖੂਨ ਚਿੱਟਾ ਕਿਉਂ ਹੋ ਗਿਆ ਹੈ? ਮੇਰੀ ਆਤਮਾ ਚੀਕ ਰਹੀ ਹੈ, ਕਿਹੜੇ ਦੁਸ਼ਮਣਾਂ ਦੇ ਗਲ ਪਵਾਂ, ਫੇਰ ਸਿੱਟਾ ਨਿਕਲਦਾ ਹੈ, ਅਸੀਂ ਤਾਂ ਖੁਦ ਹੀ ਆਪਣੀ ਪਾਰਟੀ ਦੇ ਦੁਸ਼ਮਣ ਹਾਂ। ਮੇਰੀ ਹਾਲਤ ਦੇਖ ਰਹੇ ਹੋ, ਕਿੰਨਾ ਵੱਡਾ ਦਫਤਰ ਹੁੰਦਾ ਸੀ, ਅੱਜ ਜਿਹੜੇ ਕਮਰੇ ਵਿੱਚ ਬੈਠਾ ਹਾਂ ਇਸ ਵਿੱਚ ਬਾਥਰੂਮ ਨਹੀਂ ਹੈ, ਹੁਣ ਕ੍ਰਿਪਾ ਕਰੇ ਤੁਸੀਂ ਮੈਨੂੰ ਦੱਸੋ, 'ਪਾਰਟੀ ਨੂੰ ਗੁਮਰਾਹ ਕਰਨ ਵਿੱਚ ਸਾਹਿਤਕਾਰਾਂ ਜਾਂ ਕਲਮਕਾਰਾਂ ਦਾ ਕਿੰਨਾ ਕੁ ਰੋਲ ਹੈ? ਇਹ ਸੁਣ ਕੇ ਸਰਚਾਂਦਪੁਰੀ ਨੇ ਕੋਈ ਉੱਤਰ ਨਾ ਦਿੱਤਾ, ਉੱਠ ਕੇ ਚੱਲ ਪਿਆ।

ਏ.ਜੀ.ਕਾਰ ਨੇ ਗੁੱਸੇ ਨੂੰ ਸ਼ਾਂਤ ਕਰਨ ਲਈ, ਪ੍ਰਕਾਸ਼ ਚੰਦ ਜੋਸ਼ੀ ਨੂੰ ਫੋਨ ਮਿਲਾਇਆ ਕਹਿਣ ਲੱਗਾ, ਕਾਮਰੇਡ ਜੀ ਪਾਰਟੀ ਦੀ ਹਾਲਤ ਨੂੰ ਸਮਝੋ, ਡਾਂਗੇ ਮਰ ਚੁੱਕਾ ਹੈ, ਇਸਨੂੰ ਅਗਨ ਭੇਂਟ ਕਰ ਦੇਵੋ, ਹੋ ਸਕਦੈ ਨਵੀਂ ਜਨਰੇਸ਼ਨ ਪਾਰਟੀ ਵਿੱਚ ਜਾਣ ਪਾ ਦੇਵੇ।'



## ਗੁਰੂ ਤੇ.ਗ ਬਹਾਦਰ ਜੀ ਦੇ ਬਲਿਦਾਨ ਨੂੰ ਸਮਰਪਿਤ

# .ਗਜ਼ਲ

**ਡਾ. ਰਾਮ ਮੂਰਤੀ**

ਸਿਜਦਾ ਤੁਧ ਨੂੰ ਮੇਰਾ, ਗੁਰੂ ਤੇਗ ਬਹਾਦਰ ਜੀ
ਦਿੱਤਾ ਬਲਿਦਾਨ ਤੁਸੀਂ, ਬਣ ਹਿੰਦ ਦੀ ਚਾਦਰ ਜੀ

ਤੁਸਾਂ ਆਦਰ ਕੀਤਾ ਹੈ ਬੰਦੇ ਦੀ ਆਜ਼ਾਦੀ ਦਾ
ਬੰਦੇ ਦੀ ਆਜ਼ਾਦੀ ਦਾ ਹੁੰਦਾ ਸੀ ਨਿਰਾਦਰ ਜੀ।

ਜੋਰਾ ਜਬਰੀ ਕਰਕੇ ਕੋਈ ਧਰਮ ਵਟਾਵੇ ਕਿਉਂ
ਹਰ ਧਰਮ ਦੇ ਬੰਦੇ ਵਿੱਚ ਵੱਸਦਾ ਹੈ ਕਾਦਰ ਜੀ

ਔਰੰਗਜ਼ੇਬ ਅੱਜ ਵੀ ਜ਼ੋਰਾ ਜਬਰੀ ਕਰਦਾ
ਅਜੱ ਵੀ ਅਬਦਾਲੀ ਹੈ ਅੱਜ ਵੀ ਹੈ ਨਾਦਰ ਜੀ

ਧੰਨ ਮਤੀ ਦਾਸ ਤੇਰਾ ਸਤੀ ਦਾਸ ਦਿਆਲਾ ਜੀ
ਜੋ ਧਰਮ ਵਟਾਉਣੇ ਤੋਂ ਹੋ ਗਏ ਸੀ ਨਾਬਰ ਜੀ

ਵਿਚ ਚੌਂਕ ਚਾਂਦਨੀ ਦੇ ਜੋ ਕਸਬ ਦਿਖਾਇਆ ਤੂੰ
ਪੱਥਰ ਵੀ ਪਿਘਲ ਗਏ ਤੇ ਕੰਬ ਗਏ ਜਾਬਰ ਜੀ

ਕੋਈ ਧਰਮ ਨਹੀਂ ਛੋਟਾ ਕੋਈ ਧਰਮ ਨਹੀਂ ਵੱਡਾ
ਤੂੰ ਦੇ ਕੇ ਸਿਰ ਦੱਸਿਆ ਹਰ ਧਰਮ ਬਰਾਬਰ ਜੀ

ਕਵਿਤਾ

## ਬਾਬੇ ਨਾਨਕ ਦੀ ਕਲਮ

ਹਰਪ੍ਰੀਤ ਪੱਤੋ ਪਿੰਡ ਪੱਤੋ
ਹੀਰਾ ਸਿੰਘ ਮੋਗਾ
ਫੋਨ ਨੰਬਰ - 94658-21417

ਕਲਯੁੱਗ ਦੇ ਵਿੱਚ ਪ੍ਰਗਟੀ ਜੋਤ
ਇਲਾਹੀ ਸੀ।
ਜਦ ਪਖੰਡੀਆਂ ਹੱਥ ਫੜੀ ਧਰਮ
ਦੀ ਫਾਹੀ ਸੀ।

ਫਿਰ ਹੋਕਾ ਸੱਚ ਧਰਮ ਦਾ ਦਿੱਤਾ
ਬਾਬੇ ਨਾਨਕ ਨੇ,
ਗਰਦ ਚੜ੍ਹੀ ਅਸਮਾਨੀਂ ਕੂੜ ਦੀ
ਲਾਹੀ ਸੀ।

ਇੱਕੋ ਨੂਰ ਤੋਂ ਉਪਜਿਆ ਇਹ
ਸਭ ਜੱਗ ਹੈ,
ਸਭ ਧਰਮਾਂ ਦਾ ਰਾਖਾ , ਕਿਹਾ
ਮਾਹੀ ਸੀ।

ਵਿੱਚ ਚੁਰਾਹੇ ਪਖੰਡੀਆਂ ਦਾ
ਭਾਂਡਾ ਤੋੜ ਦਿੱਤਾ,
ਸੱਚ ਬੋਲਿਆ ਬਾਬੇ , ਜਿੱਥੇ
ਮਨਾਹੀ ਸੀ।

ਕਿਰਤ ਕਰੋ, ਨਾਮ ਜਪੋ ਭਾਈ
ਵੰਡ ਛਕੋ,
ਤੁਰ ਕੇ ਸਾਰੀ ਦੁਨੀਆਂ ਉਸ ਨੇ
ਗਾਹੀ ਸੀ।

ਇੱਕ ਵੱਖਰਾ ਧਰਮ, ਧਰਮਾਂ ਦੇ
ਵਿੱਚ ਜੋੜ ਦਿੱਤਾ,
ਜਿਸ ਚੋਂ ਪੈਂਦਾ ਹੋਏ ਸੰਤ ਸਿਪਾਹੀ
ਸੀ।

ਸ਼ਬਦ ਗੁਰੂ ਲੜ ਲੱਗ ਕੋਈ ਵੀ
ਤਰ ਸਕਦਾ,
ਬਾਬੇ ਦਿੱਤਾ ਆਖ ਬਚਨ ਦਰਗਾਹੀ
ਸੀ।

'ਪੱਤੋ' ਦੀ ਨਮਸ਼ਕਾਰ ਹੈ ਬਾਬੇ
ਨਾਨਕ ਨੂੰ,
ਜਿੰਨਾਂ ਮਜ਼ਲੂਮਾਂ ਦੇ ਹੱਕ 'ਚ
ਕਲਮ ਵਾਹੀ ਸੀ।

## ਸਾਹਿਬਜ਼ਾਦਿਆਂ ਦੀ ਲਾ ਮਿਸਾਲ ਕੁਰਬਾਨੀ ਨੂੰ ਸਮਰਪਿਤ :

## .ਗਜ਼ਲ

- ਡਾ ਰਾਮ ਮੂਰਤੀ

ਫਤਿਹਗੜ੍ਹ ਵਿੱਚ ਖੜ੍ਹੀ ਦੀਵਾਰ, ਇਉਂ ਲੱਗੇ ਬੁਲਾਉਂਦੀ ਹੈ
ਗੜ੍ਹੀ ਚਮਕੌਰ ਦੀ ਅਕਸਰ, ਮੇਰੇ ਸੁਪਨੇ 'ਚ ਆਉਂਦੀ ਹੈ

ਇਹ ਦੁੱਖ ਦੀ ਰਾਤ ਇੱਕ ਠੰਡੀ, ਬਣੇਗੀ ਸੁੱਖ ਸਦੀਆਂ ਦਾ
ਦਿਸੇ ਦਾਦੀ ਬੁਰਜ ਠੰਡੇ ਇਹ ਬਾਲਾਂ ਨੂੰ ਸਿਖਾਉਂਦੀ ਹੈ

ਕਹੇ ਦਾਦੀ ਨਹੀਂ ਡਰਨਾ, ਜਦੋਂ ਜਾਣਾ ਕਚਹਿਰੀ ਵਿੱਚ
ਜੇ ਰਾਹ ਤਲਵਾਰ ਆ ਜਾਵੇ , ਜੇ ਰਾਹ ਦੀਵਾਰ ਆਉਂਦੀ ਹੈ

ਤੇਰੀ ਜੋ ਕਲਮ ਹੈ ਦਸਮੇਸ਼, ਹੈ ਸ਼ਮਸ਼ੀਰ ਦੇ ਵਾਂਗੂੰ
ਜ਼ਫ਼ਰਨਾਮਾ ਜਦੋਂ ਲਿਖਦੀ ਇਹ ਜ਼ਾਲਿਮ ਨੂੰ ਹਰਾਉਂਦੀ ਹੈ

ਚਲੋ ਉੱਠੋ ਲੜੋ ਜੇ ਕਰ ਜ਼ੁਲਮ ਦੀ ਜੜ੍ਹ ਨੂੰ ਪੁੱਟਣਾਂ ਹੈ
ਪਿਤਾ ਦਸਮੇਸ਼ ਦੀ ਅਜ਼ਮਤ ਅਸਾਨੂੰ ਵੀ ਜਗਾਉਂਦੀ ਹੈ

ਨਹੀਂ ਹੁੰਦਾ ਕੋਈ ਦੁਸ਼ਮਣ ਅਜੇਤੂ, ਸੱਚ ਜੇ ਪੱਲੇ
ਪਹੁਲ ਖੰਡੇ ਦੀ ਚਿੜੀਆਂ ਤੋਂ ਵੀ ਬਾਜ਼ਾਂ ਨੂੰ ਤੁੜਾਉਂਦੀ ਹੈ

ਪਿਤਾ ਦਸ਼ਮੇਸ਼ ਤੇਰਾ ਕਰਜ਼, ਮੈਂ ਕਿੱਦਾਂ ਉਤਾਰਾਂਗਾ
ਤੇਰੇ ਇਸ ਮੂਰਤੀ ਨੂੰ ਸੋਚ ਇਹ ਅਕਸਰ ਸਤਾਉਂਦੀ ਹੈ !

# ਟੂਮਾਂ ਵਰਗੀਆਂ ਗ਼ਜ਼ਲਾਂ

- ਡਾ.ਰਾਮ ਮੂਰਤੀ

ਬਾਈ ਸੁਰਿੰਦਰਪ੍ਰੀਤ ਘਣੀਆਂ ਦੀ ਟੂਮਾਂ ਵਰਗੀਆਂ ਗ਼ਜ਼ਲਾਂ ਦੀ ਕਿਤਾਬ ਸਿਰਾਹਣੇ ਪਈ ਨੂੰ ਅੱਜ ਦੋ ਸਾਲ ਦਾ ਸਮਾਂ ਬੀਤ ਗਿਆ ਹੈ, ਬੇਅੰਤ ਰੁਝੇਵੇਂ ਪੁਸਤਕ ਨੂੰ ਹੱਥਾਂ ਤੋਂ ਦੂਰ ਹੀ ਰੱਖਿਆ ਹੋਇਆ ਸੀ ◆ ਪਰ ਜਿਵੇਂ ਕਹਿੰਦੇ ਨੇ, ਪੁਸਤਕ ਕੋਲ਼ ਹੋਵੇ, ਕਦੇ ਨਾ ਕਦੇ ਤਾਂ ਪੜ੍ਹੀ ਹੀ ਜਾਂਦੀ ਹੈ.... ਤਾਂ ਅੱਜ ਫ਼ੁਰਸਤ ਦੇ ਪਲਾਂ ਦੌਰਾਨ ਹੱਥ ਪੁਸਤਕ ਵੱਲ ਵਧ ਹੀ ਗਏ। ਪਹਿਲੀ ਗ਼ਜ਼ਲ ਦੇ ਸਾਰੇ ਸ਼ੇਅਰ ਹੀ ਕੀਮਤੀ ਟੂਮਾਂ ਜਿਹੇ, ਮੌਜੂਦਾ ਵਿਕ੍ਰਿਤ ਸਮਾਜਿਕ ਤੇ ਰਾਜਨੀਤਕ ਹਾਲਾਤ ਦੀ ਤਸਵੀਰਕਸ਼ੀ ਕਰਦੇ, ਅਜਿਹੇ ਸ਼ੇਅਰ ਘੱਟ ਹੀ ਪੜ੍ਹਨ ਨੂੰ ਮਿਲਦੇ ਹਨ। ਜ਼ਮੀਰਾਂ ਦੀ ਇਸ ਮੰਨਦੀ ਵਿੱਚ ਜਿੰਨਾ ਕੋਈ ਗਿਰ ਸਕਦਾ ਹੈ, ਓਡੀ ਹੀ ਵੱਡੀ ਕੁਰਸੀ ਤੇ ਪੁੱਜ ਸਕਦਾ ਹੈ ਪਰ ਜੋ ਨਹੀਂ ਵਿਕਦੇ ਉਹ ਲੋਕਮਨ ਦੇ ਸਿੰਘਾਂਸਣ ਤੇ ਸਦਾ ਲਈ ਬਿਰਾਜ਼ਮਾਨ ਹੋ ਜਾਂਦੇ ਹਨ। ਅਜਿਹੇ ਸਦੀਵੀ ਸੱਚ ਨੂੰ ਘਣੀਆਂ ਦੀ ਸ਼ਾਇਰੀ ਇਉਂ ਬਿਆਨ ਕਰਦੀ ਹੈ :

ਜ਼ਮੀਨਾਂ ਮਹਿੰਗੀਆਂ ਵਿਕੀਆਂ, ਜ਼ਮੀਰਾਂ ਸਸਤੀਆਂ ਵਿਕੀਆਂ
ਬੜੀ ਛੋਟੀ ਜੇਹੀ ਕੀਮਤ ਤੇ, ਨੇ ਵੱਡੀਆਂ ਹਸਤੀਆਂ
ਵਿਕੀਆਂਸਿਆਸਤ ਨੇ ਅਨੋਖੀ ਤੇ ਨਵੀਂ ਇਕ ਚਾਲ ਕਈ ਚੱਲੀ
ਕਿ ਆਟੇ ਦਾਲ ਦੇ ਭਾਅ ਕੁੱਲੂ, ਨਗਰ ਤੇ ਬਸਤੀਆਂ ਵਿਕੀਆਂ।

ਸਮਕਾਲੀ ਯਥਾਰਥ ਨੂੰ ਇਸ ਕਦਰ ਪੇਸ਼ ਕਰ ਜਾਣਾ ਕਵੀ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ ਪਰ ਇਹ ਸਫ਼ਲਤਾ ਆਸਮਾਨ ਛੂਹੰਦੀ ਹੈ ਜਦੋਂ ਪੰਜਾਬੀ ਲੋਕਾਂ ਨੂੰ ਕਵੀ ਸਾਡੀ ਸ਼ਾਨਾਮਤੀ ਵਿਰਾਸਤ ਚੋਂ ਹਵਾਲਾ ਦੇ ਕੇ ਉਨ੍ਹਾਂ ਨੂੰ ਕੁੱਝ ਅਣਖ਼ ਤੇ ਗੈਰਤ ਦੇ ਧਾਰਨੀ ਹੋਣ ਦਾ ਸੰਦੇਸ਼ ਵੀ ਦੇ ਜਾਂਦਾ ਹੈ। ਕਵੀ ਲਿਖਦਾ ਹੈ :

ਹਰਿਕ ਹੀ ਦੌਰ ਦੇ ਮੁੱਲਾਂ ਤੇ ਹਾਕਿਮ ਜ਼ੋਰ ਲਾਉਂਦੇ ਨੇ,
ਕਦੇ ਬੁੱਲ੍ਹਾ ਨਹੀਂ ਵਿਕਿਆ, ਨਾ ਉਸਦੀਆਂ ਮਸਤੀਆਂ ਵਿਕੀਆਂ।

ਕਸ਼ਮੀਰ ਵਾਦੀ ਦੇ ਦਰਦ ਨੂੰ ਬਿਆਨ ਕਰਦੀ ਇਸ ਸੰਗ੍ਰਹਿ ਦੀ ਦੂਸਰੀ ਗ਼ਜ਼ਲ ਪੜ੍ਹਦਿਆਂ ਤਾਂ ਪਾਠਕ ਦਾ ਗੱਚ ਭਰ ਆਉਂਦਾ ਹੈ। ਹਕੂਮਤਾਂ ਨੇ ਆਪੋ ਆਪਣੀ ਧੌਸ ਜਮਾਉਣ ਖਾਤਿਰ ਕਿਵੇਂ ਧਰਤੀ ਉਪਰਲੇ ਸਵਰਗ ਨੂੰ ਰੋਲ ਕੇ ਰੱਖ ਦਿੱਤਾ, ਕਵੀ ਇਸ ਮੰਜ਼ਿਰ ਦਾ ਬੜਾ ਹਿਰਦੇਵੇਧਕ ਬਿਆਨ ਕਰਦਾ ਹੈ। ਇਹ ਸ਼ੇਅਰ ਲਗਦਾ ਹੈ ਜਿਵੇਂ ਹਕੂਮਤਾਂ ਨੂੰ ਲਾਹਨਤਾਂ ਪਾ ਰਿਹਾ ਹੋਵੇ :

ਸਿਰਾਂ ਤੋਂ ਲਾਹ ਦੁਪੱਟੇ ਸੂਹੇ, ਚਿੱਟੇ ਓੜ ਦਿੱਤੇ
ਹਕੂਮਤ ਦੇ ਹੁਕਮ ਵਿਚ ਬੱਝੀਆਂ ਕਿੰਝ ਵਰਦੀਆਂ ਨੇ।

ਪਰ ਕਵੀ ਦਾ ਹਾਸਲ ਹੈ ਕਿ ਉਹ ਆਸ ਨਹੀਂ ਛੱਡਦਾ, ਉਹ ਕਵੀ ਹੀ ਕਈ ਹੋਇਆ ਜੋ ਆਸ ਛੱਡ ਦੇਵੇ, ਨਿਰਾਸ਼ ਹੋ ਜਾਵੇ। ਕਵੀ ਨੇ ਤਾਂ ਮੁਰਸ਼ਿਤ ਲੋਕਾਈ ਨੂੰ ਜਗਾਉਣਾ ਤੇ ਝੰਜੋੜਨਾ ਹੁੰਦਾ ਹੈ, ਲੋਕਾਂ ਲਈ ਆਸ ਦਾ ਦੀਵਾ ਜਗਾਉਣਾ ਹੁੰਦਾ ਹੈ। ਇੱਥੇ ਕਵੀ ਸੁਰਿੰਦਰਪ੍ਰੀਤ ਘਣੀਆਂ ਅਪਣਾ ਇਹੋ ਕਰਤਵ ਨਿਭਾ ਰਿਹਾ ਨਜ਼ਰ ਆਉਦਾ ਹੈ, ਜਦੋਂ ਉਹ ਲਿਖਦਾ ਹੈ :

ਸਮੇਂ ਦਾ ਗੇੜ ਹੈ ਵਾਦੀ ਨੇ ਇੱਕ ਦਿਨ ਟਹਿਕਣਾ ਫਿਰ
ਤੂਫ਼ਾਨਾਂ ਕੋਲੋਂ ਮਹਿਕਾਂ ਮਾਰਿਆਂ ਕਦ ਮਰਦੀਆਂ ਨੇ।

ਇਸ ਸੰਗ੍ਰਹਿ ਦੀ ਹਰ ਗ਼ਜ਼ਲ ਦਾ ਲਗਪਗ ਹਰ ਸ਼ੇਅਰ, ਗ਼ਜ਼ਲ ਦੀ ਤਬੀਅਤ ਦੇ ਅਨੁਕੂਲ ਢੁੱਕਵਾਂ ਦਿਖਾਈ ਦਿੰਦਾ ਹੈ। ਕਹਿ ਸਕਦੇ ਹਾਂ ਕਿ ਇਹ ਗ਼ਜ਼ਲਾਂ ਪੰਜਾਬੀ ਗ਼ਜ਼ਲ ਦੀ ਜ਼ਜੀਦਗੀ ਵਿੱਚ ਅਪਣਾ ਬਾਕਮਾਲ ਹਿੱਸਾ ਪਾ ਰਹੀਆਂ ਹਨ। ਕਵੀ ਦੀ ਬਿਆਨ ਦੀ ਪੁਖਤਗੀ, ਵਿਅੰਗ ਸਿਰਜਣ ਦੀ ਸਮਰੱਥਾ, ਬਹਿਰ ਵਿਧਾਨ ਦੀ ਨਿਭਾਓ ਪ੍ਰਕਿਰਿਆ, ਸੁਹਜ ਸਿਰਜਣ ਦੀ ਸਮਰੱਥਾ ਉਸ ਦੀ ਗ਼ਜ਼ਲ ਦੀਆਂ ਟੂਮਾਂ ਹਨ ਜੋ ਸ਼ਾਇਰੀ ਦੇ ਸ਼ਿੰਗਾਰ ਵਿੱਚ ਬੇਜੋੜ ਵਾਧਾ ਕਰਦੀਆਂ ਹਨ। ਮਜ਼ਲੂਮ ਤੇ ਜ਼ਾਲਿਮ, ਸੁੰਦਰ ਤੇ ਕੁਰੂਪ, ਉੱਚੇ ਤੇ ਨੀਵੇਂ ਦਾ ਟਕਰਾਓ ਸਿਰਜ ਕੇ ਪੰਜਾਬੀ ਗ਼ਜ਼ਲਕਾਰਾਂ ਨੇ ਜਿਸ ਤਰ੍ਹਾਂ ਸ਼ੇਅਰ ਨੂੰ ਸੁਹਜਪੂਰਨ ਬਣਾਇਆ ਹੈ, ਘਣੀਆਂ ਉਸ ਜੁਗਤ ਦੀ ਵਰਤੋਂ ਬੜੀ ਸਮਰੱਥਾ ਸਹਿਤ ਕਰਦਾ ਦਿਖਾਈ ਦਿੰਦਾ ਹੈ, ਅਜਿਹਾ ਇੱਕ ਸ਼ੇਅਰ ਹੇਠਾਂ ਪੇਸ਼ ਹੈ :

ਨਦੀਆਂ ਨੇ ਰੋਹ ਚ ਆ ਕੇ ਸਾਗਰ ਹੈ ਘੇਰਿਆ,
ਖ਼ੰਜਰ ਨੂੰ ਪਈ ਵੰਗਾਰੇ ਪੱਤੀ ਗੁਲਾਬ ਦੀ।

ਗਜ਼ਲਕਾਰੀ ਦੀ ਅਜਿਹੀ ਸੁੰਦਰਤਾ ਨੂੰ ਪ੍ਰਣਾਏ ਹੋਏ ਹੋਰ ਵੀ ਅਨੇਕਾਂ ਸ਼ੇਅਰ ਇਸ ਪੁਸਤਕ ਵਿੱਚ ਦਰਜ ਪੜੇ ਜਾ ਸਕਦੇ ਹਨ। ਇਹ ਪੁਸਤਕ ਪੰਜਾਬੀ ਗਜ਼ਲਕਾਰੀ ਦੇ ਖਜ਼ਾਨੇ ਵਿੱਚ ਬੇਜੋੜ ਵਾਧਾ ਕਰਦੀ ਹੈ ਇਸ ਲਈ ਲੇਖਕ ਨੂੰ ਵਧਾਈ ਪੇਸ਼ ਕਰਦਾ ਹਾਂ !

## ਕਹਾਣੀ 'ਬਿਨ ਸਰਨਾਵਿਓ' ਦਾ ਰਿਲੀਜ਼ ਤੇ ਸ. ਮੋਤਾ ਸਿੰਘ

****************

## ਸਰਾਏ ਦਾ ਭਾਸ਼ਣ

*****

ਬੀਤੇ ਕੱਲ ਲਾਇਲਪੁਰ ਖਾਲਸਾ ਕਾਲਜ ਕਪੂਰਥਲਾ ਦੇ ਸੈਮੀਨਾਰ ਹਾਲ ਵਿੱਚ ਡਾ. ਆਸਾ ਸਿੰਘ ਘੁੰਮਣ ਸਾਹਿਬ ਦੁਆਰਾ ਪੰਜਾਬੀ ਵਿੱਚ ਅਨੁਵਾਦ ਕੀਤੀ ਚੈਖਵ ਦੀਆਂ 13 ਕਹਾਣੀਆਂ ਦੀ ਪੁਸਤਕ 'ਕਹਾਣੀ ਬਿਨ ਸਰਨਾਵਿਓ' ਦਾ ਲੋਕ ਅਰਪਣ ਭਾਸ਼ਾ ਵਿਭਾਗ ਕਪੂਰਥਲਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਬਹਾਨੇ ਬੁਲਾਰਿਆਂ ਨੇ ਅਨੁਵਾਦਤ ਸਾਹਿਤ ਸਬੰਧੀ ਬਹੁਤ ਸਾਰੇ ਕੀਮਤੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਈ ਵਿਚਾਰ ਚਰਚਾ ਵਿੱਚ ਅਨੁਵਾਦ ਦੇ ਪੈਮਾਨਿਆ ਨੂੰ ਨਿਰਧਾਰਤ ਕਰਨ ਬਾਰੇ ਵੀ ਗੱਲਾਂ ਬਾਤਾਂ ਹੋਈਆਂ ਅਤੇ ਇਹ ਵਿਚਾਰ ਵੀ ਹੋਇਆ ਕਿ ਅਸੀਂ ਬਿਹਤਰੀਨ ਅਨੁਵਾਦ ਕਿਸ ਨੂੰ ਆਖ ਸਕਦੇ ਹਾਂ। ਇਸ ਸੈਮੀਨਾਰ ਵਿੱਚ ਦਾਸ ਨੇ ਵੀ ਅਨੁਵਾਦ ਸਬੰਧੀ ਅਤੇ ਡਾ. ਆਸਾ ਸਿੰਘ ਘੁੰਮਣ ਦੀ ਅਨੁਵਾਦਿਤ ਪੁਸਤਕ ਸਬੰਧੀ ਅਤੇ ਉਨਾਂ ਦੀ ਅਨੁਵਾਦ ਕਲਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਹੋਰ ਵੀ ਬੁਲਾਰਿਆਂ ਨੇ ਆਪਣੀ ਗੱਲ ਰੱਖੀ। ਲੇਕਿਨ ਇਸ ਮੌਕੇ ਤੇ ਪੰਜਾਬੀ ਸੱਥ ਵਾਲਸਾਲ ਦੇ ਸੰਚਾਲਕ ਸ. ਮੋਤਾ ਸਿੰਘ ਸਰਾਏ ਦੁਆਰਾ ਕਹੀਆਂ ਗਈਆਂ ਗੱਲਾਂ ਯਾਦਗਾਰੀ ਹੋ ਨਿਬੜੀਆਂ। ਉਹਨਾਂ ਨੇ ਆਪਣੇ ਭਾਸ਼ਣ ਰਾਹੀਂ ਪੰਜਾਬੀ ਚਿੰਤਕ ਜਗਤ ਅੱਗੇ ਬੜੇ ਹੀ ਸੰਜੀਦਾ ਸਵਾਲ ਬੜੀ ਵਿਨੰਮਰ ਭਾਸ਼ਾ ਵਿੱਚ ਤੇ ਬੜੀ ਖੂਬਸੂਰਤੀ ਨਾਲ ਰੱਖੇ। ਉਨਾਂ ਦੇ ਭਾਸ਼ਣ ਤੋਂ ਜੋ ਅੰਤਰ ਦ੍ਰਿਸ਼ਟੀ ਮੈਨੂੰ ਪ੍ਰਾਪਤ ਹੋਈ ਉਹ ਆਪਣੇ ਆਪ ਵਿੱਚ ਬੜੀ ਅਹਿਮ ਹੈ। ਉਹਨਾਂ ਨੇ ਸਿੱਖ ਇਤਿਹਾਸ ਨਾਲ ਸਬੰਧਤ ਸ਼ਹੀਦਾਂ, ਮਹਾਂਪੁਰਖਾਂ ਦੇ ਹਵਾਲੇ ਦੇ ਨਾਲ ਆਪਣੀ ਗੱਲ ਕਹੀ। ਉਹਨਾਂ ਆਖਿਆ ਕਿ ਜਿਹੜੇ ਪੰਜਾਂ ਪਿਆਰਿਆਂ ਵਿੱਚੋਂ ਯੋਧੇ ਜਿਹਨਾਂ ਭਾਰਤੀ ਪ੍ਰਦੇਸ਼ਾਂ ਦੇ ਵਿੱਚੋਂ ਉੱਠ ਕੇ ਆਏ ਉਹਨਾਂ ਪ੍ਰਦੇਸ਼ਾਂ ਦੀਆਂ ਭਾਸ਼ਾਵਾਂ ਵਿੱਚ ਉਹਨਾਂ ਬਾਰੇ ਜੋ ਪੰਜਾਬੀ ਵਿੱਚ ਲਿਖਿਆ ਗਿਆ ਅਨੁਵਾਦ ਕਰਕੇ ਉਹਨਾਂ ਪ੍ਰਦੇਸ਼ਾਂ ਦੇ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ । ਉਹਨਾਂ ਨੇ ਭਾਈ ਸਾਹਿਬ ਸਿੰਘ ਹੁਣਾਂ ਦੀ ਉਦਾਹਰਨ ਦਿੰਦਿਆਂ ਆਖਿਆ ਕਿ ਜਿਵੇਂ ਉਹ ਕਰਨਾਟਕ ਬਿਦਰ ਤੋਂ ਉੱਠ ਕੇ ਆਏ ਤੇ ਉਹਨਾਂ ਨੇ ਖਾਲਸਾ ਪੰਥ ਦੀ ਸਿਰਜਣਾ ਵਿੱਚ ਆਪਣਾ ਵੱਡਾ ਯੋਗਦਾਨ ਦਿੱਤਾ, ਉਹਨਾਂ ਬਾਰੇ ਪੰਜਾਬੀ ਕੀ ਸੋਚਦੇ ਹਨ ? ਕਿਵੇਂ ਸੋਚਦੇ ਹਨ ? ਤੇ ਉਹਨਾਂ ਬਾਰੇ ਕੀ ਕੀ ਪੰਜਾਬੀ ਵਿੱਚ ਲਿਖਿਆ ਜਾ ਰਿਹਾ ਹੈ ?

ਕੰਨੜ ਭਾਸ਼ਾ ਵਿੱਚ ਅਨੁਵਾਦ ਕਰਕੇ ਉਥੋਂ ਦੇ ਲੋਕਾਂ ਤੱਕ ਪਹੁੰਚਾਉਣ ਦੀ ਜਰੂਰਤ ਹੈ। ਇਸ ਸਬੰਧੀ ਪੰਜਾਬੀ ਸੱਥ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਉਹਨਾਂ ਨੇ ਜਾਣਕਾਰੀ ਦਿੱਤੀ ਤੇ ਉਹਨਾਂ ਨੇ ਦੱਸਿਆ ਕਿ ਉਹ ਇਸ ਦਿਸ਼ਾ ਵਿੱਚ ਕੰਮ ਕਰ ਵੀ ਰਹੇ ਹਨ । ਇਸ ਲਈ ਪੰਜਾਬੀ ਦੇ ਇਤਿਹਾਸ ਨੂੰ, ਮਹਾਪੁਰਸ਼ਾਂ ਦੇ ਬਲਿਦਾਨ ਨੂੰ ਤੇ ਹਿੰਦੁਸਤਾਨ ਨੂੰ ਦਿੱਤੇ ਗਏ ਉਹਨਾਂ ਦੇ ਯੋਗਦਾਨ ਨੂੰ, ਹਿੰਦੁਸਤਾਨ ਦੇ ਲੋਕਾਂ ਤੱਕ ਖਾਲਸਾ ਪੰਥ ਦੀ ਜੋ ਦੇਣ ਹੈ ਉਸਨੂੰ ਬਾਕੀ ਪ੍ਰਦੇਸ਼ਾਂ ਤੱਕ ਪਹੁੰਚਾਉਣ ਵਾਸਤੇ ਮਰਾਠੀ, ਕੰਨੜ, ਗੁਜਰਾਤੀ ਤੇ ਹੋਰ ਭਾਸ਼ਾਵਾਂ ਵਿੱਚ ਸਿੱਖ ਇਤਿਹਾਸ ਨੂੰ ਅਨੁਵਾਦਿਤ ਕਰਕੇ ਇਸ ਦੇ ਪ੍ਰਚਾਰ ਅਤੇ ਪਾਸਾਰ ਦੀ ਜ਼ਰੂਰਤ ਹੈ। ਜੈਫਰੀ ਚੌਸਰ ਦੇ ਹਵਾਲੇ ਨਾਲ ਉਹਨਾਂ ਨੇ ਆਖਿਆ ਕਿ ਆਪਾਂ ਜਾਣਦੇ ਹਾਂ ਕਿ ਵਿਸ਼ਵ ਦਾ ਜੇ ਕੋਈ ਆਦਿ ਕਵੀ ਹੈ ਉਹ ਬਾਬਾ ਫਰੀਦ ਜੀ ਹਨ। ਲੇਕਿਨ ਬਾਬਾ ਫਰੀਦ ਨੂੰ ਵਿਸ਼ਵ ਪੱਧਰ ਤੇ ਆਦਿ ਕਵੀ ਸਿੱਧ ਕਰਨ ਵਿੱਚ ਅਸੀਂ ਨਾ ਕਾਮਯਾਬ ਰਹੇ ਤੇ ਬਾਬਾ ਫਰੀਦ ਤੋਂ ਸਦੀਆਂ ਬਾਅਦ ਆਏ ਚੌਸਰ ਨੂੰ ਅੰਗਰੇਜ਼ਾਂ ਨੇ ਵਿਸ਼ਵ ਦਾ ਆਦਿ ਕਵੀ ਸਥਾਪਿਤ ਕਰ ਲਿਆ। ਇਸ ਕਰਕੇ ਸਾਨੂੰ ਜਾਗਣ ਦੀ ਲੋੜ ਹੈ ਤੇ ਆਪਣੇ ਇਤਿਹਾਸ ਨੂੰ, ਆਪਣੇ ਸੱਭਿਆਚਾਰ ਨੂੰ ਬਾਕੀ ਭਾਸ਼ਾਵਾਂ ਵਿੱਚ ਅਨੁਵਾਦ ਕਰ ਕੇ ਵਿਸ਼ਵ ਦੇ ਲੋਕਾਂ ਤੱਕ ਪਹੁੰਚਾਉਣ ਦੀ ਜਰੂਰਤ ਹੈ। ਉਹਨਾਂ ਦੀ ਇਹ ਗੱਲਬਾਤ ਸੁਣ ਕੇ ਮੈਂ ਸੋਚ ਰਿਹਾ ਸਾਂ ਕਿ ਅਸੀਂ ਰਸ਼ੀਆ ਤੋਂ ਪੰਜਾਬੀ ਵਿੱਚ ਅਨੁਵਾਦ ਹੋ ਕੇ ਆਏ ਸਾਹਿਤ ਦੀ ਤਾਂ ਜੋਰ ਸ਼ੋਰ ਨਾਲ ਗੱਲ ਕਰਦੇ ਹਾਂ ਲੇਕਿਨ ਇਸ ਦਿਸ਼ਾ ਵੱਲ ਹਾਲੇ ਪੰਜਾਬੀਆਂ ਨੇ ਇੱਕ ਪੂਣੀ ਵੀ ਨਹੀਂ ਕੱਤੀ, ਜਿਸ ਦਿਸ਼ਾ ਵੱਲ ਕੰਮ ਕਰਨ ਦੀ ਲੋੜ ਉੱਪਰ ਸ. ਮੋਤਾ ਸਿੰਘ ਸਰਾਏ ਹੋਣੀ ਆਪਣੇ ਇਸ ਭਾਸ਼ਣ ਰਾਹੀਂ ਜੋਰ ਦੇ ਰਹੇ ਸਨ। ਸਾਨੂੰ ਸੱਚਮੁੱਚ ਇਸ ਦਿਸ਼ਾ ਵੱਲ ਬਹੁਤ ਵੱਡਾ ਕੰਮ ਕਰਨ ਦੀ ਜਰੂਰਤ ਹੈ !

ਕਹਾਣੀ

# ਡਰ

**ਗੁਰਨਾਮ ਬਾਵਾ**
ਅੰਬਾਲਾ
83073 64301



ਰੋਜ਼ ਵਾਂਘ ਬਸ ਅੱਡੇ ਵੱਲ ਜਾ ਰਿਹਾ ਸੁਰਜੀਤ ਸੋਚਾਂ 'ਚ ਗੁੰਮ ਸੀ ਕਿ ਕਿਹੜਾ ਬਹਾਨਾ ਲਾ ਕੇ ਕੰਪਨੀ ਤੋਂ ਛੁੱਟੀ ਲਵਾਂ ਇਸ ਤਰ੍ਹਾਂ ਪਹਿਲਾਂ ਵੀ ਦੋ ਵਾਰ ਕਰ ਚੁੱਕਾ ਸੀ ਇਸ ਸ਼ਹਿਰ ਦਾ ਨਾਮ ਸੁਣਦਿਆਂ ਹੀ ਉਹ ਡਰਨ ਲੱਗ ਪੈਂਦਾ ਸੀ।

ਅੱਜ ਉਹ ਸਾਰੀ ਤਾਕਤ ਇਕੱਠੀ ਕਰ ਬੱਸ ਚੜ੍ਹ ਗਿਆ। ਬੱਸ ਜਿਉਂ ਹੀ ਸ਼ਹਿਰ 'ਚੋਂ ਬਾਹਰ ਨਿੱਕਲੀ ਤਾਂ ਉਸ ਦੀਆਂ ਅੱਖਾਂ ਅੱਗੇ ਫ਼?ਲਮ ਵਾਂਗੂੰ ਰੀਲ ਚੱਲਣ ਲੱਗੀ ।ਇਸ ਸ਼ਹਿਰ ਜਦ ਵੀ ਉਹ ਆਉਂਦਾ ਸੀ ਤਾਂ ਸਿਮਰ ਦੇ ਘਰ ਰੁਕਦਾ ਸੀ। ਉਹਨਾਂ ਦੇ ਗੁਆਂਢ ਹੀ ਪ੍ਰੀਤ ਰਹਿੰਦੀ ਸੀ, ਜਿਸ ਦਾ ਸਿਮਰਨ ਦੇ ਘਰ ਆਉਣਾ ਜਾਣਾ ਆਮ ਸੀ। ਉਹ ਜਦ ਵੀ ਸੁਰਜੀਤ ਦੇ ਸਾਹਮਣੇ ਆਉਂਦੀ ਤਾਂ ਉਸ ਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚਦੀ ਜਾਪਦੀ। ਹੁਣ ਪ੍ਰੀਤ ਵੀ ਸੁਰਜੀਤ ਦੇ ਆਏ ਤੇ ਆਨੇ ਬਹਾਨੇ ਕੁਛ ਵਧੇਰੇ ਚੱਕਰ ਮਾਰਦੀ। ਹੌਲੀ-ਹੌਲੀ ਦੋਵਾਂ ਦਾ ਝਾਕਾ ਉਤਰ ਗਿਆ ਉਹ ਅਕਸਰ ਹੀ ਆਪਸ 'ਚ ਗੱਲਬਾਤ ਕਰਨ ਲਗ ਪਏ ਸਨ।

ਪ੍ਰੀਤ ਦਾ ਦਾਖਲਾ ਜਲੰਧਰ ਦੇ ਗਵਰਮੈਂਟ ਪੋਲੀਟੈਕਨਿਕ ਕਾਲਜ ਫਾਰ ਵੂਮੈਨ 'ਚ ਹੋ ਗਿਆ ਸੀ ਉਹ ਹੁਣ ਸਿਰਫ ਸ਼ੁਕਰਵਾਰ ਸ਼ਾਮ ਨੂੰ ਆਉਂਦੀ ਤੇ ਸ਼ਨੀਵਾਰ ਐਤਵਾਰ ਨੂੰ ਰੁਕ ਕੇ ਸੋਮਵਾਰ ਸਵੇਰੇ ਚਲੀ ਜਾਂਦੀ। ਇੱਕ ਦਿਨ ਸੁਰਜੀਤ ਜਲੰਧਰ ਦੇ ਬੱਸ ਅੱਡੇ ਤੇ ਬੈਠਾ ਕਿਸੇ ਨੂੰ ਉਡੀਕ ਰਿਹਾ ਸੀ ਪ੍ਰੀਤ ਬੱਸ 'ਚੋਂ ਉੱਤਰੀ। ਉਸਦੀ ਨਿਗ?ਹਾ ਬੈਂਚ ਤੇ ਬੈਠੇ ਸੁਰਜੀਤ 'ਤੇ ਪਈ ਉਹ ਉਸ ਅੱਗੇ ਜਾ ਖੜੀ ਹੋਈ।ਸੁਰਜੀਤ ਪਤਾ ਨਹੀਂ ਕਿਹੜੀਆਂ ਸੋਚਾਂ 'ਚ ਗੁਆਚਾ ਹੋਇਆ ਸੀ ਉਸ ਨੂੰ ਸਾਹਮਣੇ ਖੜੀ ਪ੍ਰੀਤ ਦਾ ਪਤਾ ਹੀ ਨਾ ਲੱਗਾ। ਪ੍ਰੀਤ ਨੇ ਖੰਘੂਰਾ ਮਾਰ ਲੇ ਕਿਹਾ ਕਿਸੇ ਦੀ ਉਡੀਕ ਹੋ ਰਹੀ ਹੈ ਜਨਾਬ !ਸੁਰਜੀਤ ਉਸ ਨੂੰ ਇਸ ਤਰ੍ਹਾਂ ਅਚਾਨਕ ਸਾਹਮਣੇ ਦੇਖ ਹੈਰਾਨ ਹੁੰਦਾ ਬੋਲਿਆ ਉਹ ਤੁਸੀਂ ? ਸੁਰਜੀਤ ਅੱਗੋਂ ਕੁਝ ਹੋਰ ਬੋਲਦਾ ਪ੍ਰੀਤ ਨੇ ਉਸ ਦਾ ਹੱਥ ਫੜ ਉਠਾਇਆ ਤੇ ਉਸੇ ਤਰ੍ਹਾਂ ਹੱਥ ਫੜ ਬੱਸ ਅੱਡੇ ਦੇ ਬਾਹਰ ਇੱਕ ਢਾਬੇ ਤੇ ਲੈ ਗਈ।

ਉੱਥੇ ਬੈਠਦੇ ਹੀ ਪ੍ਰੀਤ ਬੋਲੀ ਵੈਸੇ ਤਾਂ ਇਸ ਮਸਲੇ 'ਚ ਮੁੰਡੇ ਪਹਿਲ ਕਰਦੇ ਹੁੰਦੇ ਆ ਪਰ ਮੈਨੂੰ ਲੱਗਦਾ ਇਹ ਪਹਿਲ ਵੀ ਮੈਨੂੰ ਹੀ ਕਰਨੀ ਪੈਣੀ.ਉਸਦੀ ਇਹ ਗੱਲ ਸੁਣ ਸੁਰਜੀਤ ਬੋਲ ਪਿਆ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਜੋ ਮੇਰੇ ਅੰਦਰ ਚੱਲ ਰਿਹਾ ਉਹੀ ਤੇਰੇ ਅੰਦਰ ਵੀ ਚੱਲ ਰਿਹਾ ਪਰ ਮੈਂ ਡਰਦਾ ਹਾਂ ਤੂੰ ਕਿਧਰੇ ਨਾ ਹੀ ਨਾ ਕਰ ਦੇਵੇਂ। ਪ੍ਰੀਤ ਉਸਦਾ ਹੱਥ ਘੁੱਟਦੀ ਬੋਲੀ ਭੋਲ? ਪੰਛੀਆ, ਜੇਕਰ ਮੈਂ ਨਾ ਕਰਨੀ ਹੁੰਦੀ ਤਾਂ ਤੇਰਾ ਹੱਥ ਫੜ ਇੱਥੇ ਨਾ ਲੈ ਕੇ ਆਉਂਦੀ। ਉਹ ਦੋਵੇਂ ਭਾਵੁਕ ਹੋ ਗਏ ਸੁਰਜੀਤ ਜਿਸ ਕੰਮ ਆਇਆ ਸੀ ਉਸ ਕਰਕੇ ਉਹ ਜਿਆਦਾ ਦੇਰ ਹੋਰ ਪ੍ਰੀਤ ਨਾਲ ਬੈਠ ਨਹੀਂ ਸਕਦਾ ਸੀ ।ਇਸ ਕਰਕੇ ਉਸ ਨੇ ਪੰਜ ਕੁ ਮਿੰਟ ਬਾਅਦ ਪ੍ਰੀਤ ਨੂੰ ਕਾਲਜ ਦਾ ਰਿਕਸ਼ਾ ਕਰਵਾ ਦਿੱਤਾ ਤੇ ਆਪ ਜਿਸ ਕੰਮ ਆਇਆ ਸੀ ਉਧਰ ਚੱਲ ਪਿਆ।

ਹੁਣ ਤਾਂ ਉਹ ਦੋਵੇਂ ਹਰ ਸ਼ੁਕਰਵਾਰ ਸ਼ਾਮ ਨੂੰ ਜਲੰਧਰ ਬੱਸ ਅੱਡੇ ਤੇ ਇਕੱਠੇ ਆਉਂਦੇ ਤੇ ਸੋਮਵਾਰ ਸਵੇਰ ਵੀ ਇਕੱਠੇ ਜਲੰਧਰ ਆਉਂਦੇ ਉਹ ਬੱਸ ਵਿੱਚੋਂ ਉੱਤਰ ਕੁਝ ਵਕਫਾ ਪਾ ਇੱਕ ਦੂਜੇ ਤੋਂ ਬਾਅਦ ਘਰ ਪੁੱਜਦੇ ਉਹਨਾਂ ਦਿਨਾਂ 'ਚ ਪੰਜਾਬ ਵਿੱਚ ਖਾੜਕੂ ਲਹਿਰ ਜੋਰਾਂ ਤੇ ਸੀ। ਸੁਰਜੀਤ ਵੀ ਭਗੌੜਾ ਸੀ। ਕਿਸੇ ਇੱਕ ਸੁੱਕਰਵਾਰ ਸੁਰਜੀਤ ਨੂੰ ਬੱਸ ਅੱਡੇ ਬੈਠਾ ਦੇਖ ਇੱਕ ਮੁਖ਼ਬਰ ਨੇ ਮੁਖ਼ਬਰੀ ਕਰ ਦਿੱਤੀ ਉਹ ਹਰ ਵਾਰ ਦੀ ਤਰ੍ਹਾਂ ਉਸ ਦਿਨ ਵੀ ਪ੍ਰੀਤ ਤੋਂ 10-15 ਮਿੰਟ ਪਹਿਲਾਂ ਹੀ ਬੱਸ ਅੱਡੇ ਅੰਦਰ ਆ ਗਿਆ ਸੀ।ਪਤਾ ਉਦੋਂ ਚੱਲਿਆ ਜਦ ਚਿੱਟ ਕੱਪੜੀਏ ਪੁਲਿਸ ਵਾਲੇ ਆ ਉਸ ਤੇ ਬਾਜ਼ ਵਾਂਗ ਆ ਝਪਟੇ ਤੇ ਮਿੰਟਾਂ ਸਕਿੰਟਾਂ 'ਚ ਹੀ ਉਸ ਨੂੰ ਜਿਪਸੀ 'ਚ ਸੁੱਟ ਕੇ ਲੈ ਗਏ। ਬੱਸ ਅੱਡੇ ਤੇ ਖੜੇ ਮੁਸਾਫਰਾਂ ਨੂੰ ਵੀ ਕੁਝ ਸਮਝ ਨਾ ਲੱਗੀ। ਖ਼ੈਰ ! ਪ੍ਰੀਤ ਆਈ ਤਾਂ ਕੁਝ ਦੇਰ ਉਸਨੂੰ

ਉਡੀਕ ਆਖ਼ਰੀ ਬੱਸ ਫੜ ਚਲੀ ਗਈ। ਪਰ ਅੱਜ ਉਸਦਾ ਇਕੱਲਾ ਪਿੰਜਰ ਹੀ ਬਸ ਵਿੱਚੋਂ ਹੇਠਾਂ ਉਤਰਿਆ ਰੂਹ ਤਾਂ ਪਤਾ ਨਹੀਂ ਕਿੱਥੇ ਰਹਿ ਗਈ ਸੀ ਘਰ ਜਾਂਦੀ ਨੂੰ ਰਾਹ ਵਿੱਚ ਸਿਮਰ ਮਿਲ ਪਿਆ ਉਸਨੇ ਇਕੱਲੀ ਨੂੰ ਆਉਂਦੇ ਦੇਖ ਮਜ਼ਾਕ ਕਰਦੇ ਪੁੱਛਿਆ ਸਾਡਾ ਯਾਰ ਕਿੱਧਰ ਰਹਿ ਗਿਆ ਅੱਜ ? ਜੇਕਰ ਬੰਦੇ ਨੇ ਨਹੀਂ ਆਉਣਾ ਤਾਂ ਸਾਫ਼ ਕਹਿ ਦੇਵੇ ਝੂਠਾ ਲਾਰਾ ਤਾਂ ਨਾ ਲਾਵੇ ਕਹਿੰਦੀ ਪ੍ਰੀਤ ਘਰ ਵੱਲ ਤੁਰ ਗਈ। ਉਸ ਦੀ ਇਹ ਗੱਲ ਸੁਣ ਇੱਕ ਵਾਰ ਤਾਂ ਸਿਮਰ ਵੀ ਸੋਚਾਂ 'ਚ ਪੈ ਗਿਆ ਕਿ ਕਿੱਧਰੇ ਕੋਈ ਹੋਰ ਭਾਣਾ ਤਾਂ ਨਹੀਂ ਵਾਪਰ ਗਿਆ ਕਿਉਂਕਿ ਉਸ ਨੂੰ ਤਾਂ ਸੁਰਜੀਤ ਬਾਰੇ ਸਾਰਾ ਕੁਝ ਪਤਾ ਸੀ।

ਦੂਜੇ ਪਾਸੇ ਪੁਲਿਸ ਵਾਲਿਆਂ ਨੇ ਸੁਰਜੀਤ ਨੂੰ ਬੱਕਰੇ ਵਾਂਗ ਪੁੱਠਾ ਟੰਗਿਆ ਹੋਇਆ ਸੀ ਅਲਫ਼ ਨੰਗਾ ਕਰਕੇ ਇੰਤਹਾ ਦਾ ਤਸਦਦ ਕੀਤਾ ਜਾ ਰਿਹਾ ਸੀ। ਪਰ ਉਸ ਨੂੰ ਕਿਸੇ ਸੱਟ ਦਾ ਅਸਰ ਨਹੀਂ ਹੋ ਰਿਹਾ ਸੀ ਉਸ ਨੂੰ ਤਾਂ ਪ੍ਰੀਤ ਦੀ ਚਿੰਤਾ ਸੀ ਕਿ ਕਿੱਧਰੇ ਉਸ ਨੂੰ ਵੀ ਨਾ ਇਹਨਾ ਚੁੱਕ ਲਿਆ ਹੋਵੇ।ਉਸ ਦਾ ਭੋਲਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ।

ਦਸ ਦਿਨ ਬੀਤ ਗਏ ਸਨ ਸੁਰਜੀਤ ਨੂੰ ਪੁਲਿਸ ਦੀ ਮਾਰ ਸਹਿੰਦੇ ਤਸੀਹਿਆ ਕੇਂਦਰ 'ਚੋਂ ਦੂਜੇ ਪਾਸੇ ਉਸਦੀ ਜਥੇਬੰਦੀ ਵਾਲੇ ਉਸ ਨੂੰ ਛਡਾਉਣ ਲਈ ਕਿਸੇ ਵੱਡੇ ਪੁਲਿਸ ਅਫ਼ਸਰ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਅਗਵਾਹ ਕਰਨ ਦੀ ਸਕੀਮ ਲਾ ਰਹੇ ਸਨ। ਨਾਲ ਹੀ ਉਹਨਾਂ ਅਖਬਾਰਾਂ 'ਚ ਬਿਆਨ ਦੇ ਦਿੱਤਾ ਸੀ ਅਗਰ ਸੁਰਜੀਤ ਦਾ ਕੋਈ ਜਾਨੀ ਨੁਕਸਾਨ ਕੀਤਾ ਗਿਆ ਤਾਂ ਉਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ। ਓਧਰ ਸੁਰਜੀਤ ਦੇ ਘਰਦਿਆਂ ਵੀ ਭੱਜ ਨੱਠ ਕਰਕੇ ਸਿਫਾਰਿਸ਼ ਲਵਾ ਸੁਰਜੀਤ ਨੂੰ ਤਸੀਹਿਆ ਕੇਂਦਰ ਚੋਂ ਥਾਣੇ ਤੇ ਫਿਰ ਕਚਹਿਰੀ ਤੋਂ ਜੇਲ੍ਹ ਭਜਵਾ ਲਿਆ ਸੀ। ਇੰਤਹਾਂ ਦਾ ਤਸ਼ੱਦਦ ਸਹਿ ਕੇ ਵੀ ਸੁਰਜੀਤ ਨੇ ਕੋਈ ਭੇਦ ਨਾ ਦਿੱਤਾ ਪੁਲਿਸ ਵਾਲਿਆਂ ਨੂੰ।

ਇੱਕ ਦਿਨ ਸੁਰਜੀਤ ਦੀ ਤਾਰੀਕ ਤੇ ਸਿਮਰ ਉਸ ਨੂੰ ਕਚਹਿਰੀ ਮਿਲਣ ਆ ਗਿਆ ਉਸ ਨੂੰ ਆਇਆ ਦੇਖ ਸੁਰਜੀਤ ਨੇ ਪਹਿਲਾ ਸਵਾਲ ਇਹੀ ਪੁੱਛਿਆ ਪ੍ਰੀਤ ਕਿਵੇਂ ਹੈ? ਸਿਮਰ ਨੇ ਉਸਦਾ ਹੱਥ ਕੜੀ ਲੱਗਾ ਹੱਥ ਘੁੱਟਦੇ ਕਿਹਾ ਉਹ ਠੀਕ ਹੈ। ਉਸਦੇ ਘਰ ਦਿਆਂ ਨੇ ਉਸਦਾ ਰਿਸ਼ਤਾ ਕਰ ਦਿੱਤਾ ਹੈ। ਅਗਲੇ ਹਫਤੇ ਵਿਆਹ ਵੀ ਹੈ। ਇਹ ਸੁਣ ਕੇ ਸੁਰਜੀਤ ਨੂੰ ਲੱਗਿਆ ਜਿਵੇਂ ਉਹ ਪ੍ਰੀਤ ਦੇ ਸੁਪਨਿਆਂ ਦਾ ਕਾਤਲ ਹੋਵੇ। ਉਸ ਨੇ ਪੜ੍ਹਾਈ ਕਰ ਅਜੇ ਬਹੁਤ ਕੁਝ ਕਰਨ ਦੇ ਸੁਪਨੇ ਲਏ ਹੋਏ ਸਨ। ਹੁਣ ਤਾਂ ਉਸਦੀ ਪੜ੍ਹਾਈ ਵੀ ਘਰਦਿਆਂ ਵਿੱਚੋਂ ਛਡਵਾ ਦਿੱਤੀ ਹੋਵੇਗੀ। ਇਸ ਦਾ ਮਤਲਬ ਉਸ ਨੇ ਹੌਂਸਲਾ ਕਰ ਸਿਮਰ ਤੋਂ ਪੁੱਛਿਆ ਯਾਰ ਉਸਦਾ ਤਾਂ ਅਜੇ ਕਾਲਜ ਸ਼ੁਰੂ ਹੀ ਹੋਇਆ ਸੀ ਉਸ ਦੇ ਘਰ ਦਿਆਂ ਨੂੰ ਕੀ ਜਲਦੀ ਪੈ ਗਈ ਉਸ ਦੇ ਵਿਆਹ ਦੀ ? ਸਿਮਰ ਠੰਡਾ ਹਉਕਾ ਲੈ ਕੇ ਬੋਲਿਆ ਜੋ ਸੀਆਈਡੀ ਵਾਲਾ ਜਲੰਧਰ ਤੇਰੇ ਪਿੱਛੇ ਕਈ ਦਿਨਾਂ ਤੋਂ ਅੱਖ ਰੱਖੀ ਬੈਠਾ ਸੀ ਉਹ ਰਿਸ਼ਤੇਦਾਰੀ ਚੋਂ ਪ੍ਰੀਤ ਦਾ ਮਾਮਾ ਹੈ।ਉਹ ਹਰ ਵਾਰ ਪ੍ਰੀਤ ਦਾ ਤੇਰੇ ਨਾਲ ਹੋਣ ਕਰਕੇ ਹੱਥ ਨਹੀਂ ਪਾ ਰਿਹਾ ਸੀ ਤੈਨੂੰ, ਤੇ ਪ੍ਰੀਤ ਦੇ ਘਰ ਦਿਆਂ ਨੂੰ ਉਸ ਪਹਿਲਾਂ ਇਸ ਲਈ ਨਹੀਂ ਦੱਸਿਆ ਕਿ ਪ੍ਰੀਤ ਤੈਨੂੰ ਪਹਿਲਾਂ ਚੁਕੰਨਾ ਨਾ ਕਰ ਦੇਵੇ।ਤੇਰੇ ਫੜ ਹੋਣ ਤੋਂ ਬਾਅਦ ਉਸ ਨੇ ਸਾਰੀ ਗੱਲ ਖੋਲ੍ਹ ਦਿੱਤੀ। ਉਸਦੀ ਸਲਾਹ ਨਾਲ ਹੀ ਉਸ ਦਾ ਰਿਸ਼ਤਾ ਬੰਗਲੌਰ ਵੱਲ ਕੀਤਾ ਗਿਆ ਹੈ। ਸਿਮਰ ਚਲਾ ਗਿਆ ਪਰ ਸੁਰਜੀਤ ਦੀ ਰੂਹ ਪਤਾ ਨਹੀਂ ਕਿੱਧਰ ਗਵਾਚ ਗਈ।ਜੇਲ੍ਹ ਜਾ ਉਸ ਮਨ ਬਣਾ ਲਿਆ ਉਹ ਬਾਹਰ ਆ ਕੇ ਪੰਜਾਬ ਤੋਂ ਕਿਧਰੇ ਦੂਰ ਚਲਾ ਜਾਵੇਗਾ।

ਉਹ ਹੁਣ ਜਦ ਦੁਬਾਰਾ ਕਈ ਸਾਲਾਂ ਬਾਅਦ ਪੰਜਾਬ ਆਇਆ ਸੀ ਤਾਂ ਉਸਦੇ ਸ਼ਹਿਰ ਦਾ ਬੱਸ ਤੇ ਲੱਗਾ ਬੋਰਡ ਦੇਖ ਕੇ ਉਸਨੂੰ ਇੰਝ ਲੱਗਦਾ ਸੀ ਜਿਵੇਂ ਪ੍ਰੀਤ ਮੋਹਰੇ ਖੜੀ ਹੋ ਕੇ ਕਹਿ ਰਹੀ ਹੋਵੇ,ਜਾਹ ਵੇ ਵੱਡੇ ਖਾੜਕੂਆ, ਇੰਨੀ ਵੀ ਨਾ ਨਿਭਾਅ ਹੋਈ ਤੇਰੇ ਤੋਂ ਇੰਨੇ 'ਚ ਹੀ ਉਸ ਨੂੰ ਧਰਤੀ 'ਚ ਵਿਹਲ ਵੀ ਨਾ ਮਿਲਦੀ ਉਹ ਸਰਕਾਰ ਨਾਲੋਂ ਪ੍ਰੀਤ ਦਾ ਮੁਜਰਮ ਆਪਣੇ ਆਪ ਨੂੰ ਵੱਧ ਮੰਨਦਾ।

ਪਤਾ ਨਾ ਲੱਗਿਆ ਬਸ ਕੱਦ ਅੱਡੇ ਅੰਦਰ ਦਾਖਲ ਹੋ ਗਈ ਕੰਡਕਟਰ ਨੇ ਖਾਲੀ ਹੋਈ ਬੱਸ 'ਚ ਇਕੱਲੇ ਬੈਠੇ ਸੁਰਜੀਤ ਨੂੰ ਮੋਢੇ ਤੋਂ ਹਿਲਾ ਕੇ ਕਿਹਾ, 'ਸਰਦਾਰ ਜੀ ! ਉੱਤਰੋ.., ਤਲਵਾੜਾ ਆ ਗਿਆ ਹੈ। ਉਹ ਗੁਆਚਿਆ ਹੋਇਆ ਚੋਰਾਂ ਵਾਂਗ ਡਰਿਆ ਰਿਕਸ਼ਾ ਫੜ ਡੀਲਰ ਦੀ ਦੁਕਾਨ ਵਾਲੀ ਚੱਲ ਪਿਆ।

# ਕੁਲਦੀਪ ਦੁਸਾਂਝ ਦੀਆਂ ਤਿੰਨ ਕਵਿਤਾਵਾਂ



**ਕੁਲਦੀਪ ਦੁਸਾਂਝ**
ਸੇਵਾ ਮੁਕਤ ਕਰਨਲ
ਜਲੰਧਰ

## ਕਿਤਾਬ ਤੋਂ ਅਖਬਾਰ ਤੱਕ

---

ਰਸਕਿਨ ਦੀ ਕਿਤਾਬ,
'ਔਨ ਸਿੰਮਪਲ ਲਿਵਿੰਗ',
ਪੜ੍ਹਨ ਤੇ ਮੈਂ ਭਾਵੁਕ ਹਾਂ।
ਉਹ ਮੈਨੂੰ ਕੁੱਦਰਤ ਨੇੜੇ ਜਾਣਾ ਸਿਖਾਂਦਾ,
ਜੁਗਨੂੰਆਂ ਨਾਲ ਗੱਲਾਂ ਕਰਨੀਆਂ ਸਿਖਾਂਦਾ,
ਖੁੱਲੀ ਖਿੜਕੀ 'ਚੋਂ ਬਾਹਰ ਝਾਕਣਾਂ ਸਿਖਾਂਦਾ,
ਅਪਣੀ ਇੱਕਲਤਾ ਨਾਲ ਰਹਿਣਾ ਸਿਖਾਂਦਾ,
ਵੱਧਦੀ ਦੀ ਉਮਰ ਵਿੱਚ ਜਿਉਣਾ ਸਿਖਾਂਦਾ,
ਬੱਚਿਆਂ ਦੀ ਬੇਪ੍ਰਵਾਹੀ ਵਿੱਚ ਮੁੜਨਾਂ ਸਿਖਾਂਦਾ,
ਬਾਰਿਸ਼-ਮਿੱਟੀ ਦੀ ਖੁਸ਼ਬੋ ਕੋਲ ਖਿੱਚ ਲਿਜਾਂਦਾ,
ਚੂਹੇ-ਗਲੈਰੀ ਨਾਲ ਦੋਸਤੀ ਕਰਨੀ ਸਿਖਾਂਦਾ,
ਬੱਦਲਾਂ ਨਾਲ ਆਕਾਸ਼ ਦੇ ਬਦਲਦੇ ਰੰਗ ਦਿਖਾਂਦਾ,
ਮੁੱਕਦੀ ਗੱਲ ਕਾਇਨਾਤ ਨਾਲ ਇਸ਼ਕ ਕਰਨਾਂ ਸਿਖਾਂਦਾ,

## ਹੁਣ

ਮੈਨੂੰ ਫਰਸ਼ ਤੇ ਪਈਆਂ ਅਖਬਾਰਾਂ ਨੂੰ ਚੁੱਕਣਾ ਬੋਝਲ ਲਗਦਾ,
ਸ਼ਹਿਰੀ ਕੂੜੇ-ਕਰਕੱਟ, ਹਰ ਪਾਸੇ ਭ੍ਰਿਸ਼ਟਾਚਾਰ,
ਅੱਤਵਾਦੀ ਬੁਜ਼ਦਿਲੀ,
ਪ੍ਰਮਾਣੂ ਯੁੱਧ ਦੀਆਂ ਅਵਾਜ਼ਾਂ ਸੁਣਦਾ ਲਗਦਾਂ,
ਮੈਂ ਅਖਬਾਰਾਂ ਅੰਦਰਲੇ ਖੌਫਨਾਕ ਹਾਦਸਿਆਂ ਦਾ
ਹਿੱਸਾ ਬਣਦਾ ਲਗਦਾਂ,
ਸੱਚ ਪੁਛੋ ਦੋਸਤੋ!
ਮੈਂ ਰਸਕਿਨ ਤੇ ਅਖ਼ਬਾਰੀ ਪ੍ਰਦੂਸ਼ਿਤਾ ਵਿੱਚ ਲੱਟਕ ਗਿਆ ਲਗਦਾਂ,
ਮੈਂ ਸਮਝ ਨਹੀਂ ਪਾ ਰਿਹਾ,
ਮੈਂ ਕੀ ਹਾਂ, ਮੈਂ ਕੌਣ ਹਾਂ ?

## ਕੇਹਦੀ ਨਜ਼ਰ ...

---

ਕੇਹਦੀ ਨਜ਼ਰ ਲਗੀ, ਰੰਗਲਾ ਪੰਜਾਬ,
ਡਰੱਗੀਆਂ - ਡੰਕੀਆਂ ਦਾ ਦੇਸ਼ ਹੋ ਗਿਆ ?
ਕੇਹਦੀ ਨਜ਼ਰ ਲਗੀ, ਗੁਲਾਬ ਦੇ ਫੁੱਲ ਵਰਗਾ ਪੰਜਾਬ,
ਕੰਡਿਆਂ ਦਾ ਦੇਸ਼ ਹੋ ਗਿਆ ?
ਖੁੱਲੇ ਆਸਮਾਂ, ਖੁੱਲੇ ਖੇਤਾਂ, ਖੁੱਲੇ ਦਿਲਾਂ ਤੇ
ਚੜਦੀ ਕਲਾ ਦੇ ਦੇਸ਼ ਨੂੰ,
ਕੇਹਦੀ ਨਜ਼ਰ ਲਗੀ, ਅਲੱਗ ਪਹਿਚਾਣ ਵਾਲਾ ਪੰਜਾਬੀ,
ਪੱਛਮੀ ਸੱਭਿਆਚਾਰ ਦਾ ਸ਼ਿਕਾਰ ਹੋ ਗਿਆ ?

# ਪ੍ਰਕਾਸ਼ ਪੁੰਜ



**ਪ੍ਰੋਮਿਲਾ ਅਰੋੜਾ**
**ਤ੍ਰੈਭਾਸ਼ੀ ਲੇਖਿਕਾ ਅਨੁਵਾਦਕ ਤੇ ਸਮਾਜ ਸੇਵੀ ਕਪੂਰਥਲਾ**
**9814958386**

ਕਾਲੀ ਬੋਲੀ ਰਾਤ
ਕਾਲੀ ਵੇਈਂ ਦੇ ਕਾਲੇ ਪਾਣੀ ਵਿੱਚ
ਉਤਰਿਆ ਇੱਕ ਕਾਲਾ ਸਾਇਆ
ਤੇ ਗੁੰਮ ਹੋ ਗਿਆ
ਕਾਲੇ ਪਾਣੀ ਅੰਦਰ
ਸਮੇਟ ਸਮੇਂ ਦੀ ਕਾਲਖ
ਤੇ ਉਗਮ ਪਿਆ
ਪ੍ਰਕਾਸ਼ ਪੁੰਜ ਬਣ।
ਤੇਰਾ ਤੇਰਾ ਤੋਲਦਾ
ਕੂੜ੍ਹ ਦੀ ਗਠੜੀ ਖੋਲ੍ਹਦਾ
ਸੱਚੇ ਅਲਫ਼ਾਜ਼ ਬੋਲਦਾ
ਪਾਪੀਆਂ ਨੂੰ ਵੰਗਾਰਦਾ
ਪਾਖੰਡਾਂ ਨੂੰ ਨਕਾਰਦਾ
ਹੱਥੀਂ ਕਿਰਤ ਕਮਾਂਵਦਾ
ਰੋਟੀ ਵੰਡ ਛਕਾਂਵਦਾ
ਨਾਮ ਦਾ ਜਾਪ ਕਰਾਂਵਦਾ
ਸ਼ਬਦ ਸੰਗੀਤ ਸਜਾਂਵਦਾ।
ਹਰ ਪਾਸੇ ਲੋਅ ਜਗਾਂਵਦਾ
ਮਜ਼ਲੂਮਾਂ ਦੀ ਰਾਖੀ ਕਰਾਂਵਦਾ।
ਨਾ ਓਹ ਬਾਬਾ
ਨਾ ਓਹ ਫ਼ਕੀਰ
ਉਹ ਤਾਂ ਸੀ
ਇੱਕ ਰਾਹਗੀਰ
ਦਿਲਾਂ ਦਾ ਦਿਲਗੀਰ।
ਜਿੱਥੇ ਜਿੱਥੇ ਧਰਦਾ ਪੈਰ
ਛੱਡ ਜਾਂਦਾ ਉਹ ਆਪਣੀ ਪੈੜ।
ਨਾ ਉਹ ਹਿੰਦੂ
ਨਾ ਮੁਸਲਮਾਨ
ਲੋਕਾਈ ਦਾ ਗੁਰੂ
ਅਦੁੱਤੀ ਇਨਸਾਨ।
ਜੇਕਰ ਸੁੱਖੀ ਜੀਵਨ
ਬਿਤਾਉਣਾ ਚਾਹੋ
ਉਸਦੀ ਬਾਣੀ ਨੂੰ ਅਪਣਾਓ।
ਨਾ ਪਾਓ ਵੰਡੀਆਂ
ਧਰਮ ਦੇ ਨਾਂ ਤੇ
ਉਸ ਸਮੇਟੀ ਕਾਇਨਾਤ
ਭਵਖੰਡਨ ਦੇ ਨਾਂ ਤੇ।
ਯਾਦ ਰੱਖੋ ਇੱਕ ਹੀ ਨੂਰ ਨੂੰ
ਨਾ ਕਰੋ ਬੇਪੱਤ
ਮਾਂ ਵਰਗੀ ਹੂਰ ਨੂੰ
ਹਰ ਦਿਨ ਮਨਾਓ ਗੁਰਪੁਰਬ
ਏਕ ਪਿਤਾ ਏਕਸ ਕੇ ਬਾਰਕੋ
ਕੂੜ੍ਹ ਜੁਰਮ ਦਾ ਹਨੇਰ ਮਿਟਾਓ
ਸੱਚ ਤੇ ਪਿਆਰ ਦਾ ਸੂਰਜ ਉਗਾਓ।
ਸਤਿਗੁਰ ਦੇ ਪੈਰੋਕਾਰ ਕਹਾਓ
ਤਾਂ ਹੀ ਵਾਹਿਗੁਰੂ ਦੀ ਕਿਰਪਾ ਪਾਓ।



**'ਮਿੱਤਰ' ਮਨਜੀਤ**
**ਦੀਪ ਨਗਰ (ਕੋਟ ਖੁਰਦ)**
**ਜਲੰਧਰ ਕੈਂਟ**
**ਮੋ. 98726-24833**

ਤੋੜ ਵਿਛੋੜਾ ਜਿਹੜਾ ਹੁੰਦਾ
ਦੀਵੇ ਥੱਲੇ ਨ੍ਹੇਰਾ ਹੁੰਦਾ

ਸੋਚੀਂ ਬੂਟਾ ਲਾਣੋਂ ਪਹਿਲਾਂ
ਬਿੱਠਾਂ ਭਰਿਆ ਵਿਹੜਾ ਹੁੰਦਾ

ਝੂਠਾ ਉਹ ਵੀ ਹੋ ਸਕਦਾ ਹੈ
ਸੌਹਾਂ ਖਾਂਦਾ ਜਿਹੜਾ ਹੁੰਦਾ।

ਲੋਕ ਭਲਾਈ ਧੰਦਾ ਜਿੱਥੇ
ਉੱਥੇ ਏੜਾ ਗੇੜਾ ਹੁੰਦਾ।

ਸੂਰਜ ਨ੍ਹੇਰਾ ਚੀਰ ਮੁਕਾਵੇ
ਤਦ ਹੀ ਰੋਜ ਸਵੇਰਾ ਹੁੰਦਾ।

ਦਿਨ ਨੂੰ ਸਾਧੂ ਬਣਕੇ ਫਿਰਦੇ
ਸ਼ਾਮੀਂ ਠੇਕੇ ਡੇਰਾ ਹੁੰਦਾ।

ਮੈਂ ਸਦਾ ਹੈ ਤਰਕ ਦੀ ਦੁਸ਼ਮਣ
ਮੁੜ ਮੁੜ ਕੇ ਬਖੇੜਾ ਹੁੰਦਾ।

ਖੰਜ਼ਰ ਉਹਦੇ ਕੋਲੋਂ ਮਿਲਦਾ
ਗਲ਼ ਲੱਗ ਮਿਲਦਾ ਜਿਹੜਾ ਹੁੰਦਾ।

ਉਹ ਵੀ ਆਖਿਰ ਲੁੱਟ ਹੋ ਜਾਂਦਾ
ਭਾਵੇਂ ਚਤਰ ਬਥੇਰਾ ਹੁੰਦਾ।

ਨੀਤਾਂ ਅੰਦਰ ਖੋਟ ਭਰੇ ਨੇ
ਤਾਹੀਂ ਤੇਰਾ ਮੇਰਾ ਹੁੰਦਾ।

ਮੈਂ ਤੇ ਮੇਰਾ ਜਦ ਹੁੰਦਾ ਹੈ
'ਮਿੱਤਰ' ਗ਼ਰਕ ਏ ਬੇੜਾ ਹੁੰਦਾ।

# ਸੁਖਮਿੰਦਰ ਸੇਖੋਂ ਦਾ ਮਿੰਨੀ ਕਹਾਣੀ ਸੰਗ੍ਰਹਿ ਰਿਸ਼ਤਿਆਂ ਦੀ ਜ਼ਮੀਨ

ਸੁਖਮਿੰਦਰ ਸੇਖੋਂ ਬਹੁ ਵਿਧਾਈ ਸਾਹਿਤਕਾਰ ਹੈ। ਜਿਸ ਦੀਆਂ ਹੁਣ ਤੱਕ ਡੇਢ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਚੁੱਕੀਆਂ ਹਨ। ਜਿਸ ਵਿੱਚ ਕਹਾਣੀ, ਨਾਵਲ, ਨਾਟਕ, ਵਿਅੰਗ ਅਤੇ ਮਿੰਨੀ ਕਹਾਣੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ ਉਸਨੇ ਅਨੁਵਾਦ ਅਤੇ ਸੰਪਾਦਨ ਕਾਰਜ ਵੀ ਖੂਬ ਕੀਤਾ ਹੈ।

ਰਿਸ਼ਤਿਆਂ ਦੀ ਜ਼ਮੀਨ ਉਸਦੀ ਮਿੰਨੀ ਕਹਾਣੀਆਂ ਦੀ ਤੀਜੀ ਪੁਸਤਕ ਹੈ। ਜਿਸ ਵਿੱਚ ਉਸਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਜਿਵੇਂ ਕਿ ਪੁਸਤਕ ਦੇ ਨਾਮ ਤੋਂ ਹੀ ਜਾਹਿਰ ਹੈ ਕਿ ਪੁਸਤਕ ਵਿੱਚ ਸ਼ਾਮਿਲ ਬਹੁਤੀਆਂ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੁਆਲੇ ਘੁੰਮਦੀਆਂ ਹਨ।

ਰਿਸ਼ਤਿਆਂ ਦਾ ਆਧਾਰ ਵਿਸ਼ਵਾਸ, ਆਰਥਿਕਤਾ ਅਤੇ ਸਮਰਪਣ ਦੀ ਭਾਵਨਾ ਉੱਪਰ ਟਿਕਿਆ ਹੋਇਆ ਹੈ। ਆਰਥਿਕਤਾ ਅਤੇ ਵਿਸ਼ਵਾਸ ਸਾਡੇ ਆਮ ਘਰੇਲੂ ਰਿਸ਼ਤਿਆਂ ਦੀ ਟੁੱਟ ਭੱਜ ਦਾ ਕਾਰਨ ਬਣਦੇ ਹਨ ਜਦੋਂ ਕਿ ਸਮਰਪਣ ਦੀ ਭਾਵਨਾ ਪੂਰੇ ਸਮਾਜ ਲਈ ਕੰਮ ਕਰਨ ਦਾ ਕਾਰਨ ਬਣਦੀ ਹੈ। ਸੁਖਮਿੰਦਰ ਸੇਖੋਂ ਦੀ ਇਸ ਪੁਸਤਕ ਵਿੱਚ ਵੀ ਇਸ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਸੇ ਤਰ੍ਹਾਂ ਦੀ ਇੱਕ ਮਿੰਨੀ ਕਹਾਣੀ ਹੈ 'ਸਿੱਖ'। ਜਿਸ ਵਿੱਚ ਸਮਾਜਿਕ ਰਿਸ਼ਤੇ ਦੀ ਗੱਲ ਹੁੰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਇੱਕ ਸਾਧਾਰਨ ਦਿਸਦਾ ਸਿੱਖੀ ਪਹਿਰਾਵੇ ਵਾਲਾ ਇਨਸਾਨ ਹੈ। ਜਿਸਨੂੰ ਬਹੁਤੇ ਲੋਕ ਝੱਲਾ ਜਾਂ ਮੰਗਤਾ ਸਮਝਣ ਦਾ ਭੁਲੇਖਾ ਖਾ ਜਾਂਦੇ ਹਨ। ਲੇਕਿਨ ਉਹ ਸ਼ਹਿਰ ਵਿੱਚ ਲੋਕਾਂ ਵੱਲੋਂ ਸੜਕਾਂ ਉੱਪਰ ਸੁੱਟਿਆ ਗੰਦ-ਮੰਦ ਆਪਣੀ ਰੇਹੜੀ ਵਿੱਚ ਪਾਕੇ ਦੂਰ ਸੁੱਟ ਆਉਂਦਾ ਹੈ। ਇਸਦੇ ਨਾਲ ਹੀ ਉਹ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਨ ਦਾ ਕੰਮ ਵੀ ਨਿਪਟਾਉਂਦਾ ਹੈ। ਇੱਕ ਵਾਰ ਜਦੋਂ ਉਸਦੀ ਰੇਹੜੀ ਨੂੰ ਕਿਸੇ ਕਾਰ ਸਵਾਰ ਨੇ ਟੱਕਰ ਮਾਰੀ ਅਤੇ ਕਾਰ ਚਾਲਕ ਨੇ ਉਸਨੂੰ ਪਾਗਲ ਕਿਹਾ ਤਾਂ ਭੀੜ ਵਿੱਚੋਂ ਹੀ ਕਿਸੇ ਨੇ ਕਿਹਾ ਕਿ ਇਹ ਪਾਗਲ ਨਹੀਂ;ਇਹ ਤਾਂ ਗੁਰੂ ਦਾ ਸੱਚਾ ਸਿੱਖ ਹੈ।

ਇਸ ਪੁਸਤਕ ਵਿੱਚ ਦਰਜ 'ਜੁੱਤੀ' ਅਤੇ 'ਸੀਮਾ' ਦੋ ਹੋਰ ਅਜਿਹੀਆਂ ਕਹਾਣੀਆਂ ਹਨ ਜੋ ਪਾਠਕ ਨੂੰ ਨਵੀਂ ਦਿਸ਼ਾ ਦਿੰਦਿਆਂ ਹਨ। ਜੁੱਤੀ ਕਹਾਣੀ ਵਿੱਚ ਜਦੋਂ ਵਿਆਹ ਸਮਾਗਮ ਸਮੇਂ ਮੁੰਡੇ ਵਾਲੇ ਲੜਕੀ ਦੇ ਪਿਤਾ ਨੂੰ ਪਹਿਲਾਂ ਮੁੰਡੇ ਦੇ ਨਾਮ ਜ਼ਮੀਨ ਲਗਵਾਉਣ ਦੀ ਗੱਲ ਕਹਿੰਦੇ ਹਨ ਤਾਂ ਲੜਕੀ ਦਲੇਰੀ ਨਾਲ ਬਰਾਤ ਨੂੰ ਵਾਪਸ ਜਾਣ ਲਈ ਕਹਿ ਕੇ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੰਦੀ ਹੈ। ਇਸੇ ਤਰ੍ਹਾਂ 'ਸੀਮਾ' ਕਹਾਣੀ ਦੀ ਪਾਤਰ ਆਪਣੇ ਸ਼ੱਕੀ ਪਤੀ ਨੂੰ ਛੱਡ ਕੇ ਤੁਰ ਜਾਂਦੀ ਹੈ। ਕਿੰਨੇ ਭਗਵਾਨ ਇਸ ਪੁਸਤਕ ਦੀ ਬੇਹੱਦ ਖੂਬਸੂਰਤ ਰਚਨਾ ਹੈ। ਕਹਾਣੀ ਦਾ ਮੁੱਖ ਪਾਤਰ ਬੇਰੋਜਗਾਰ ਨੌਜਵਾਨ ਨਾਸਤਿਕ ਹੈ ਅਤੇ ਆਪਣੀ ਮਾਂ ਨੂੰ ਰੱਬ ਦੀ ਹੋਂਦ ਨਾ ਹੋਣ ਬਾਰੇ ਲੈਕਚਰ ਝਾੜਦਾ ਰਹਿੰਦਾ ਹੈ। ਪਰ ਇੱਕ ਦਿਨ ਉਹ ਆਪਣੀ ਮਾਂ ਨੂੰ ਆਕੇ ਕਹਿੰਦਾ ਹੈ ਕਿ ਮਾਂ ਤੇਰੇ ਭਗਵਾਨ ਦੀ ਕਿਰਪਾ ਨਾਲ ਮੈਨੂੰ ਨੌਕਰੀ ਮਿਲ ਗਈ ਹੈ। ਇਹ ਗੱਲ ਸੁਣਕੇ ਮਾਂ ਇੰਨੀ ਖੁਸ਼ ਹੁੰਦੀ ਹੈ ਕਿ ਉਸ ਨੂੰ ਆਪਣੇ ਪੁੱਤਰ ਵਿੱਚੋਂ ਕਿੰਨੇ ਹੀ ਭਗਵਾਨ ਨਜ਼ਰ ਆਉਂਦੇ ਹਨ।

ਸੁਖਮਿੰਦਰ ਸੇਖੋਂ ਨੇ ਇਨ੍ਹਾਂ ਚੋਣਵੀਆਂ ਕਹਾਣੀਆਂ ਰਾਹੀਂ ਪੁਰਾਣੀਆਂ ਮਿੱਥਾਂ ਨੂੰ ਤੋੜਨ ਦਾ ਯਤਨ ਕੀਤਾ ਹੈ। 'ਸਾਡੇ ਘਰ' ਨਾਮੀ ਕਹਾਣੀ ਵਿੱਚ ਜਦੋਂ ਕੁੱਝ ਬਦਮਾਸ਼ ਇੱਕ ਵਿਅਕਤੀ ਤੋਂ ਜਬਰੀ ਉਸਦਾ ਘਰ ਖਾਲੀ ਕਰਵਾਕੇ ਕਬਜ਼ਾ ਕਰਨਾ ਚਾਹੁੰਦੇ ਹਨ ਤਾਂ ਪੂਰੇ ਮੁਹੱਲੇ ਦੇ ਲੋਕ ਉਸਦੇ ਨਾਲ ਆ ਖੜਦੇ ਹਨ। ਇਸੇ ਤਰ੍ਹਾਂ ਇਨਕਾਰ ਕਹਾਣੀ ਵਿੱਚ ਇੱਕ ਦਫਤਰ ਦਾ ਕਰਮਚਾਰੀ ਆਪਣੇ ਉਸ ਅਫਸਰ ਦੀ ਲੜਕੀ ਦੇ ਵਿਆਹ ਦਾ ਕਾਰਡ ਅਤੇ ਮਠਿਆਈ ਦਾ ਡੱਬਾ ਲੈਣ ਤੋਂ ਇਨਕਾਰ ਕਰ ਦਿੰਦਾ ਹੈ ਜੋ ਇਮਾਨਦਾਰ ਕਰਮਚਾਰੀਆਂ ਦਾ ਜਾਣ ਬੁੱਝ ਕੇ ਨਿੱਜੀ ਨੁਕਸਾਨ ਕਰਦਾ ਹੈ।

ਰੁੱਖਾਂ ਦੇ ਜਾਏ, ਤੁਹਾਡੀ ਖੁਸ਼ੀ, ਇਨਸਾਨੀਅਤ, ਕਾਲਾ ਮੂੰਹ, ਡੀਲ, ਸ਼ਰਧਾਲੂ ਆਦਿ ਕਹਾਣੀਆਂ ਵਿੱਚ ਸੇਖੋਂ ਨੇ ਇਨਸਾਨੀਅਤ, ਤਰਕਸ਼ੀਲ ਸੋਚ ਅਤੇ ਮਨੁੱਖ ਦੇ ਦੋਹਰੇ ਕਿਰਦਾਰ ਬਾਖੂਬੀ ਪੇਸ਼ ਕੀਤੇ ਹਨ। ਕੁੱਲ ਮਿਲਾ ਕੇ ਉਸਦੀਆਂ ਇਹ ਚੋਣਵੀਆਂ ਕਹਾਣੀਆਂ ਪਾਠਕ ਦੇ ਮਨ ਉੱਪਰ ਆਪਣਾ ਪ੍ਰਭਾਵ ਪਾਉਣ ਵਿੱਚ ਪੂਰੀ ਤਰ੍ਹਾਂ ਸਮਰੱਥ ਹਨ।

104 ਪੰਨਿਆਂ ਦੀ ਪੁਸਤਕ ਨੂੰ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤਾ ਹੈ ਅਤੇ ਪੁਸਤਕ ਦੀ ਕੀਮਤ 200 ਰੁਪਏ ਹੈ।

ਸਰਬਜੀਤ ਧੀਰ

## ਦਿਲ ਅਤੇ ਦਿਮਾ.ਗ



**-ਰਾਜਪਿੰਦਰ ਕੌਰ ਹੁੰਜਨ**

ਦਿਲ ਅਤੇ ਦਿਮਾਗ਼ ਦੀ ਹੋ ਗਈ ਲੜਾਈ
ਕਈ ਦਿਨ ਪਹਿਲਾਂ ਤੇ
ਏਦਾਂ ਨਹੀਂ ਸੀ
ਦੋਵੇਂ ਪਿਆਰ ਨਾਲ ਰਹਿੰਦੇ ਸੀ
ਹਾਂ ਕਦੀ-ਕਦੀ ਥੋੜ੍ਹਾ ਬਹੁਤ ਬਹਿਸ ਲੈਂਦੇ ਸੀ।
ਪਰ ਹੁਣ ਤਾਂ ਹੱਦ ਹੀ ਹੋ ਗਈ
ਬੱਸ ਕੋਈ ਮੁੱਦਾ ਮਿਲਣ ਦੀ ਦੇਰ ਸੀ
ਦਿਲ ਨੇ ਦਿਮਾਗ਼ ਨੂੰ ਦਿੱਤੀਆਂ ਕਈ ਦਲੀਲਾਂ
ਦਿਮਾਗ਼ ਨੇ ਵੀ ਕੀਤੀ ਪੈਰਵੀ ਵਾਂਗ ਵਕੀਲਾਂ
ਬਸ ਫੇਰ ਕੀ ਸੀ
ਦੋਹਾਂ ਨੇ ਮੈਥੋਂ ਮੂੰਹ ਫੇਰ ਲਿਆ।
ਦਿਲ ਪੁਰਾਣੀਆਂ ਯਾਦਾਂ ਨੂੰ ਸੰਜੋਈ ਬੈਠਾ
ਤੇ ਦਿਮਾਗ਼ ਆਉਣ ਵਾਲੇ ਸਮੇਂ ਦੀ ਫ਼ਿਕਰ ਕਰੀ ਬੈਠਾ
ਦਿਮਾਗ਼ ਨੇ ਕੀਤੇ ਕਈ ਵਾਰ
ਪਰ ਦਿਲ ਨੇ ਵੀ ਨਾ ਮੰਨੀ ਹਾਰ
ਮੇਰੇ ਲਈ ਤਾਂ ਹੋ ਗਿਆ ਮਸਲਾ
ਤਣਾਅ ਦਾ ਭਰਪੂਰ ਹੋ ਗਿਆ ਅਸਲਾ
ਸੋਚਾਂ ਸੋਚਦੀ ਨੇ ਕੀਤਾ ਆਖ਼ਰ ਫੈਸਲਾ
ਅੰਤ ਸਾਹਾਂ ਦੀ ਪੂੰਜੀ ਨਾਲ ਹੀ ਕਰਨਾ ਗੁਜ਼ਾਰਾ
ਦਿਲ ਨੇ ਰਹਿਣਾ ਉਦਾਸ ਤੇ ਰਹੇ
ਦਿਮਾਗ਼ ਨੇ ਹੋਣਾ ਪਰੇਸ਼ਾਨ ਤੇ ਹੋਵੇ
ਨਾ ਮੈਂ ਇਹਦੀ ਸੁਣਾਂ ਨਾ ਉਹਦੀ
ਬੱਸ ਸਾਹ ਆਵੇ ਤੇ ਜਾਵੇ..
ਬੱਸ ਸਾਹ ਆਵੇ ਤੇ ਜਾਵੇ..

ਅਕਸਰ ਤੇਰੇ ਬਾਰੇ ਸੁਣਕੇ ਚੰਗਾ ਲੱਗਦਾ ਏ
ਝੂਠੀ ਆਸ ਦਾ ਤਾਨਾ ਬੁਣਕੇ ਚੰਗਾ ਲੱਗਦਾ ਏ

ਰੁੱਤ ਮੁੜ ਗਈ ਪਰ ਤੂੰ ਨਹੀਂ ਮੁੜਨਾ ਪਤਾ ਹੈ ਮੈਨੂੰ ਵੀ
ਪਰ ਲਾਰੇ ਨੂੰ ਦਿਲ ਤੇ ਖੁਣਕੇ ਚੰਗਾ ਲੱਗਦਾ ਏ

ਸੋਚਾਂ ਦੀ ਗੁੱਡੀ ਨੂੰ ਆਣ ਹਕੀਕਤ ਖੋਹ ਲੈਂਦੀ
ਪਰ ਸੋਚਾਂ ਨੂੰ ਲਾ ਕੇ ਤੁਣਕੇ ਚੰਗਾ ਲੱਗਦਾ ਏ

ਮੈਨੂੰ ਭੇਤ ਕਿ ਕਦੇ ਤੈਂ ਇਹਨੂੰ ਗਲ? ਵਿੱਚ ਪਾਉਣਾ ਨਹੀਂ
ਪਰ ਇਸ਼ਕੇ ਦਾ ਮਫ਼ਲਰ ਬੁਣਕੇ ਚੰਗਾ ਲੱਗਦਾ ਏ

ਖ਼ਬਰ ਕਿ 'ਗਿੱਲ' ਨੂੰ ਦਰਦ ਨਹੀਂ ਕੋਈ ਦਿਲ ਦੀਆਂ ਪੀੜਾਂ ਦਾ
ਫਿਰ ਵੀ ਖਾਰੇ ਹੰਝੂਆਂ ਪੁਣਕੇ ਚੰਗਾ ਲੱਗਦਾ ਏ

**ਅਜਮੇਲ ਗਿੱਲ**

### ਅਜਮੇਲ ਗਿੱਲ

ਦਿਲ ਦੀ ਧੜਕਣ ਚੱਲਦੀ-ਚੱਲਦੀ ,
ਖੌਰੇ ਕਿੱਥੇ ਰੁਕ ਜਾਣੀ ਏ ।
ਲੱਖਾਂ ਸਿਰ ਤੇ ਚੁੱਕੀ ਫਿਰਦਾਂ,
ਹਰ ਇੱਕ ਚਾਹਤ ਮੁੱਕ ਜਾਣੀ ਏ।
ਪਾਪਾਂ ਦੀ ਬੇੜੀ ਵਿੱਚ ਬਹਿਕੇ ,
ਕਿੱਦਾਂ ਭਉਜਲ ਤਰ ਜਾਵੇਂਗਾ ।
ਜਿੱਤਣ ਨੂੰ ਭਾਵੇਂ ਦੁਨੀਆ ਜਿੱਤ ਲੈ,
ਆਖ਼ਰ ਇੱਕ ਦਿਨ ਹਰ ਜਾਵੇਂਗਾ।

ਨਿੱਕੀਆਂ ਨਿੱਕੀਆਂ ਲੋੜਾਂ ਉੱਤੇ,
ਵੱਡੇ ਬਹਿ ਗਿਆਂ ਪਾ ਖਿਲਾਰੇ ।
ਦੀਵੇ ਦੀ ਔਕਾਤ ਨਹੀਂ ਪਰ ,
ਤੋੜਨ ਲੱਗਾਂ ਚੰਨ ਤੇ ਤਾਰੇ ।
ਭਾਰੀ ਪਾਪਾਂ ਦੀ ਗੱਠੜੀ ਨੂੰ
ਕਿੱਦਾਂ ਲੈਕੇ ਘਰ ਜਾਵੇਂਗਾ।
ਜਿੱਤਣ ਨੂੰ ....।

ਹੱਕ ਪਰਾਇਆ ਮਾਰਨ ਦੇ ਲਈ,
ਝੂਠੀ ਘੜਦਾਂ ਫਿਰੇ ਕਹਾਣੀ।
ਕੂੜ ਦੇ ਸੌਦੇ ਕਰਦਾਂ ਫਿਰਦਾਂ,
ਕੌਡੀ ਤੇਰੇ ਨਾਲ ਨਹੀਂ ਜਾਣੀ ।
ਹੀਰੇ, ਮੋਤੀ, ਮਹਿਲ ਮਾੜੀਆਂ
ਸੱਭ ਕੁਝ ਏਥੇ ਧਰ ਜਾਵੇਂਗਾ ।
ਜਿੱਤਣ ਨੂੰ ...।

ਕੁਦਰਤ ਦੀ ਸੀ ਪੂਜਾ ਕਰਨੀ,
ਪਰ ਕੁਦਰਤ ਨੂੰ ਫਿਰੇਂ ਭੁਲਾਈ।
ਲਾਲਚ ਤੈਨੂੰ ਅੰਨੇ ਕੀਤਾ,
ਤੂੰ ਰੁੱਖਾਂ ਨੂੰ ਅੱਗ ਲਗਾਈ।
ਨਸਲ ਤੇਰੀ ਬੂੰਦਾਂ ਨੂੰ ਤਰਸੂ
ਧਰਤੀ ਬੰਜਰ ਕਰ ਜਾਵੇਂਗਾ।
ਜਿੱਤਣ ਨੂੰ .....।

'ਗਿੱਲ' ਤੂੰ ਬੰਨ ਰੁਮਾਲੀਂ ਧਰ ਤੀ,
ਗੁਰੂਆਂ ਦੀ ਅਨਮੁੱਲੀ ਬਾਣੀ।
ਪੜ੍ਹਿਆ ਏ ਪਰ ਸਮਝ ਆਈ ਨਾ,
ਬਾਬੇ ਆਖਿਆ ਪਿਤਾ ਹੈ ਪਾਣੀ ।
ਆਪਣੀ ਬੇਅਕਲੀ ਦਾ ਸਿਹਰਾ,
ਕਿਸਦੇ ਮੱਥੇ ਮੜ੍ਹ ਜਾਵੇਂਗਾ ।
ਜਿੱਤਣ ਨੂੰ ...।

# ਬਲਦੇਵ ਸਿੰਘ 'ਬੱਦਨ' ਰਚਿਤ ਕਾਵਿ-ਸੰਗ੍ਰਹਿ 'ਸ੍ਰਿਸ਼ਟੀ-ਦ੍ਰਿਸ਼ਟੀ' 'ਚ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ

ਸੰਧੂ ਵਰਿਆਣਵੀ (ਪ੍ਰੋ.)

ਡਾ. ਬਲਦੇਵ ਸਿੰਘ 'ਬੱਦਨ' ਮੇਰੇ ਉਨ੍ਹਾਂ ਦਾਨਸ਼ਵਰਾਂ ਦੀ ਸੂਚੀ ਵਿੱਚ ਸ਼ਾਮਿਲ ਹੈ। ਜਿਹੜੇ ਲਗਾਤਾਰ ਮਾਨਵੀ ਜ਼ਿੰਦਗੀ ਨੂੰ ਨੀਝ ਨਾਲ ਜਿਥੇ ਘੋਖਦੇ-ਪਰਖਦੇ ਹਨ, ਉਥੇ ਹੀ ਚਿੰਤਨ ਅਤੇ ਆਪਣੇ ਵਿਵੇਕ ਨਾਲ ਲੋਕਾਈ ਦੇ ਕਸ਼ਟਾਂ ਦਾ ਨਿਵਾਰਨ ਸ਼ਬਦ-ਸਾਧਨਾ ਰਾਹੀਂ ਪ੍ਰਾਪਤ ਗਿਆਨ ਅਤੇ ਅਨੁਭਵ ਨਾਲ ਕਰਨਾ ਲੋਚਦੇ ਹਨ। ਸਦੀਆਂ-ਸਦੀਆਂ ਤੋਂ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾ ਅਤੇ ਵਿਵਹਾਰ ਰਾਹੀਂ ਸਾਡੇ ਰਿਸ਼ੀਆਂ ਮੁਨੀਆਂ, ਪੀਰਾਂ ਫ਼ਕੀਰਾਂ ਅਤੇ ਗੁਰੂਆਂ ਨੇ ਮਾਨਵ ਦੇ ਭਲੇ ਹਿੱਤ, ਮਾਨਵ ਨੂੰ ਆਪਣੀ ਅੰਦਰੂਨੀ ਸ਼ਕਤੀ ਦਾ ਅਹਿਸਾਸ ਕਰਵਾਇਆ ਹੈ। ਇਹ ਸਿਲਸਿਲਾ ਅੱਜ ਵੀ ਮੁਸੱਲਸਲ ਜਾਰੀ ਹੈ। ਡਾ. ਬਲਦੇਵ ਸਿੰਘ 'ਬੱਦਨ' ਪੰਜਾਬੀ ਸਾਹਿਤ ਦੇ ਨਾਲ ਹਿੰਦੀ ਅਤੇ ਅੰਗਰੇਜ਼ੀ ਸਾਹਿਤ ਦੇ ਵੀ ਚੰਗੇ ਜਾਣੂ ਅਤੇ ਪਾਰਖੂ ਹਨ। ਉਨ੍ਹਾਂ ਦਾ ਪ੍ਰਸ਼ਾਸਨਿਕ ਤਜਰਬਾ ਵੀ ਸਾਹਿਤ ਦੀ ਨਿਰਖ-ਪਰਖ ਕਰਨ ਵਿੱਚ ਵੀ ਲਗਾਤਾਰ ਸ਼ਬਦ-ਸਾਧਨਾ ਦੇ ਖੇਤਰ 'ਚ ਉਨ੍ਹਾਂ ਦੇ ਅੰਗ-ਸੰਗ ਰਿਹਾ ਹੈ। ਮੇਰੇ ਕਹਿਣ ਦੀ ਇਹ ਮੁਰਾਦ ਹੈ ਕਿ ਸਾਹਿਤ ਦੇ ਵਿਭਿੰਨ ਰੂਪਾਕਾਰਾਂ ਨਾਲ ਉਨ੍ਹਾਂ ਦਾ ਸੰਬੰਧ ਰਿਹਾ ਹੈ। ਮਸਲਨ ਉਹ ਆਲੋਚਕ, ਸੰਪਾਦਕ, ਅਨੁਵਾਦਕ, ਸ਼ਬਦ ਚਿੱਤਰ ਲੇਖਕ (ਵਾਰਤਕ), ਕਹਾਣੀ-ਸੰਪਾਦਕ, ਕਵਿਤਾ-ਸੰਪਾਦਕ, ਬਾਲ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਦੇ ਲੇਖਕ/ਅਨੁਵਾਦਕ ਅਤੇ ਸੰਪਾਦਕ ਰਹੇ ਹਨ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੀ ਨਿਰਦੇਸ਼ਨਾ ਅਤੇ ਅਗਵਾਈ ਹੇਠ ਲਗਪਗ 749 ਪੁਸਤਕਾਂ ਦਾ ਪ੍ਰਕਾਸ਼ਨ ਨੈਸ਼ਨਲ ਬੁਕ ਟਰੱਸਟ ਵਲੋਂ ਪੰਜਾਬੀ ਵਿੱਚ ਕਰਵਾਇਆ ਗਿਆ। ਇਨ੍ਹਾਂ ਸਾਰੇ ਝਮੇਲਿਆਂ ਨੂੰ ਨਿਪਟਾਉਣ ਦੇ ਆਹਰ 'ਚ ਮੈਂ ਇਹੀ ਸਮਝਦਾ ਰਿਹਾ ਕਿ ਉਹ ਖ਼ੁਦ ਕਵਿਤਾ-ਲੇਖਣ ਦੇ ਖੇਤਰ ਵਿੱਚ ਕਦੀ ਨਹੀਂ ਉਲਝੇ ਹੋਣਗੇ। ਪ੍ਰੰਤੂ ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਉਨ੍ਹਾਂ 'ਸ੍ਰਿਸ਼ਟੀ-ਦ੍ਰਿਸ਼ਟੀ' ਕਾਵਿ-ਸੰਗ੍ਰਹਿ ਦਾ ਖਰੜਾ ਮੈਨੂੰ ਪੜ੍ਹਨ ਲਈ ਦਿੱਤਾ। ਇਸ ਤੋਂ ਵੀ ਵੱਧ ਹੈਰਾਨਗੀ ਉਦੋਂ ਹੋਈ, ਜਦੋਂ ਉਨ੍ਹਾਂ ਦੱਸਿਆ ਕਿ ਮੇਰੇ ਕੋਲ ਇਕ ਗ਼ਜ਼ਲ-ਸੰਗ੍ਰਹਿ, ਇਕ ਗੀਤ-ਸੰਗ੍ਰਹਿ (ਧਾਰਮਿਕ ਗੀਤ) ਅਤੇ ਕੁਝ ਕਾਵਿਕ ਵੰਨਗੀਆਂ ਦੇ ਖਰੜੇ ਲਿਖੇ ਪਏ ਹਨ। ਮੈਨੂੰ ਇਸ ਗੱਲ ਦੀ ਵੀ ਪ੍ਰਸੰਨਤਾ ਹੈ ਕਿ ਡਾ. ਬਲਦੇਵ ਸਿੰਘ 'ਬੱਦਨ' ਨੇ ਇਸ ਕਾਵਿ-ਪੁਸਤਕ 'ਤੇ ਚੰਦ



ਸ਼ਬਦ ਲਿਖਣ ਦੀ ਗੁਜ਼ਾਰਿਸ਼ ਕੀਤੀ। ਇਹ ਮੇਰੇ ਲਈ ਇਕ ਸੁਖਦ ਅਨੁਭਵ ਸੀ ਕਿ ਮੈਂ ਡਾ. ਸਾਹਿਬ ਦੀ ਕਵਿਤਾ ਦਾ ਪਹਿਲਾ ਪਾਠਕ ਬਣਨ ਦਾ ਅਨੁਭਵ ਪ੍ਰਾਪਤ ਕਰਨ ਦਾ ਮੌਕਾ ਮਾਣ ਰਿਹਾ ਹਾਂ। ਆਮ ਤੌਰ 'ਤੇ ਕਵਿਤਾ ਨੂੰ ਮਨੁੱਖੀ ਭਾਵਨਾਵਾਂ ਦਾ ਭਾਵੁਕ ਪ੍ਰਗਟਾ ਦਾ ਮਾਧਿਅਮ ਹੈ ਸਮਝਿਆ ਜਾਂਦਾ ਰਿਹਾ ਹੈ। ਵੱਖ-ਵੱਖ ਅਧਿਐਨ ਪ੍ਰਣਾਲੀਆਂ ਵੀ ਮਨੁੱਖ ਦੀਆਂ ਕੁੰਠਿਤ ਭਾਵਨਾਵਾਂ ਦੇ, ਦੂਸਰਿਆਂ ਨਾਲ ਸਾਂਝਿਆਂ ਕਰਨ ਦਾ ਵਸੀਲਾ ਹੀ ਮੰਨਦੀਆਂ ਹਨ। ਜਦੋਂ ਪ੍ਰੋ. ਪੂਰਨ ਸਿੰਘ ਇਹ ਕਹਿੰਦਾ ਹੈ ਕਿ ਪਿਆਰ 'ਚ ਮੋਇਆ ਬੰਦਿਆਂ ਦੇ ਵਚਨ ਹੀ ਕਵਿਤਾ ਹਨ, ਤਾਂ ਫਿਰ ਕਵਿਤਾ ਮਨੁੱਖ ਅੰਦਰ ਅਜਿਹੇ ਭਾਵਾਂ ਦੇ ਸਮਾਵੇਸ਼ 'ਚ ਮਨੁੱਖ ਦੇ ਅੰਦਰਲੇ ਸੰਸਾਰ ਨਾਲ ਸੰਬਾਦ ਰਚਾਉਣ ਦੀ ਪ੍ਰਕਿਰਿਆ ਹੈ ਜੋ ਮਨੁੱਖ ਦੀ ਆਪਣੀ ਸੁਤੰਤਰ ਹਸਤੀ ਦਾ ਬੋਧ ਕਰਵਾਉਂਦੀ ਹੈ। ਮੇਰੀ ਜਾਚੇ ਕਵਿਤਾ ਮਨੁੱਖ ਦੀ ਆਪਣੇ ਪ੍ਰਤੀ ਖ਼ੁਦ ਦੀ ਕੀਤੀ ਸਮਾਲੋਚਨਾ ਹੈ ਜੋ ਮਨੁੱਖ ਅੰਦਰ ਉਸਦੇ ਜਿਉਂਦੇ-ਜਾਗਦੇ ਹੋਣ ਦਾ ਅਨੁਭਵ ਅਤੇ ਅਹਿਸਾਸ ਕਰਵਾਉਂਦੀ ਹੈ। ਅਜਿਹਾ ਹੀ ਅਨੁਭਵ ਪਾਠਕ ਨੂੰ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੋਵੇਗਾ। ਮੈਂ ਆਪਣੀ ਗੱਲ ਹੇਠਲੀਆਂ ਸਤਰਾਂ ਰਾਹੀਂ ਸ਼ੁਰੂ ਕਰਦਾ ਹਾਂ :

ਸ਼ਬਦ ਨਾ ਹੁੰਦੇ ਜਿਵੇਂ ਅਸੀਂ ਪੱਥਰਾਂ ਦੇ ਬੁੱਤਾਂ ਵਰਗੇ ਗੂੰਗੇ ਗਿਆਨ ਵਿਹੂਣੇ ਗੂੰਗੇ ਬੋਲੇ, ਨਾ ਸਿਰਜਣਹਾਰੇ। ਨਾ ਕੋਮਲ, ਨਾ ਪੱਥਰ, ਪਿਆਰ ਵਿਹੂਣੇ, ਨਾ ਸਾਥੀ ਨਾ ਸਾਥਣ ਨਾ ਧਰਤੀ 'ਤੇ ਲਾਲ ਪਿਆਰੇ, ਨਾ ਅੰਬਰ ਦੇ ਤਾਰੇ। (ਸ਼ਬਦ, ਪੰਨਾ 42)

ਉਪਰੋਕਤ ਕਾਵਿ-ਟੁਕੜੇ 'ਸ਼ਬਦ' (ਬੋਲ) ਜਾਂ (ਹੁੰਗਾਰਾ) ਵਿਸ਼ੇਸ਼ ਖਿੱਚ ਦਾ ਕਾਰਨ ਬਣਦਾ ਹੈ ਕਿਉਂਕਿ 'ਸ਼ਬਦ' ਤੋਂ ਬਿਨ੍ਹਾਂ ਮਨੁੱਖ 'ਪ੍ਰਾਣੀ' ਤਾਂ ਹੋ ਸਕਦਾ ਹੈ ਪ੍ਰੰਤੂ ਮਨੁੱਖ ਨਹੀਂ। ਇਨਾਂ ਸ਼ਬਦਾਂ ਰਾਹੀਂ ਹੀ ਅਰਸਤੂ ਵਲੋਂ ਕਹੇ ਬਚਨ 'ਮਨੁੱਖ ਇਕ ਸਮਾਜਿਕ ਜੀਵ' ਦੀ ਸਾਰਥਕਤਾ ਵੀ ਪਹਿਚਾਣੀ ਜਾ ਸਕਦੀ ਹੈ। ਹਰ ਸਾਹ ਲੈਂਦਾ ਜੀਵ ਸਿਰਫ਼ 'ਪ੍ਰਾਣੀ' ਹੈ ਜਦੋਂ ਕਿ ਸ਼ਬਦ ਦਾ ਵਰੋਸਾਇਆ 'ਪ੍ਰਾਣੀ' ਮਾਨਵ ਜਾਤੀ ਦੀ ਪ੍ਰਤੀਨਿੱਧਤਾ ਕਰਦਾ ਹੈ। ਮਨੁੱਖ ਦੀ ਅੰਦਰੂਨੀ ਹੂਕ ਜਾਂ ਪੀੜ ਹੀ ਸਾਹਿਤ ਦਾ ਕੋਈ ਰੂਪ ਇਖ਼ਤਿਆਰ ਕਰਦੀ ਹੈ। ਇਨ੍ਹਾਂ ਸ਼ਬਦਾਂ ਦਾ ਸੰਗ੍ਰਹਿ ਹੀ ਕਵਿਤਾ ਹੈ ਜਾਂ ਕੋਈ ਸਾਹਿਤਕ ਰੂਪ। ਡਾ. ਬਲਦੇਵ ਸਿੰਘ 'ਬੱਦਨ' ਹੁਰਾਂ ਆਪਣੇ ਇਸ ਕਾਵਿ-ਸੰਗ੍ਰਹਿ ਦਾ ਨਾਂ 'ਸ੍ਰਿਸ਼ਟੀ-ਦ੍ਰਿਸ਼ਟੀ' ਰੱਖਿਆ ਹੈ। ਇਸ ਸੰਗ੍ਰਹਿ ਵਿੱਚ ਉਨ੍ਹਾਂ ਨੇ 71 ਕਵਿਤਾਵਾਂ, 115 ਲਘੂ ਕਵਿਤਾਵਾਂ, 6 ਲੰਮੀਆਂ ਕਵਿਤਾਵਾਂ, ਚੌ-ਅੰਗੀ ਕਾਵਿ ਆਦਿ ਜਦੀਦ ਕਾਵਿ-ਰੂਪਾਂ 'ਚ ਕਾਵਿ-ਸਿਰਜਣਾ ਕੀਤੀ ਹੈ ਜਿਸਨੂੰ ਬਾ-ਕਾਇਦਾ ਤਿੰਨ ਭਾਗਾਂ 'ਚ ਵੰਡਿਆ ਹੈ।

'ਸ੍ਰਿਸ਼ਟੀ-ਦ੍ਰਿਸ਼ਟੀ' ਕਾਵਿ-ਸੰਗ੍ਰਹਿ ਦਾ ਵਿਚਾਰਧਾਰਕ ਮੱਤ 'ਮਾਨਵ' ਕੇਂਤ ਹੈ। ਇਸ ਕਾਵਿ-ਸੰਗ੍ਰਹਿ ਵਿਚਲੀਆਂ 'ਮੈਂ', 'ਤੂੰ', 'ਉਹ', 'ਸੰਗਮ' 'ਮਰਦ' ਅਤੇ 'ਮਹਾਂ-ਪੁਰਸ' ਛੇ ਲੰਮੀਆਂ ਕਵਿਤਾਵਾਂ ਦਾ ਮੂਲ ਸੁਰ 'ਮਾਨਵ' ਦੇ ਇਰਦ-ਗਿਰਦ ਹੀ ਘੁੰਮਦਾ ਹੈ ਕਿਉਂਕਿ 'ਮਾਨਵ' ਤੋਂ ਬਗੈਰ ਕਿਸੇ ਸ੍ਰਿਸ਼ਟੀ ਦੀ ਕਲਪਨਾ ਵੀ ਸੰਭਵ ਨਹੀਂ। ਸਗੋਂ ਇਹ ਸ੍ਰਿਸ਼ਟੀ ਦਾ ਸੰਕਲਪਿਕ ਸ਼ਬਦ ਦਾ ਘੋਸ਼ ਵੀ ਇਸੇ ਹੀ ਪ੍ਰਸੰਗ ਵਿੱਚ ਆਪਣੇ ਅਰਥ ਗ੍ਰਹਿਣ ਕਰਦਾ ਹੈ। ਪ੍ਰਕਿਰਤੀ ਹੀ ਸ੍ਰਿਸ਼ਟੀ ਦੀ ਜਨਮ ਦਾਤੀ ਹੈ। ਇਸ ਪ੍ਰਕਿਰਤੀ ਵਿੱਚ ਸਮੂਹ ਭੂ-ਖੰਡ, ਬਹਿਮੰਡ ਇਸ ਦਾ ਹਿੱਸਾ ਹਨ। ਸਮੂਹ ਪ੍ਰਾਣੀ ਹੀ ਸ੍ਰਿਸ਼ਟੀ ਦਾ ਭਾਗ ਹਨ। ਸ੍ਰਿਸ਼ਟੀ ਦੇ ਸਰਵੋਤਮ ਜੀਵ 'ਮਾਨਵ' ਦੀ ਹੋਂਦ ਹੀ ਜਗਤ-ਦ੍ਰਿਸ਼ਟੀ ਦੀ ਸੰਦੇਸ਼ਵਾਹਕ ਹੈਃ

ਮੈਂ ਹਾਂ! ਪੰਜ ਤੱਤ ਪ੍ਰਿਥਵੀ ਦੇ, ਸਤਿਆ ਮੇਵ ਜਯਤੇ ਮੈਂ ਪੰਜਾਂ ਤੱਤਾ ਦਾ ਪੁਤਲਾ, ਸ਼ਕਤੀ ਸਰੂਪ ਇੱਕ ਜੀ ਜੋ ਹਨ ਪ੍ਰਿਥਵੀ, ਜਲ, ਸੂਰਜ, ਆਕਾਸ਼, ਵਾਯੂ ਸਤਿਆ ਮੇਵ ਜਯਤੇ

'ਸੰਗਮ' (ਮਰਦ + ਏਥੇ 'ਮੈਂ' (ਮਰਦ), 'ਤੂੰ' (ਇਸਤਰੀ ਜਾਂ ਔਰਤ), 'ਉਹ' (ਕਰਤਾ ਪੁਰਖ ਕਰਤਾਰ), ਔਰਤ), 'ਮਰਦ' ਅਤੇ ਮਹਾਂ-ਪੁਰਖ' ਦੀ ਉਪਾਧੀ ਦੇ ਪਰਿ-ਚਾਲਕ ਸ਼ਬਦ ਹਨ। ਸਾਹਿਤ ਕੋਸ਼ ਦੇ ਅਨੁਸਾਰ, 'ਮਾਨਵਵਾਦ ਜਾਂ ਮਨੁੱਖ ਵਾਦ ਉਹ ਸਿਧਾਂਤ ਹੈ ਜਿਸ ਅਨੁਸਾਰ ਮਨੁੱਖ ਵਿੱਚ ਇਕ ਪਾਸੇ ਪਸ਼ੂਪਨ ਹੈ ਤੇ ਦੂਜੇ ਪਾਸੇ ਦੇਵਤਵ, ਪਰ ਦੋਹਾਂ ਦੇ ਵਿਸ਼ਕਾਰ ਸਤੁੰਲਿਤ ਅਵਸਥਾ ਮਨੁੱਖਪਨ ਜਾਂ ਆਦਮੀਅਤ ਹੈ। ਇਹ ਉਸਦੇ ਪਸ਼ੂ ਤੇ ਦੇਵਤੇ ਸੁਹਜਵਾਦ ਤਥਾ ਹਰ ਭਾਂਤ ਦੇ ਅਚਾਰ ਵਿਹਾਰ ਦਾ ਧੁਰਾ ਮੰਨਿਆ ਹੈ। ਉਪਰੋਕਤ ਅਨੁਸਾਰ ਦੀ ਵਿਚਕਾਰਲੀ ਦਸ਼ਾ ਹੈ ਤੇ ਮਾਨਵਵਾਦ ਨੇ ਇਸੇ ਨੂੰ ਹੀ ਨੈਤਿਕਤਾ, ਕਲਾਤਮਕਤਾ, ਪਹਿਲੀ ਅਤੇ ਦੂਸਰੀ ਅਵਸਥਾ ਮਨੁੱਖ ਨੂੰ ਅੰਧ-ਵਿਸ਼ਵਾਸੀ ਬਨਾਉਣ ਦੀ ਸਹਿ-ਭਾਗੀ ਬਣਦੀ ਹੈ। ਵਿਚਕਾਰਲੀ ਅਵਸਥਾ ਮਨੁੱਖ ਅੰਦਰ ਬਰਾਬਰਤਾ, ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਬਲ ਰੂਪ ਵਿਚ

ਵਿਕਸਿਤ ਕਰਨ ਦੀ ਪ੍ਰਵਿਰਤੀ ਮਨੁੱਖ ਅੰਦਰ ਸੰਚਾਰਿਤ ਕਰਦੀ ਹੈ। ਜਦੋਂ ਇਨ੍ਹਾਂ ਕਵਿਤਾਵਾਂ ਦੇ ਵਿਚਾਰ-ਧਾਰਕ ਤੱਤਾਂ ਨੂੰ ਸਮਝਣ ਦੀ ਕੋਸ਼ਿਬ ਪਾਠਕਜਨ ਕਰੇਗਾ ਤਾਂ ਉਹ ਮਹਿਸੂਸ ਕਰੇਗਾ ਕਿਉਂਕਿ ਮਾਨਵੀਕਰਣ (Personification)। ਜੋ ਮਾਨਵ, ਮਨੁੱਖ ਜਾਂ ਪੁਰਸ਼ ਨਾ ਹੋਵੇ ਉਸ ਵਿਚ ਮਾਨਵ ਜਾਂ ਪੁਰਸ਼ ਦੇ ਗੁਣ, ਕ੍ਰਿਆ ਆਦਿ ਨੂੰ ਵੇਖਣ ਤੇ ਪ੍ਰਗਟ ਕਰਨ ਦੀ ਪ੍ਰਕ੍ਰਿਆ ਨੂੰ ਮਾਨਵੀਕਰਣ, ਮਨੁੱਖੀਕਰਣ ਜਾਂ ਪੁਰਸ਼ੀਕਰਣ ਆਖਿਆ ਜਾਂਦਾ ਹੈ ਇਹ ਪ੍ਰਕ੍ਰਿਆ ਐਨੀਮਿਜ਼ਮ ਜਾਂ ਜੀਵਵਾਦ ਜਾਂ ਸਰਬ-ਆਤਮਵਾਦ, ਪੈਨਾਸਾਇਕਿਜ਼ਮ ਜਾਂ ਸਰਬਚੇਤਨ ਵਾਦ, ਐਂਥਰੋਪੋਮਾਰਫਿਜ਼ਮ ਜਾਂ ਮਾਨਵਤਾ-ਆਰੋਪਣ ਸਿਧਾਤਾਂ ਅਨੁਸਾਰ ਰੂਪ ਧਾਰਣ ਕਰਦੀ ਹੈ।' ਇਸ ਅਨੁਸਾਰ ਕਵੀ ਜਾਂ ਸਾਹਿਤਕਾਰ ਪ੍ਰਕਿਰਤੀ 'ਚ ਦ੍ਰਿਸ਼ਟਮਾਨ ਜੜ੍ਹ-ਵਸਤਾਂ ਦੇ ਗੁਣਾਂ ਅਤੇ ਕਿਰਿਆਵਾਂ ਨੂੰ ਵਾਚਦੇ ਹੋਏ ਉਨ੍ਹਾਂ ਦਾ ਮਾਨਵੀਕਰਣ ਕਰ ਦਿੰਦੇ ਹਨ। ਪੰਜਾਬੀ ਸਾਹਿਤ 'ਚ ਵਿਸ਼ੇਸ਼ ਤੌਰ 'ਤੇ ਸੂਫ਼ੀ-ਕਾਵਿ ਅਤੇ ਆਧੁਨਿਕ ਕਾਵਿ ਵਿੱਚ ਇਸਦੀਆਂ ਅਨੇਕਾਂ ਮਿਸਾਲਾਂ ਉਪਲੱਬਧ ਹੋ ਜਾਂਦੀਆਂ ਹਨ। ਇਸੇ ਸਿਧਾਂਤ ਦਾ ਅਨੁਸਰਣ ਕਰਦਿਆਂ ਡਾ. ਬਲਦੇਵ ਸਿੰਘ 'ਬੱਦਨ' ਆਪਣੀਆਂ ਕਾਵਿ-ਰਚਨਾਵਾਂ 'ਚ ਇਸ ਦਾ ਵਿਸ਼ੇਸ਼ ਉਲੇਖ ਕਰਦੇ ਜਾਪਦੇ ਹਨ। 'ਮੰਤਰ ਯੁੱਗ', 'ਤੰਤਰ ਯੁੱਗ' ਅਤੇ 'ਯੰਤਰ ਯੁੱਗ' ਦੀਆਂ ਸ਼ਾਬਦਿਕ ਧਾਰਨਾਵਾਂ ਰਾਮ, ਕ੍ਰਿਸ਼ਨ, ਬੁੱਧ ਵਰਗੇ ਅਵਤਾਰਾਂ ਦਾ ਰੂਪ ਧਾਰਦੇ ਹਨ। ਇਸੇ ਤਰ੍ਹਾਂ ਗੁਰੂ, ਪੀਰ, ਪੈਗੰਬਰ, ਯੋਧੇ, ਫ਼ਕੀਰ ਵੀ ਇਸੇ ਸ਼੍ਰੇਣੀ 'ਚ ਸ਼ਾਮਿਲ ਹੋ ਜਾਂਦੇ ਹਨ। ਪ੍ਰਕਿਰਤੀ ਦੇ ਅਨੇਕਾਂ ਰੂਪ : ਚੰਦ, ਸਿਤਾਰੇ, ਸੂਰਜ, ਦਰਿਆ, ਪਰਬਤ, ਵਣ-ਤ੍ਰਿਣ, ਪਸ਼ੂ-ਪੰਛੀ, ਜੰਗਲ-ਮੰਗਲ ਅਨੇਕਾਂ ਸ਼ਬਦ ਮਾਨਵੀਕਰਣ ਦੀਆਂ ਉਦਾਹਰਨਾਂ ਬਣ ਜਾਂਦੇ ਹਨ। 'ਮਾਇਆ' 'ਕਾਇਆ' ਦਾ ਰੂਪ ਧਾਰਨ ਕਰਦੀ ਸਥੂਲ ਵਸਤਾਂ 'ਚ ਵਟ ਜਾਂਦੀ ਹੈ। ਪਕਿਰਤੀ ਦਾ ਨਿਯਮ ਹੈ 'ਸਹਿਜ ਪੱਕੇ ਸੋ ਮੀਠਾ ਹੋਏ' ਦਾ ਅਨੁਸਰਣ ਕਰਦਿਆਂ ਮਨੁੱਖਸ੍ਰਿਸ਼ਟੀ-ਦ੍ਰਿਸ਼ਟੀ ਨੇ ਗਿਆਨ, ਵਿਗਿਆਨ ਦੀਆਂ ਲੱਭਤਾਂ ਨਾਲ ਮਨੁੱਖ-ਮਾਤਰ ਲਈ ਸੁੱਖ-ਸੁਵਿਧਾਵਾਂ ਜੁਟਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਹੇਠ ਲਿਖੀਆਂ ਸਤਰਾਂ ਬਹਿਮੰਡਕ ਪਸਾਰੇ 'ਚ ਮਾਨਵ ਦੀ ਭੂਮਿਕਾ ਦਾ ਵਧੇਰੇ ਵਿਸਥਾਰ ਕਰਦੀਆਂ ਹਨ :

ਗੁਰੂ ਪੀਰ ਪੈਗੰਬਰ, ਯੋਧੇ ਹਿੰਮਤ ਵਾਲੇ ਯੋਧੇ ਸਾਰੇ।
ਇਸ ਮੰਤਰ ਯੁੱਗ ਦੇ ਸਨ ਹੋਏ ਅਦਭੁੱਤ ਕੌਤਕ ਤਾਰੇ।
ਅੱਜ ਵੀ ਜਾਪਣ ਇਹ ਮੰਤਰ ਯੁੱਗ ਦੇ ਵਿਆਪਕ ਦ੍ਰਿਸ਼ ਕਰਤਾਰੇ।
ਹਰ ਕਾਲ ਵਿਚ ਹਰ ਕਿਸਮ ਦੇ ਵੱਡੇ ਤਾਰੇ ਹੁੰਦੇ ਰਹਿੰਦੇ ਕਾਰੇ।
ਪਰ ਮਾਨਵ ਦਾ ਇਹ ਸੰਸਾਰ ਕਦੇ ਨਾ ਘਟਿਆ ਪਰ ਵਧਿਆ।
ਸੰਸਾਰ ਪਸਾਰਾ ਹੋਇਆ, ਹਰ ਪੱਖ ਤੋਂ ਸਜਿਆ ਸਜਿਆ।
ਇਸ ਸੰਸਾਰ ਦੀ ਸ਼ੋਭਾ ਨਿਆਰੀ, ਕਦੇ ਧੁੱਪ ਕਦੇ ਪਰਛਾਵਾਂ ਹੋਵਣ।
ਇਸ ਸੰਸਾਰ ਵਿਚ ਕਿਧਰੇ ਚਾਨਣ ਹੈ, ਕਿਧਰੇ ਜੰਗਲ ਮੰਗਲ ਹੋਵਣ।

'ਮਾਨਵ' ਜਦੋਂ ਮਰਦ, ਇਸਤਰੀ ਅਤੇ ਉਹ ਦੀ ਸ਼ਾਬਦਿਕ ਬਣਿਆ ਤਾਂ ਦੋਵੇਂ ਇਕ ਦੂਜੇ ਦੇ ਪੂਰਕ ਬਣ ਗਏ :

ਰੱਬ ਨੇ ਬਣਾਈਆਂ ਜੋੜੀਆਂ, ਚੋਲ ਜਿਨ੍ਹਾਂ ਪੁੰਨ ਕੀਤੇ।
ਸਵੱਰਗ ਭੋਗਦੇ ਕਰਮਾਂ ਵਾਲੇ, ਜਿਨ੍ਹਾਂ ਪਾਟੇ ਹਨ ਸੀਤੇ।
ਇੰਜ ਟੁੱਟੀਆਂ ਦੋਸਤੀਆਂ, ਮੈਂ ਤੂੰ ਮੁੜ ਦਿਲ ਜਦ ਮੇਲੇ।
ਮੇਲ ਧੁਰਾਂ ਦੇ ਹੋਏ, ਮੁੜ ਮਿਲ ਜਾਣ ਦੋ ਸੁਹੇਲੇ।
ਮਰਦ ਔਰਤ ਦੀ ਅਦਭੁੱਤ ਸ਼ਕਤੀ, ਜਦ ਵਰ ਕੋਈ ਪਾਵੇ।
ਸਮਝੋ, ਉਹ ਭਾਗਾਂ ਵਾਲਾ, ਜਿਹੜਾ ਸਹਿਜ-ਸਹਿਜ ਫਲ ਪਾਵੇ।
ਸਹਿਜਮਈ ਦਾ ਜੀਵਨ ਹੋਏ, ਇਕ ਸੁਵੱਲਾ ਲਾਅਰਾ।
ਪ੍ਰਭਾਵਿਤ ਕਰਦਾ ਜਿਹੜਾ, ਹਰ ਇੱਕ ਲਈ ਉੱਤਮ ਵਰਤਾਰਾ।

'ਉਹ' ਦਾ ਦ੍ਰਿਸ਼ਟਮਾਨ ਸੰਸਾਰ ਪਹਿਲੀ ਅਵਸਥਾ ਭਾਵ ਪਸ਼ੂਤਵ ਜਾਂ ਜੀਵਵਾਦ ਸਰਬ-ਆਤਮਵਾਦ (ਐਨੀਮਿਜ਼ਮ) ਦੀ ਸਥਿਤੀ 'ਚ ਆਪਣੇ-ਆਪ ਕੁਦਰਤੀ ਨਿਆਮਤਾਂ ਦੀ ਵਰਤੋਂ ਸਿਰਫ਼ ਤੇ ਸਿਰਫ਼ ਭੋਗੀ ਰੂਪ ਵਿਚ ਕਰਦਾ ਹੈ ਤਾਂ ਉਸ ਦੇ ਸਿੱਟੇ ਸਮੁੱਚੀ ਮਾਨਵ-ਜਾਤੀ ਲਈ ਭਿਅੰਕਰ ਰੂਪ ਇਖ਼ਤਿਆਰ ਕਰ ਜਾਂਦੇ ਹਨ। 'ਮਾਇਆ' ਦੇ ਪ੍ਰਭਾਵ ਨਾਲ ਹੀ ਮਨੁੱਖ ਅੰਦਰ ਕਾਮ,

ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਪ੍ਰਵਿਰਤੀਆਂ ਉਤਪੰਨ ਹੁੰਦੀਆਂ ਹਨ। ਭਾਵੇਂ ਅਦਵੈਤ ਵਿਚ ਨਿਰਗੁਣ ਬ੍ਰਹਮ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਜਾਂ ਕਰਤਾਰ ਅਤੇ ਸੰਘਾਰਕ ਮੰਨਿਆ ਗਿਆ ਹੈ। ਮਾਇਆ ਦੇ ਪ੍ਰਭਾਵ ਅਧੀਨ ਇਹੀ ਬ੍ਰਹਮ ਪ੍ਰਪੰਚ ਦਾ ਰੂਪ ਜਦੋਂ ਧਾਰਨ ਕਰਦਾ ਹੈ, ਇਹ ਵੀ ਮਾਨਵ ਦਾ ਹੇਠਲੀ ਪੱਧਰ ਦਾ ਮਾਨਸਿਕ ਵਿਕਾਰ ਹੋ ਨਿਬੜਦਾ ਹੈ।'ਮਾਇਆ' ਸ਼ਬਦ ਦੇ ਅਨੇਕਾਂ ਸੰਕਲਪਕ ਅਰਥ ਹਨ : ਜਿਵੇਂ ਭਰਮ, ਸੰਸਾਰ ਦੀ ਕਾਰਣ ਸ਼ਕਤੀ ਆਦਿ ਦੇ ਨਾਲ-ਨਾਲ ਛਲਾਵਾ, ਛਲ, ਧੋਖਾ, ਕਪਟ, ਦੰਭ, ਠੱਗੀ ਹਨ। ਵੈਸ਼ਨਵ ਭਗਤੀ ਕਾਵਿ ਵਿੱਚ ਮਾਇਆ ਨੂੰ ਪੋਰਾਣਿਕ ਤੇ ਦਾਰਸ਼ਨਿਕ ਮਾਨਵਤਾ ਵੀ ਦਿੱਤੀ ਗਈ ਜਿਸ ਅਨੁਸਾਰ ਇਹ ਸ਼ਕਤੀ ਰੂਪ ਵਿੱਚ ਵੀ ਆਪਣੇ ਦਰਸ਼ਨ-ਦੀਦਾਰ ਕਰਵਾਉਂਦੀ ਹੈ।ਇਸ ਦੇ ਹੇਠ ਲਿਖੇ ਤਿੰਨ ਰੂਪ ਵੀ ਮੰਨੇ ਗਏ ਹਨ :

(ੳ) ਅੰਤਰੰਗ ਸ਼ਕਤੀ

(ਅ) ਬਹਿਰੰਗ ਸ਼ਕਤੀ

(ੲ) ਮੂਲ ਸ਼ਕਤੀ

ਅੰਤਰੰਗ ਸ਼ਕਤੀ ਮਾਇਆ ਦਾ ਉਹ ਰੂਪ ਹੈ ਜਿਸ ਦਾ ਅਨੁਭਵ ਸੰਤ ਜਨਾਂ, ਮਹਾਂ-ਪੁਰਖਾਂ ਨੂੰ ਹੁੰਦਾ ਹੈ। ਬਹਿਰੰਗ ਸ਼ਕਤੀ ਦਾ ਰੂਪ ਇਸ ਦੇ ਵਿਪਰੀਤ ਜਾਂ ਉਲਟ ਹੁੰਦਾ ਹੈ। ਸੰਸਾਰ ਜਾਂ ਪਾਖੰਡ (ਪ੍ਰਪੰਚ) ਇਸ ਦਾ ਮੂਲ ਸਿਧਾਂਤ ਮੰਨਿਆ ਗਿਆ। ਇਸੇ ਨੂੰ ਹੀ ਵਿਦਿਆ ਜਾਂ ਅਗਿਆਨ ਦੇ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ ਜਾਂ ਫਿਰ ਸਾਹਿਤਕ ਕਿਰਤ ਰਾਹੀਂ ਸਮਝਾਇਆ ਜਾ ਸਕਦਾ ਹੈ। ਇਸ ਦੇ ਅਗਾਂਹ ਵੀ ਵਿਦਵਾਨਾਂ ਦੁਆਰਾ ਦੋ ਭੇਦ ਮੰਨੇ ਗਏ ਹਨ :

(1) ਗੁਣ ਮਾਇਆ

(2) ਜੀਵ ਮਾਇਆ

ਗੁਣ ਮਾਇਆ ਸ੍ਰਿਸ਼ਟੀ ਦੇ ਸਮੁੱਚੇ ਕਾਰਜਾਂ ਜਾਂ ਪ੍ਰਬੰਧਾਂ ਲਈ ਜ਼ਿੰਮੇਵਾਰ ਹੈ ਜਦਕਿ ਜੀਵ-ਮਾਇਆ ਮਨੁੱਖ ਨੂੰ ਮੋਹ-ਮਾਇਆ ਦੇ ਜਾਲ ਵਿਚ ਫਸਾਉਣ ਦਾ ਕਾਰਜ ਕਰਦੀ ਹੈ।

ਇਸ ਅਨੁਸਾਰ 'ਗੋਪੀਆਂ' ਵੀ ਕ੍ਰਿਸ਼ਨ-ਕਾਵਿ ਅਨੁਸਾਰ ਮਾਇਆ ਦਾ ਰੂਪ ਮੰਨੀਆਂ ਗਈਆਂ ਹਨ। ਭਾਗਵਤ ਪੁਰਾਣ ਵਿਚ ਰਾਧਾ ਨੂੰ ਪੂਰਣ ਸ਼ਕਤੀ, ਮਹਾਂ-ਲੱਛਮੀ, ਚਿੱਤ-ਪ੍ਰਕਿਰਤੀ ਜਾਂ ਯੋਗ ਮਾਇਆ ਦੇ ਤੌਰ ਤੇ ਸੰਬੋਧਿਤ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਮ ਭਗਤੀ ਕਾਵਿ-ਪਰੰਪਰਾ ਵਿੱਚ 'ਸੀਤਾ' ਲੱਛਮੀ, ਸ੍ਰਿਸ਼ਟੀ ਦੀ ਮੂਲ ਪ੍ਰਕਿਰਤੀ, ਪ੍ਰਕਿਰਤੀ, ਯੋਗ ਮਾਇਆ ਜਾਂ ਧਰਮ ਸ਼ਕਤੀ, ਬ੍ਰਹਮ ਵਿੱਦਿਆ ਦੇ ਤੌਰ 'ਤੇ ਮਾਨਤਾ ਦਿੱਤੀ ਗਈ ਹੈ। ਦਰਅਸਲ 'ਉਹ' ਦੇ ਅਨੇਕਾਂ ਸਰੂਪਾਂ ਦੀ ਵਿਆਖਿਆ ਜਾਂ ਪ੍ਰਸੰਗਾਂ ਨੂੰ ਉਪਰੋਕਤ ਦ੍ਰਿਸ਼ਟੀ ਸੰਗ ਹੀ ਸਮਝਿਆ ਜਾ ਸਮਝਾਇਆ ਜਾ ਸਕਦਾ ਹੈ। ਅਦਵੈਤਵਾਦ ਦਾ ਗਹਿਰਾ ਪ੍ਰਭਾਵ, ਉਨ੍ਹਾਂ ਦੀਆਂ ਹੇਠਲੀਆਂ ਕਾਵਿ-ਸਤਰਾਂ ਰਾਹੀਂ ਮਹਿਸੂਸਿਆ ਜਾ ਸਕਦਾ ਹੈ। ਇਨ੍ਹਾਂ ਸਤਰਾਂ ਵਿੱਚ 'ਮਾਇਆ' ਦੇ ਤਿੰਨਾਂ ਹੀ ਰੂਪਾਂ ਦੀ ਝਲਕ ਦੇਖੀ ਜਾ ਸਕਦੀ ਹੈ :

ਉਹ ਦਾ ਸੰਸਾਰ ਅਦਭੁਤ ਜਦ ਕਰੇ ਬਗ਼ਾਵਤ ਤਾਂ ਧਰਤੀ ਹੋਵੇ ਬੰਜਰ।

ਕਿਧਰੇ ਹਲਚਲ, ਕਿਧਰੇ ਹੋਏ ਬਗ਼ਾਵਤ, ਖ਼ੂਨ ਵੀਟਦਾ ਹਨ ਮਨ ਅੰਦਰ।

ਇਹ ਜਗਤ ਤਮਾਸ਼ਾ, ਜਿਸ ਨੂੰ ਦੇਖਣ ਵਾਲਾ ਦੇਖੇ, ਜੋ ਪਰਮਾਤਮਾ।

ਕੋਈ ਹੀ ਜਾਣੇ ਇਸ ਰੱਬ ਦੇ ਭਾਣੇ, ਮੰਨੇ ਉਹ ਜੋ ਹੈ ਸਭ ਤੋਂ ਉੱਤਮ।

ਕੀ ਹੋਣਾ, ਕਦ ਹੋਣਾ, ਕਿਉਂ ਹੋਣਾ, ਕਿਸੇ ਵਿਅਕਤੀ ਦੇ ਵਿੱਤੋਂ ਬਾਹਰ।

ਸਰਬ ਕਲਾ, ਨਾ ਕੋਈ ਬੰਦਾ, ਪਰ ਪ੍ਰਭੂ ਤੋਂ ਪਿਆਰਾ, ਸਭ ਦੀ ਠਾਹਰ।

ਗੁਨਾਹਗਾਰ ਵੀ ਪ੍ਰਭੂ ਧਿਆਏ, ਅਭਿਮਾਨੀ ਮੁੜ ਪ੍ਰਭੂ ਦਰ ਆਵੇ।

ਖੋਟੇ ਸਿੱਕੇ ਪ੍ਰਭੂ ਦਰ ਆਵਣ, ਰਾਜਾ ਰਾਣੀ ਵੀ ਬਸ ਪ੍ਰਭੂ ਧਿਆਵੇ ॥

ਉਪਰੋਕਤ ਵਰਣਿਤ ਸਤਰਾਂ ਦੇ ਨਾਲ ਡਾ. ਸਾਹਿਬ ਦੇ ਕਾਵਿ-ਜਗਤ 'ਚ ਰਾਮ, ਕ੍ਰਿਸ਼ਨ, ਗੌਤਮ ਪਾਤਰਾਂ ਦਾ ਜ਼ਿਕਰ ਥਾਂ-ਪੁਰ-ਥਾਂ ਦੇਖਣ ਨੂੰ ਮਿਲਦਾ ਹੈ, ਉਥੇ ਕਬੀਰ, ਫ਼ਰੀਦ, ਬੁੱਲ੍ਹੇਸ਼ਾਹ ਦਾ ਜ਼ਿਕਰ ਵੀ ਆਉਂਦਾ ਹੈ। ਉਸ ਅਨੁਸਾਰ ਇਨ੍ਹਾਂ ਮਹਾਂ-ਪੁਰਖਾਂ ਦੀ ਨਜ਼ਰ 'ਚ ਇਕਾਈਆਂ 'ਚ ਵੰਡੇ ਹਿੰਦੂ, ਮੁਸਲਮਾਨ, ਈਸਾਈ, ਸਿੱਖ, ਯਹੂਦੀ, ਪਾਰਸੀ ਅਤੇ ਹੋਰ ਮਾਨਵੀ ਪ੍ਰਾਣੀ, ਉਸ ਇੱਕ ਦਾ ਪਾਸਾਰਾ ਹੋਣ ਕਰਕੇ ਭਾਈ-ਭਾਈ ਹਨ। ਇਸੇ ਲਈ ਮੰਦਰ, ਮਸਜਿਦ, ਗੁਰਦੁਆਰੇ, ਮਸੀਤ, ਗਿਰਜਾਘਰ

ਸਭ ਦੇ ਸਾਂਝੇ ਤੀਰਥ ਅਸਥਾਨ ਹਨ। ਪ੍ਰੰਤੂ ਵਕਤ ਦਾ ਹਾਕਮ, ਸਮੇਂ-ਸਮੇਂ ’ਤੇ ਇਨ੍ਹਾਂ ’ਚ ਪਈਆਂ ਮਹੀਨ ਲਕੀਰਾਂ (ਪੂਜਾ-ਅਰਚਨਾ ਪ੍ਰਬੰਧ) ਨੂੰ ਵੱਡਿਆਂ ਕਰਕੇ ਧਰਮ, ਜਾਤ, ਫਿਰਕਾ-ਪ੍ਰਸਤੀ ਦੀ ਖੇਡ ਖੇਡਦਿਆਂ ਮਾਨਵੀ ਸਾਝਾਂ ਨੂੰ ਜਿਥੇ ਤੋੜਨ ਦਾ ਯਤਨ ਕਰਦਾ ਹੈ, ਉਥੇ ਉਹ ਸਾਂਝੇ ਖ਼ੂਨ ਦੀਆਂ ਵੀ ਵੰਡੀਆਂ ਪਾਉਂਦਾ, ਨਿੱਜੀ-ਮੁਫ਼ਾਦ ਹਿੱਤ ਪ੍ਰਕਿਰਤਕ ਵਰਤਾਰਿਆਂ ਦੇ ਦਰਿਆਵਾਂ ਵਰਗੇ ਵੇਗ ਨੂੰ ਠੱਲ੍ਹਣ ਦੀ ਅਕਾਰਥ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾ ਡਾ. ਸਾਹਿਬ ਨੇ ‘ਪਿੱਸੂ’, ‘ਝੂਠੇ-ਸੱਚ’, ’ਰਾਜਾ’, ‘ਖਟਮਲ’, ‘ਵਰਤਮਾਨ ਰਾਜਾ’, ‘ਕੇਂਦਰ ਸਰਕਾਰ’ ਆਦਿ ਕਵਿਤਾਵਾਂ ਵਿੱਚ ਬਾ-ਖ਼ੂਬੀ ਕੀਤਾ ਹੈ। ਕੁਝ ਉਦਾਹਰਨਾਂ ਏਥੇ ਇਨ੍ਹਾਂ ਕਥਨਾਂ ਦੀ ਪੁਸ਼ਟੀ ਹਿੱਤ ਪਾਠਕਾਂ ਸਾਹਵੇਂ ਪ੍ਰਸਤੁੱਤ ਕਰ ਰਿਹਾ ਹਾਂ :

ਸ਼ਬਦਾਂ ਦੀ ਨਾ ਆਪਣੀ ਹੁੰਦੀ
ਨਾ ਕਾਇਆ, ਨਾ ਮਾਇਆ
ਹਰ ਤਨ-ਮਨ ਦੇ ਸ਼ਬਦ ਓਸ ਦੀ ਮਾਇਆ।
ਵਿਅਕਤੀ ਦੀ ਸ਼ਖ਼ਸੀਅਤ, ਉਸ ਦੇ ਕਾਲੇ ਗੋਰੇ ਅੱਖਰ ਸ਼ਬਦ ਓਸਦੇ ਸੰਗ ਚਲੇਂਦੇ ਬਣ ਕੇ ਉਸ ਦੀ ਛਾਇਆ।

(ਸ਼ਬਦ, ਪੰਨਾ 42)

ਉਹ ਪ੍ਰਕਿਰਤੀ ਦੇ ਮਿੱਤਰ ਨਾ ਹੀ ਨਾ ਹੀ ਸ਼ੁਭਚਿੰਤਕ ਉਸ ਦੇ ਜੋ ਪ੍ਰਕਿਰਤੀ ਦੀ ਝੋਲੀ ਅੰਦਰ, ਜ਼ਹਿਰ ਘੋਲਦੇ ਰਹਿੰਦੇ।
ਮਾਸੂਮ ਗੁਟਾਰਾਂ ਚਿੜੀਆਂ ਘੁੱਗੀਆਂ ਵਰਗੇ ਬੱਚਿਆਂ ਦੇ ਗਲ ਘੁੱਟਦੇ ਪ੍ਰਦੂਸ਼ਣ ਵੰਡਦੇ, ਅੱਖਾਂ ਮੀਟਣ, ਆਪਣੇ ਹੰਝੂ ਸਹਿੰਦੇ॥

(ਪ੍ਰਕਿਰਤੀ, ਪੰਨਾ 39)

ਸਮਝ ਨਾ ਆਵੇ
ਅਸੀਂ ਬੇਸਮਝੀ ਆਪਣੀ ਉਮਰ ਆਪੇ ਪੱਛੋਤਾਈਏ। ਆਪਣੇ ਮਹਿਕੀ ਰੁੱਤ ਦੇ ਸੁਪਨੇ ਲੈ ਲੈ, ਸਮਾਂ ਲੰਘਾਈਏ।30
ਆਪਣੀ ਮਸਤੀ ਨੂੰ ਸ਼ਕਤੀ ਦਾ ਅੰਮ੍ਰਿਤ ਪਿਲਵਾ ਕੇ ਆਪੇ ਚਾਨਣ ਦੀ ਗੁੜ੍ਹਤੀ ਲੈ ਕੇ, ਸੋਚਣ ਲੱਗੀਏ
ਕਿਉਂ ਇਹ ਪਿੱਸੂ ਸਾਡਾ ਖ਼ੂਨ ਚੂਸਦੇ? ਕਰਦੇ ਮੌਜ਼ਾਂ

‘ਸ਼ਬਨਮ ਅਤੇ ਅੱਗ’ ਕਵਿਤਾ ਦੀਆਂ ਇਹ ਸਤਰਾਂ ਵੀ ਮਾਇਆ ਦੇ ‘ਬਹਿਰੰਗ ਮਾਇਆ ਦੇ ਰੂਪ ਦਾ ਸੁੰਦਰ ਦ੍ਰਿਸ਼ ਸਿਰਜਦੀਆਂ ਹਨ :

ਇਸ ਦੁਨੀਆਂ ਵਿੱਚ ਨਫ਼ਰਤ ਦੇ ਭਾਂਬੜ
ਇਸ ਦੁਨੀਆਂ ਵਿੱਚ ਅੱਗ ਦੇ ਭਾਂਬੜ।
ਭੁੱਖ ਗਰੀਬੀ ਬੇਕਾਰੀ ਅਤੇ ਲਾਚਾਰੀ ਦੀ ਮਾਰੀ
ਕੀ ਖ਼ਲਕਤ ਕਰੇ ਵਿਚਾਰੀ
ਜਾਂ ਟੁੱਟੇ ਦਿਲ ਵਾਲੇ ਨਸ਼ੇ ਕਰੇਂਦੇ ਰਹਿੰਦੇ
ਜਿਹੜੇ ਐਂਵੇ ਹੀ ਤੁਰੇ ਫਿਰਦੇ ਹੋਣ।

ਡਾ. ਬਲਦੇਵ ਸਿੰਘ ‘ਬੱਦਨ’ ਮੁਨਸ਼ੀ ਪ੍ਰੇਮ ਚੰਦ, ਸਾਹਿਰ ਲੁਧਿਆਣਵੀ, ਖ਼ਲੀਲ ਜਿਬਰਾਨ, ਡਾ. ਬੀ. ਆਰ ਅੰਬੇਡਕਰ ਦੇ ਪ੍ਰਸ਼ੰਸਕ ਰਹੇ ਹਨ। ਇਸੇ ਲਈ ਉਨ੍ਹਾਂ ਨੇ ਇਨ੍ਹਾਂ ਨੂੰ ਅਕੀਦਤ ਵਜੋਂ ਕੁਝ ਕਵਿਤਾਵਾਂ ਸਮਰਪਿਤ ਕੀਤੀਆਂ ਹਨ। ਇਨ੍ਹਾਂ ਵਿਚੋ ਸਾਹਿਰ ਲੁਧਿਆਣਵੀ ਦੇ ਨਾਂ ਲਿਖੀ ਨਜ਼ਮ ਵੀ ਉਪਰੋਕਤ ਪ੍ਰਸੰਗ ਦੇ ਵੇਰਵਿਆਂ ਦੀ ਵਿਆਖਿਆ ਕਰਦੀ ਜਾਪਦੀ ਹੈ :

ਤੂੰ ਇਨਸਾਨੀ ਰਿਸ਼ਤਿਆਂ ਨੂੰ ਉਸ ਮੁਕਾਮ ਤੇ ਪਹੁੰਚਾਇਆ
ਜਿਥੇ ਮੁਕਾਬਲੇ ਤੇ
ਹੋਰ ਸਭ ਰਿਸ਼ਤੇ ਨੀਵੇਂ ਲੱਗਦੇ ਹਨ।
ਤੇਰੇ ਸਿਆਸਤ ਨੂੰ ਲੈ ਕੇ ਉਠਾਏ ਸਵਾਲ
ਅੱਜ ਵੀ ਉਸੇ ਤਰ੍ਹਾਂ ਜੀਵੰਤ ਹਨ।
ਤੇਰੇ ਗੀਤ ਦੂਜੇ ਗੀਤਕਾਰਾਂ ਲਈ ਚੁਣੌਤੀ ਬਣੇ
ਤੇਰੇ ਸ਼ਾਇਰੀ ’ਚ
ਉਨ੍ਹਾਂ ਲਫ਼ਜ਼ਾਂ ਦਾ ਪ੍ਰਯੋਗ ਹੋਇਆ
ਜੋ ਆਪਣੇ ਆਪ ’ਚ ਸੰਗੀਤ ਨਾਲ ਭਰੇ ਸਨ।
ਤੂੰ ਜਾਣਦੈ ਸੈਂ ਕਿ
ਨਫ਼ਰਤ ਦੀ ਉਮਰ ਬਹੁਤ ਛੋਟੀ ਹੁੰਦੀ ਹੈ
ਅਤੇ ਮੁਹੱਬਤ ਦੀ ਗੱਲ
ਆਉਣ ਵਾਲੀਆਂ ਨਸਲਾਂ ਕਰਦੀਆਂ ਹਨ।
ਤੂੰ ਸਾਨੂੰ ਜ਼ਿੰਦਗੀ ਦੇ ਹਰ ਰੰਗ ਨਾਲਸ੍ਰਿਸ਼ਟੀ-ਦ੍ਰਿਸ਼ਟੀ
ਰੂ-ਬ-ਰੂ ਕਰਵਾਇਆ।

‘ਮਾਇਆ’ ਦਾ ਇਕ ਰੂਪ ਛਲਾਵਾ ਜਾਂ ਧੋਖਾ ਹੈ। ਵਕਤ ਦਾ ਹਾਕਮ ਲੋਕ-ਤੰਤਰ ਦੇ ਨਾਂ ’ਤੇ ਨੇਤਾ ਬਣਕੇ, ਪ੍ਰਥਮ ਜਨਤਾ ਦਾ ਸੇਵਕ ਬਣਕੇ ਭੋਲੀ-ਭਾਲੀ ਜਨਤਾ ਨੂੰ ਭਰਮਾ ਕੇ, ਡੁਗਡੁਗੀ

ਵਜਾ, ਮਦਾਰੀ ਦੀ ਭੂਮਿਕਾ ਅਦਾ ਕਰਾ, ਬਾਂਦਰ ਖ਼ਲਕਤ ਨੂੰ ਜ਼ਮੂਰਿਆਂ ਵਾਂਗ ਆਪਣੇ ਇਸ਼ਾਰਿਆਂ 'ਤੇ ਨਚਾਉਂਦਾ ਹੈ। 'ਬੰਬੀਹਾ ਬੋਲ' ਲੋਕ-ਕਾਵਿ ਦੀ ਤਰਜ਼ 'ਤੇ 'ਬੱਦਨ' ਸਾਹਿਬ ਖ਼ੂਬ ਵਿਅੰਗਾਤਮਕ ਤੀਰਾਂ ਦੀ ਬੁਛਾੜ ਕਰ, ਦੰਭੀਆਂ ਦੀ ਖ਼ਸਲਤ ਨੂੰ ਨੰਗਿਆਂ ਕਰਦੇ ਹਨ :

ਬੰਬੀਹਾ ਬੋਲੇ

ਨੇਤਾ ਥੋਡੇ, ਅੰਦਰੋਂ ਹੋਰ ਤੇ ਬਾਹਰੋਂ ਹੋਰ, ਨਾ ਦੇਣ ਦਿਖਾਈ ਹੱਥ ਜੋੜਦੇ, ਨੇਤਾ ਬਣ ਮੁਸਕਰਾਉਂਦੇ ਇਕ ਨਾਟਕ ਦੇ ਪਾਤਰ ਵਾਕੁਰ ਕੁਬੇਰ ਬਣੇ ਹਨ, ਸ਼ੁਹਰਤ ਪਾ ਸਾਧੂ ਬਣਦੇ, ਨਾਟਕ ਦੇ ਪਾਤਰ ਵਾਕੁਰ ਅਭਿਨੈ ਕਰਦੇ ਨਾ ਡਰਦੇ,

ਕਦੇ ਹੱਸਦੇ, ਕਦੇ ਆਹਾਂ ਭਰਦੇ ॥

(ਬੰਬੀਹਾ ਬੋਲੇ, ਪੰਨਾ 56)

ਮਹਾਤਮਾ ਬੁੱਧ ਨੇ ਆਮ ਮਾਨਵ ਨੂੰ ਪ੍ਰਕਿਰਤਕ ਵਰਤਾਰੇ ਨਾਲ ਇਕ-ਮਿੱਕ ਹੋਣ ਦੀ ਸਿੱਖਿਆ ਦੇਂਦਿਆਂ ਕਿਹਾ ਸੀ ਕਿ ਇਸ ਸੰਸਾਰ ਵਿੱਚ ਮਨੁੱਖ ਲਈ ਦੁੱਖ ਬੜੇ ਹਨ, ਪਰ ਇਹ ਦੁੱਖ ਵੀ ਉਸਦੇ ਆਪਣੇ ਹੀ ਸਹੇੜੇ ਹੋਏ ਹਨ। ਅਗਿਆਨਤਾ ਵੱਸ ਮਨੁੱਖ ਆਪਣੇ ਅਸਲੇ ਨੂੰ ਵਿਸਾਰ ਸੋਚਦਾ-ਵਿਚਾਰਨਾ ਤੱਜ ਦਿੰਦਾ ਹੈ। ਇਸੇ ਲਈ ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਨਾਂ ਲਿਖੀ ਕਵਿਤਾ 'ਚ ਉਸ ਦੁਆਰਾ ਨਿਰਮਿਤ ਸੰਵਿਧਾਨ ਦੇ ਸੰਦਰਭ ਵਿੱਚ ਉਸ ਨੂੰ 'ਆਧੁਨਿਕ ਵਿਸ਼ਵ ਦਾ ਮਹਾਨ ਚਮਤਕਾਰ' ਦੱਸਦਾ ਹੈ। ਜਿਥੇ ਪਸ਼ੂਆਂ ਤੋਂ ਵੀ ਬਦਤਰ ਜ਼ਿੰਦਗੀ ਬਤੀਤ ਕਰਦੇ ਲੋਕਾਂ ਲਈ 'ਆਸ ਦੀ ਚਿਣਗ' ਜਗਾਈ ਗਈ ਸੀ। ਇਸ ਕਵਿਤਾ 'ਚ 'ਬਾਬਾ ਸਾਹਿਬ' ਨੂੰ 'ਬੁੱਧ' ਵਾਂਗ ਮਹਾਨ ਅਧਿਆਪਕ, ਰਾਜਨੀਤੀਵਾਨ, ਕੂਟਨੀਤੀਵਾਨ ਅਤੇ ਮਹਾਨ ਸਿੱਖਿਆਰਥੀ ਵਜੋਂ ਪੇਸ਼ ਕੀਤਾ ਹੈ, ਉਥੇ ਹੀ ਉਸਦੇ ਪਾਏ ਪੂਰਨਿਆਂ 'ਤੇ ਸਤਾਈ ਜਨਤਾ ਨੂੰ ਚਲਣ ਦੀ ਨਸੀਹਤ ਦਿੰਦਿਆਂ ਆਪਣੇ-ਆਪ ਦੀ ਪਹਿਚਾਨ ਕਰਨ ਲਈ ਕਿਹਾ ਹੈ ਤਾਂ ਜੋ ਸਦੀਆਂ-ਸਦੀਆਂ ਤੋਂ ਸ਼ੈਤਾਨਾਂ ਹੱਥੋਂ ਲਿਤਾੜਿਆ, ਮਿੱਧਿਆ ਮਨੁੱਖ ਆਪਣੇ ਪੈਰਾਂ 'ਤੇ ਖ਼ੁਦ ਖੜ੍ਹੇ ਹੋਣ ਦੀ ਹਿੰਮਤ ਕਰ ਸਕੇ:

ਤੂੰ ਮਨੁੱਖ ਨੂੰ ਆਪਣੀ ਹਸਤੀ ਤੋਂ ਜਾਣੂੰ ਕਰਵਾਇਆ

ਤੇ ਕਿਹਾ ਕਿਸ੍ਰਿਸ਼ਟੀ-ਦ੍ਰਿਸ਼ਟੀ

ਮਨੁੱਖ ਇਹ ਨਾ ਮੰਨੇ

ਕਿ ਉਹ ਕੁਝ ਵੀ ਨਹੀਂ ਅਤੇ ਐਵੇਂ ਹੀ ਤੁਰਿਆ ਫਿਰਦਾ ਹੈ।

ਮਨੁੱਖਤਾ ਦੀ ਪ੍ਰਤਿਸ਼ਠਾ ਦੇ ਪ੍ਰਤੀ ਤੇਰਾ ਪ੍ਰੇਮ ਲੋਕਤੰਤਰ ਨਿਸ਼ਠ ਬਿਰਤੀ ਦਾ ਪਰਚਾਇਕ ਤੂੰ ਨਵਭਾਰਤ ਦੇ ਸੰਵਿਧਾਨ ਦਾ ਪ੍ਰਧਾਨ ਸ਼ਿਲਪੀ ਤੇ ਮਾਨਵੀ ਸੁਤੰਤਰਤਾ ਦਾ ਹਮਾਇਤੀ ਮਹਾਮਾਨਵ ਜਿਸ ਦਾ ਜੀਵਨ ਮਹਾਂਨਦੀ ਵਾਂਗ ਲਗਾਤਾਰ ਵਗਦਾ।

ਡਾ. ਬਲਦੇਵ ਸਿੰਘ 'ਬੱਦਨ' ਦੀ ਸ਼ਾਇਰੀ ਦਾ ਸਫ਼ਰ ਰੂਹਾਨੀਅਤ ਤੋਂ ਸ਼ੁਰੂ ਹੋ ਕੇ ਰੁਮਾਨੀਅਤ ਥੀਂ ਗੁਜ਼ਰਦਾ ਅਜੋਕੇ ਸਮਾਜਕ, ਧਾਰਮਿਕ, ਆਰਥਿਕ, ਸਭਿਆਚਾਰਕ, ਰਾਜਨੀਤਕ ਅਤੇ ਵਿਰਾਸਤੀ ਸਰੋਕਾਰਾਂ ਨਾਲ ਵਿਵਹਾਰਕ ਪੱਧਰ 'ਤੇ ਵੀ ਸੰਬਾਦਕ, ਸੰਬੋਧਨੀ, ਮਨ-ਬਚਨੀ ਕਾਰਜਾਂ ਰਾਹੀਂ ਮਾਨਵੀ-ਚੇਤਨਾ ਦੇ ਵਿਭਿੰਨ ਪਾਸਾਰਾਂ ਦੀ ਨਿਸ਼ਾਨ-ਦੇਹੀ ਕਰਦਾ ਹੈ। ਇਹ ਕਾਰਜ ਵਿਵਹਾਰਕ ਪੱਧਰ 'ਤੇ 'ਮੈਂ', 'ਤੂੰ' ਅਤੇ 'ਉਹ' ਦੇ ਅਨੇਕਾਂ ਵੇਰਵਿਆਂ ਸਹਿਤ ਉਪਲੱਬਧ ਹਨ। ਮਾਨਵੀ ਸੁਭਾਅ ਦੀਆਂ ਅਨੇਕਾਂ ਵੰਨਗੀਆਂ ਦੇ ਰੂਪ ਵਿਚ ਜਦੋਂ ਇਨ੍ਹਾਂ ਪ੍ਰਸੰਗਕ ਵੇਰਵਿਆਂ ਨੂੰ ਵਾਚਦੇ ਜਾਂ ਸਮਝਦੇ ਹਾਂ ਤਾਂ ਮਾਨਵ-ਸੁਭਾਅ ਦੀਆਂ ਅਨੇਕਾਂ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ। ਮਸਲਨ : ਮਨੁੱਖ ਦਾ ਆਦਿ ਪ੍ਰਕਿਰਤੀ, ਮਨੁੱਖ ਦਾ ਪਾਲਣ-ਪੋਸਣ ਪ੍ਰਕਿਰਤੀ, ਮਨੁੱਖ ਦੀ ਖਾਧ-ਖੁਰਾਕ ਪ੍ਰਕਿਰਤੀ ਅਤੇ ਮਨੁੱਖ ਦਾ ਸੰਘਾਰ ਪ੍ਰਕਿਰਤੀ। ਇਹ ਸਾਰੇ ਵੇਰਵਿਆਂ ਨੂੰ ਜਾਨਣ ਲਈ 'ਸ੍ਰਿਸ਼ਟੀ-ਦ੍ਰਿਸ਼ਟੀ' ਕਾਵਿ-ਸੰਗ੍ਰਹਿ ਵਿੱਚ ਲੌਕਿਕ-ਕਾਵਿ ਦੇ ਦ੍ਰਿਸ਼ਟਾਂਤਾਂ ਅਤੇ ਲੋਕ-ਉਕਤੀਆਂ ਰਾਹੀਂ ਪੇਸ਼ ਕੀਤੇ ਗਏ ਹਨ। ਸ਼ੁਰੂਆਤ 'ਨਾਰੀ' ਕਵਿਤਾ ਵਿਚਲੀ ਜਨਮਦਾਤੀ ਸੁਰ ਨਾਲ ਕੀਤੀ ਜਾ ਸਕਦੀ ਹੈ। ਇਸ ਵਿਚ ਨਾਰੀ ਕਰਤਾਰੀ, ਦਿਲਦਾਰੀ, ਪਿਆਰੀ, ਅਦਭੁੱਤ ਸ਼ਕਤੀ ਮਾਇਆ ਦੇ ਗੁਣਾਂ ਦੀ ਧਾਰਨੀ ਤਾਂ ਹੈ ਹੀ, ਇਸ ਦੇ ਨਾਲ ਹੀ ਉਹ ਸ਼ਿਵਮ, ਸਤਿਅਮ ਅਤੇ ਸੁੰਦਰਮ ਦੀ ਤ੍ਰੈ-ਮੂਰਤੀ ਦਾ ਵੀ ਸੁਮੇਲ ਹੈ। ਪ੍ਰਕਿਰਤੀ ਜਾਂ ਸ੍ਰਿਸ਼ਟੀ ਦੀ ਜਨਮ-ਦਾਤੀ ਪਾਲਣਹਾਰ ਅਤੇ ਸੰਘਾਰਕ ਰੂਪ ਵਿਚ ਵੀ ਵਿਚਰਦੀ ਹੈ। ਪੈਦਾ ਕਰਨਾ ਉਸਦਾ ਉਮਦਾ ਗੁਣ ਹੈ ਪਰ ਇਹ ਸੰਭਵ ਤਾਂ ਹੀ ਹੈ ਜੇ ਉਸਦਾ ਸੁਮੇਲ 'ਮੈਂ' ਨਾਲ ਹੈ। ਇਹ ਸਮਾਜਕ

ਰਿਸ਼ਤਿਆਂ ਜਾਂ ਪ੍ਰਕਿਰਤਕ ਰਿਸ਼ਤਿਆਂ ਦੀ ਬੁਨਿਆਦ ਦਾ ਬਹੁ-ਪਤਾ ਵੀ ਹੈ। ਮਾਇਆ ਦਾ ਇਹ ਰੰਗ ਵੀ ਅਜੀਬ ਮਹਿਕ ਦਾ ਧਾਰਨੀ ਹੈ।ਕੁਝ ਸਤਰਾਂ ਦੇਖੋ :

ਦੋ ਅੰਗ ਜੁੜਦੇ, ਮੁਸਕਾਂਦੇ, ਮਹਿਕਾਂਦੇਸ੍ਰਿਸ਼ਟੀ-ਦ੍ਰਿਸ਼ਟੀ

ਪ੍ਰਤਾਪੀ ਫੁੱਲ ਉਪਜੇ ਜਗਤ ਮੁਸਕਾਵੇ ਜਦ ਪਰਿਵਾਰ ਵਸੇਂਦਾ ਮਹਿਕੇ।

ਮਨ ਮਿਲ ਮਿਲਦੇ, ਤਨ ਖਿਲਦੇ ਪਰਿਵਾਰ ਵਸੇਂਦੇ ਰਹਿੰਦੇ ਇਹ ਜਗਤ ਦੀ ਕਾਇਆ ਮਾਇਆ ਟਹਿਕੇ। ਤੂੰ ਪਿਆਰੀ ਫੁੱਲਵਾੜੀ ਮਹਿਕ-ਮਹਿਕ ਕੇ ਮਹਿਕਾਂ ਵੰਡੇ ਇਸ ਧਰਤੀ ਨੂੰ, ਤੈਂ ਭਾਗ ਲਗਾਏ ਆਪੇ। ਨਫ਼ਰਤ ਛੱਡੀ, ਮਮਤਾ ਵੰਡੀ, ਥਲ, ਜਲ ਕੀਤਾ ਸੁੰਞੇ ਬਾਗ਼ ਮਹਿਕਾਏ ਕੋਮਲ ਫੁੱਲ ਉਗਾਏ ਫਿਰ ਧਰਤ ਸੁਹਾਵੀ ਜਾਪੇ।

ਚੋ-ਅੰਗੀ ਕਾਵਿ ਵਿਚ ਸਮਾਜਕ/ਰਾਜਨੀਤਕ ਪ੍ਰਬੰਧ ਦੇ ਵਿਗਾੜ ਦਾ ਦ੍ਰਿਸ਼ਟਾਂਤ :

ਅੰਬਰ ਗੰਧਲਾ ਹੋਇਆ ਸਾਗਰ ਹੈ ਬਿਮਾਰ ਕੁਦਰਤ ਰੁਦਨ ਕਰੇ ਸਮਝ ਨਾ ਆਏ ਕਿਸੇ ਲੌਕਿਕ ਜਾਂ ਲੋਕ-ਭਾਖਿਆ ਦੇ ਸੰਕੇਤ :

ਜਿਹੜੇ ਕਹਿੰਦੇ ਸੀ, ਲੜਾਂਗੇ ਨਾਲ ਤੇਰੇ ਛੱਡ ਕੇ ਮੈਦਾਨ ਭੱਜ ਗਏ ਮੈਂ ਕੱਤਾਂ ਵੇ ਦੁੱਖਾਂ ਦੀਆਂ ਪੂਣੀਆਂ ਜਦ ਫ਼ਸਲਾਂ ਨੂੰ ਟਿੱਡੀ ਖਾ ਗਈ।

* ਉੱਚੀਆਂ ਹਵੇਲੀਆਂ ਵਾਲੇ ਤਾਂ ਪ੍ਰਦੇਸ ਗਏ ਪਿੱਛੇ ਛੱਡ ਕੇ ਮਾਵਾਂ ਠੰਡੀਆਂ ਛਾਵਾਂ। ਜਾਂ ਪਿਓ ਆਪਣੇ ਜਿਨ੍ਹਾਂ ਦਾ ਨਾ ਪਰਛਾਵਾਂ।

**ਅਜੋਕੀ ਤਰਸਯੋਗ ਅਵਸਥਾ/ਵਿਵਸਥਾ :**

ਨਸ਼ਿਆਂ ਨੇ ਘਰ ਪੱਟ 'ਤੇ ਹਰ ਘਰ ਸੋਗ ਪੈ ਗਿਆ ਨਹੀਂ ਲੱਗਦੇ ਕਬੱਡੀ ਦੇ ਮੇਲੇ ਗੱਭਰੂ ਨਾ ਮਿਲੇ ਲੱਭਿਆਂ।

(ਚੌ-ਅੰਗੀ ਕਾਵਿ, ਪੰਨਾ 173)

ਅੰਦਰੂਨੀ/ਮਾਇਆ, ਕਾਇਆ, ਛਾਇਆ ਦੇ ਹੇਰ-ਫੇਰ 'ਚ ਗਿਆਨ-ਵਿਹੂਣੀ ਖ਼ਲਕਤ ਭਟਕਣਾ 'ਚ ਭਟਕਦੀ ਹੈ। ਅਗਿਆਨਤਾ-ਅਧਿਆਨਤਾ ਦੀ ਸੀਮਾ 'ਚ ਬੱਝੇ ਮਾਨਵ-ਪ੍ਰਾਣੀ ਆਤਮਕ ਤੌਰ 'ਤੇ ਆਪਣੇ-ਆਪ ਨਾਲੋਂ ਹੀ ਵਿਛੁੰਨੇ ਹੋਏ ਜਾਪਦੇ ਹਨ। ਭਾਵ ਇਹ ਕਿ ਇਹ ਅਲਾਮਤਾਂ ਖਪਤਕਾਰੀ ਯੁੱਗ ਦੀ ਪ੍ਰਧਾਨਤਾ ਸਦਕਾ ਖ਼ਾਹਸ਼ਾਂ/ਵਲਵਲਿਆਂ, ਉਮੰਗਾ-ਤਰੰਗਾਂ ਦੀ ਡੋਰੀ ਨਾਲ ਬੱਝੀਆਂ ਹੋਣ ਸਦਕਾ ਹੀ ਮਾਨਵੀ ਸੋਚ ਨੂੰ ਕਰਾਹੇ ਪਾ ਰਹੀਆਂ ਹਨ।'ਮਰਦ'

ਤੋਂ 'ਮਹਾਂ-ਪੁਰਸ਼' ਦੇ ਅਨੰਤ ਸਫ਼ਰ ਦੀਆਂ ਬਾਤਾਂ ਦਾ 'ਬੱਦਨ' ਸਾਹਿਬ ਅਲੌਕਿਕ ਦ੍ਰਿਸ਼/ਮੰਜ਼ਰ ਸਿਰਜਦੇ ਹਨ। ਕੁਝ ਰੰਗ ਪੇਸ਼ ਹਨ :

ਪੁਰਸ਼ ਅਨੂਠੇ ਸਭ ਦੇ ਹੋ ਕੇ,
ਏਕਤਾ ਦਾ ਸਦਾ ਪਾਠ ਪੜ੍ਹਾਉਂਦੇ।
ਉੱਚੀ-ਸੁੱਚੀ ਸਿੱਖਿਆ ਦੇ ਕੇ,
ਹਰ ਪ੍ਰਾਣੀ ਨੂੰ ਉਹ ਸੁੱਚ ਪਾਠ ਸਿਖਾਉਂਦੇ।
ਰੋਗਾਂ, ਭੋਗਾਂ, ਦੁੱਖਾਂ ਦੇ ਉਹ ਦਾਰੂ ਦੱਸਦੇ,
ਉੱਦਮ ਵੰਡਣ ਆਪੇ।
ਕਹਿਣ ਭਲੇ ਦੀਆਂ ਬਾਤਾਂ ਸਭਨਾਂ,
ਉਹ ਹਰ ਪਾਸੇ ਸਰਬ ਵਿਆਪੇ॥
ਮਹਾਂ-ਪੁਰਸ਼ ਉਹ ਕਰਤਾਰੀ ਬੰਦੇ,
ਜਿਨ੍ਹਾਂ ਅੰਦਰ ਅਮਨ ਸਦੀਵੀ ਭਾਵੇ।
ਮਹਾਂ-ਪੁਰਸ਼ ਲਈ ਇਹ ਜਗਤ ਪਿਆਰਾ,
ਜੋ ਸਚਿਆਰਾ ਆਵੇ॥

'ਸ੍ਰਿਸ਼ਟੀ-ਦ੍ਰਿਸ਼ਟੀ' ਰਚਿਤ ਡਾ. ਬਲਦੇਵ ਸਿੰਘ 'ਬੱਦਨ' ਕਾਵਿ-ਸੰਗ੍ਰਹਿ 'ਚ ਅਨੇਕਾਂ ਰੰਗ ਹਨ ਜਿਨ੍ਹਾਂ ਨੂੰ ਫੜ੍ਹਨਾ ਮੇਰੇ ਵੱਸ ਦੀ ਗੱਲ ਨਹੀਂ ਹੈ। ਮੈਂ ਇਸ ਪ੍ਰਕਿਰਤੀ 'ਚ ਵਾਪਰਦੇ, ਫੈਲਦੇ, ਸੁੰਗੜਦੇ, ਮੁੜ ਫੈਲਦੇ ਇੱਕ ਝਲਕਾਰੇ ਨੂੰ ਪਾਠਕਾਂ ਦੀ ਨਜ਼ਰੀਂ ਕਰਨ ਦਾ ਸੁਭਾਗ ਪ੍ਰਾਪਤ ਕਰ ਰਿਹਾ ਹਾਂ। ਸ਼ਾਲਾ। 'ਬੱਦਨ' ਸਾਹਿਬ ਇਉਂ ਹੀ ਸ਼ਬਦਾਂ ਦੀ ਕਰਾਮਾਤੀ ਸ਼ਕਤੀ ਰਾਹੀਂ ਪਾਠਕਾਂ ਸੰਗ ਵਿਚਰਦੇ ਰਹਿਣ। ਇਨ੍ਹਾਂ ਸ਼ਬਦਾਂ ਨਾਲ ਇਹ ਕਾਵਿ-ਸੰਗ੍ਰਹਿ ਪੰਜਾਬੀ ਕਾਵਿ-ਪਾਠਕਾਂ ਦੀ ਝੋਲੀ ਪਾ ਰਿਹਾ ਹਾਂ।ਆਮੀਨ।

ਪ੍ਰਭਦੀਪ ਆਸ਼ਿਆਨਾ
ਏਕਤਾ ਇਨਕਲੇਵ, ਵਿਰਕਾਂ ਰੋਡ,
ਫਗਵਾੜਾ-144632
ਜਿਲ੍ਹਾ : ਕਪੂਰਥਲਾ (ਪੰਜਾਬ)

# ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਦੀਆਂ ਸਾਹਿਤਕ ਰਚਨਾਵਾਂ ਅਤੇ ਸ਼ੈਲੀ ਵਿਚ ਦਿਲਚਸਪ ਖ਼ੂਬੀਆਂ

-ਡਾ. ਮਨੋਜ ਦੱਤਾ

ਜੇਕਰ ਕੋਈ ਲੇਖਕ ਦੁਨੀਆਂ ਦੇ ਹਨੇਰੇ ਅਤੇ ਨਿਰਾਸ਼ਾਜਨਕ ਪਹਿਲੂਆਂ ਵਿੱਚ ਰਚਨਾਤਮਕ ਇੱਛਾਵਾਂ ਲੱਭਦਾ ਹੈ, ਜੇਕਰ ਕੋਈ ਲੇਖਕ ਆਪਣੇ ਪਾਠਕਾਂ ਨੂੰ ਘੁਮਾਵਦਾਰ ਵਾਕਾਂ ਨਾਲ, ਬਿਨਾਂ ਕਿਸੇ ਵਿਰਾਮ ਚਿੰਨ੍ਹ ਅਤੇ ਵਸਤੂਆਂ, ਯਾਤਰਾ, ਪਾਤਰਾਂ ਦੇ ਸੂਖਮ ਵਰਣਨਾਂ ਦੇ ਨਾਲ ਮੋਹਿਤ ਕਰਦਾ ਹੈ, ਨੈਤਿਕ ਪਤਨ, ਸੰਸਥਾਗਤ ਪਤਨ, ਆਤਮਿਕ ਭਟਕਾਅ, ਇਤਿਹਾਸ ਨਾਲ ਟੱਕਰ, ਸਮਾਜ ਦਾ ਵਿਘਟਨ, ਯਾਦਦਾਸ਼ਤ ਦਾ ਘਾਟਾ, ਅਤੇ ਆਸ ਦੀ ਧੁੰਦਲੀ ਕਿਰਨ , ਬਾਰ-ਬਾਰ ਆਉਣ ਵਾਲੇ ਸਰਬਨਾਸ਼ਕਾਰੀ ਵਿਸ਼ਿਆਂ ਦੀ ਖੋਜ ਕਰਦਾ ਹੈ; ਤਾਂ ਉਹ ਕੋਈ ਹੋਰ ਨਹੀਂ ਬਲਕਿ ਹੰਗੇਰੀ ਦੇ ਨਾਵਲਕਾਰ ਲਾਸਜ਼ਲੋ ਕਾਜ਼ਨਾਹੋਰਕਾਈ ਹੀ ਹੋਣਗੇ। ਉਨ੍ਹਾਂ ਦੀਆਂ ਰਚਨਾਵਾਂ ਇੰਨੀਆਂ ਮਨੋਰੰਜਕ ਹਨ ਕਿ ਉਨ੍ਹਾਂ ਦਾ 42 ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ।

ਉਨ੍ਹਾਂ ਦੇ ਵਿਸ਼ੇ ਭਾਵੇਂ ਗੰਭੀਰ ਲੱਗਣ, ਪਰ ਉਨ੍ਹਾਂ ਦੇ ਵਾਕਾਂ ਵਾਂਗ ਉਨ੍ਹਾਂ ਦੀ ਆਤਮਾ ਵੀ ਮੁਕਤ ਅਤੇ ਸਖ਼ਤ ਹੈ। ਉਹ ਆਪਣੀਆਂ ਰਚਨਾਵਾਂ ਨੂੰ ਲੈ ਕੇ ਗੁਪਤ ਰਹਿੰਦੇ ਹਨ, ਫਿਰ ਵੀ ਆਪਣੀਆਂ ਰਚਨਾਵਾਂ ਨੂੰ ਇੰਨਾ ਜੀਵੰਤ ਅਤੇ ਦਿਲਚਸਪ ਬਣਾਉਂਦੇ ਹਨ ਕਿ ਰੀਲਾਂ ਅਤੇ ਟਵੀਟਾਂ ਦੇ ਇਸ ਯੁੱਗ ਵਿੱਚ, ਉਨ੍ਹਾਂ ਦੀਆਂ ਰਚਨਾਵਾਂ ਇੱਕ ਸਿਖਿਆਰਥੀ ਅਤੇ ਇੱਕ ਉਤਸੁਕ ਪਾਠਕ ਦੋਵਾਂ ਨੂੰ ਬਰਾਬਰ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀਆਂ ਹਨ। ਹੰਗੇਰੀਅਨ ਭਾਸ਼ਾ ਦੀ ਡੂੰਘੀ ਸਮਝ, ਉਸ ਦੀ ਪਰਿਵਰਤਨਸ਼ੀਲਤਾ ਅਤੇ ਅਰਥਾਂ ਦੇ ਵਿਆਪਕ ਪ੍ਰਗਟਾਵੇ ਦੀ ਸਮਰੱਥਾ ਦੇ ਕਾਰਨ ਉਨ੍ਹਾਂ ਦੇ ਨਾਮ ਕਈ ਸਾਹਿਤਕ ਉਪਲੱਬਧੀਆਂ ਦਰਜ ਹਨ, ਅਤੇ ਇਹੀ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਨੂੰ ਵਿਲੱਖਣ ਬਣਾਉਂਦਾ ਹੈ ਅਤੇ ਉਨ੍ਹਾਂ ਨੂੰ 2015 ਵਿੱਚ ਮੈਨ ਬੁਕਰ ਪੁਰਸਕਾਰ ਅਤੇ ਇਸ ਸਾਲ ਸਾਹਿਤ ਲਈ ਨੋਬਲ ਪੁਰਸਕਾਰ ਵਰਗੇ ਸ਼ਲਾਗਾਯੋਗ ਸਾਹਿਤਕ ਸਨਮਾਨ ਪ੍ਰਾਪਤ ਕਰਵਾਉਂਦਾ ਹੈ।

ਅੱਜ ਦੁਨੀਆਂ ਉਨ੍ਹਾਂ ਨੂੰ ਜਾਣਦੀ ਹੈ, ਪਰ ਉਨ੍ਹਾਂ ਲਈ ਇਹ ਬਹੁਪ੍ਰਤੀਕਸ਼ਤ ਅਲੰਕਰਨ ਪੂਰੀ ਤਰ੍ਹਾਂ ਹੈਰਾਨੀਜਨਕ ਸਨ, ਜਿਵੇਂ ਕਿ ਉਨ੍ਹਾਂ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ—'ਮੈਂ ਇਸ 'ਤੇ ਕਦੇ ਭਰੋਸਾ ਨਹੀਂ ਕਰਦਾ।' ਇਸ ਤੋਂ ਇਲਾਵਾ, ਸੈਮੂਅਲ ਬੇਕਿਟ ਵਾਂਗ, ਉਹ ਆਪਣੀ ਸਾਹਿਤਕ ਯਾਤਰਾ ਵਿੱਚ ਇਸ ਪੜਾਅ ਨੂੰ ਇੱਕ 'ਵਿਪੱਤੀ' ਮੰਨਦੇ ਸਨ। ਪਰ ਉਨ੍ਹਾਂ ਲਈ ਉਨ੍ਹਾਂ ਦੀਆਂ ਰਚਨਾਵਾਂ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਪੁਰਸਕਾਰ ਹਨ। ਉਹ ਆਪਣੀ ਕਲਪਨਾ ਦੇ ਰੰਗਾਂ ਨਾਲ ਗੁਪਤ ਰੂਪ ਵਿੱਚ ਆਪਣੀਆਂ ਰਚਨਾਵਾਂ ਰਚਦੇ ਹਨ, ਪਰ ਉਨ੍ਹਾਂ ਦੇ ਮਿੱਤਰ, ਪਾਠਕ ਅਤੇ ਪ੍ਰਸ਼ੰਸਕ ਉਨ੍ਹਾਂ ਦੇ ਸਾਹਿਤਕ ਯਤਨਾਂ ਦਾ ਫਲ ਤਦ ਜਾਣਦੇ ਹਨ ਜਦੋਂ ਉਹ ਉਨ੍ਹਾਂ ਦੇ ਹੱਥਾਂ ਵਿੱਚ ਸਮਾ ਜਾਂਦਾ ਹੈ।

ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ, ਕੋਈ ਵੀ ਕਾਫਕਾ, ਫਿਓਦੋਰ ਦੋਸਤੋਵਸਕੀ ਦੀ ਰਚਨਾਤਮਕ ਤੇਜ਼ੀ ਅਤੇ ਸਰ ਵੀ.ਐਸ. ਨਾਇਪੌਲ ਦੀ ਸਰਬਨਾਸ਼ਕਾਰੀ ਭਾਵਨਾ ਦਾ ਅਨੁਭਵ ਕਰ ਸਕਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਵੀ ਸਮਾਜ ਦੇ ਨੈਤਿਕ ਅਤੇ ਆਤਮਿਕ ਪਤਨ ਅਤੇ ਅਧੂਰੀ ਸੰਤੁਸ਼ਟੀ ਦੀ ਸਦੀਵੀ ਖੋਜ ਨੂੰ ਉਜਾਗਰ ਕਰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਵੀ ਖ਼ੁਸ਼ੀ ਦੇ ਉਤਸਾਹ ਦਾ ਸੁਭਾਅ ਜਾਪਦਾ ਹੈ ਅਤੇ ਉਨ੍ਹਾਂ ਦੇ ਵਾਕ ਇੱਕ ਬਹੁਧੁਨੀ ਕਥਾਨਕ ਵਾਂਗ ਇੱਕ-ਦੂਜੇ ਤੋਂ ਨਿਕਲਦੇ ਹਨ।

ਇਸ ਸਾਹਿਤਕ ਪ੍ਰਤਿਭਾ ਦਾ ਜਨਮ 1954 ਵਿੱਚ ਦੱਖਣ-ਪੂਰਬੀ ਹੰਗਰੀ ਦੇ ਛੋਟੇ ਜਿਹੇ ਕਸਬੇ ਗਯੁਲਾ ਵਿੱਚ, ਰੋਮਾਨੀਆਈ ਸਰਹੱਦ ਦੇ ਨੇੜੇ ਹੋਇਆ ਸੀ। ਆਪਣੇ ਪਹਿਲੇ ਪ੍ਰਕਾਸ਼ਿਤ ਨਾਵਲ, "ਸਟੈਂਨਟੈਂਗੋ" (1985) ਵਿੱਚ ਉਨ੍ਹਾਂ ਨੇ ਪਾਤਰਾਂ ਲਈ ਜੋ ਜਗ੍ਹਾ ਬਣਾਈ, ਉਸ ਨੇ ਉਨ੍ਹਾਂ ਦੀ ਸਾਹਿਤਕ ਯਾਤਰਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਇਹ ਨਾਵਲ ਇਸ ਪ੍ਰਸਿੱਧ ਦ੍ਰਿਸ਼ਟੀਕੋਣ 'ਤੇ ਅਧਾਰਿਤ ਹੈ: "ਜੇਕਰ ਤੁਸੀਂ ਕਿਸੇ ਸਕਾਰਾਤਮਕ ਚੀਜ਼ ਦੇ ਵਾਪਰਨ ਦੀ ਉਡੀਕ ਕਰਦੇ ਹੋ, ਤਾਂ ਤੁਸੀਂ ਅਸਲ ਵਿੱਚ ਉਸ ਤੋਂ ਵਾਂਝੇ ਰਹਿ ਜਾਂਦੇ ਹੋ।" ਜਿਵੇਂ ਕਿ ਇਸ ਪਹਿਲੇ ਨਾਵਲ ਵਿੱਚ ਕਾਫਕਾ ਦਾ ਮੁੱਢਲਾ ਆਦਰਸ਼ ਵਾਕ ਉਜਾਗਰ ਕਰਦਾ ਹੈ : "ਅਜਿਹੀ ਸਥਿਤੀ ਵਿੱਚ, ਮੈਂ ਉਸ ਚੀਜ਼ ਦੀ ਉਡੀਕ ਕਰਕੇ ਉਸ ਨੂੰ ਗੁਆ ਦੇਵਾਂਗਾ।" ਇਹ ਨਾਵਲ ਇੰਨਾ ਮਸ਼ਹੂਰ ਹੋਇਆ ਕਿ ਉਨ੍ਹਾਂ ਦੀ ਮਿੱਤਰ ਬੇਲਾ ਤਾਰ ਨੇ "ਸਟੈਂਨਟੈਂਗੋ" 'ਤੇ ਸੱਤ ਘੰਟੇ ਦੀ

ਇੱਕ ਫ਼ਿਲਮ ਬਣਾਈ, ਜਿਸ ਨੂੰ ਸਿਨੇਮਾਈ ਸ਼ੋਕ-ਗੀਤ ਕਹਿਣਾ ਗ਼ਲਤ ਨਹੀਂ ਹੋਵੇਗਾ। ਇਸ ਫ਼ਿਲਮ ਨੇ ਉਨ੍ਹਾਂ ਦੋਵਾਂ ਨੂੰ "ਵਿਨਾਸ਼ ਦੇ ਪੈਗ਼ੰਬਰ" ਦੇ ਰੂਪ ਵਿੱਚ ਪ੍ਰਸਿੱਧ ਕਰ ਦਿੱਤਾ। ਕਿਉਂਕਿ ਉਨ੍ਹਾਂ ਨੇ ਦੁੱਖਾਂ ਦਾ ਜ਼ਿਆਦਾ ਚਿੱਤਰਣ ਕੀਤਾ ਹੈ ਅਤੇ ਦੁਨੀਆਂ ਦੇ ਉਜਲ ਪੱਖ ਨੂੰ ਸਾਹਮਣੇ ਨਹੀਂ ਲਿਆਏ, ਜੋ ਉਹਨਾਂ ਦੇ ਨਜ਼ਰੀਏ ਵਿੱਚ ਪੂਰੀ ਤਰ੍ਹਾਂ ਗੁਆਚ ਚੁੱਕਾ ਹੈ।

ਉਨ੍ਹਾਂ ਦੀਆਂ ਹੋਰ ਰਚਨਾਵਾਂ ਮੁੱਖ ਰੂਪ ਵਿੱਚ ਇੱਕ ਹੀ ਵਿਸ਼ੇ 'ਤੇ ਕੇਂਦਰਿਤ ਹਨ: ਸਰਬਨਾਸ਼ ਅਤੇ ਸੰਭਾਵਨਾ ਦੇ ਵਿਚਕਾਰ ਤਣਾਅ। ਉਨ੍ਹਾਂ ਦੇ ਨਾਵਲ ਪੁਰਾਣੀਆਂ ਮਾਨਤਾਵਾਂ ਅਤੇ ਤਰਕਹੀਣ ਪਰਿਵਰਤਨ ਪ੍ਰਤੀ ਮਨੁੱਖੀ ਪ੍ਰਤੀਰੋਧ ਤੋਂ ਗੁੰਝਲਦਾਰ ਰੂਪ ਵਿੱਚ ਬੁਣੇ ਗਏ ਹਨ : 'ਦ ਮੇਲਾਨਕੋਲੀ ਆਫ ਰਜਿਸਟੈਂਸ' (1989) ਵਿੱਚ ਉਨ੍ਹਾਂ ਨੇ ਹਿੰਸਕ ਅਤੇ ਬਰਬਰਤਾਪੂਰਨ ਕ੍ਰਿਆਵਾਂ ਦੇ ਮਾਧਿਅਮ ਨਾਲ ਵਿਵਸਥਾ ਅਤੇ ਅਵਿਵਸਥਾ ਦੇ ਵਿਚਕਾਰ ਸੰਘਰਸ਼ ਨੂੰ ਦਰਸਾਇਆ ਹੈ। ਵਾਰ ਐਂਡ ਵਾਰ (1999) ਵਿੱਚ, ਕੇਂਦਰੀ ਪਾਤਰ ਗਿਓਰਗੀ ਕੋਰਿਨ, ਇੱਕ ਪੁਰਾਲੇਖਵਿਦ, ਯੋਧਿਆਂ ਦੀ ਵਾਪਸੀ ਬਾਰੇ ਇੱਕ ਖਾਸ ਹੱਥ-ਲਿਖਤ ਨੂੰ ਬਚਾਉਣ ਲਈ ਸੰਘਰਸ਼ ਕਰਦਾ ਹੈ, ਜਦੋਂ ਉਸਦੇ ਆਲੇ-ਦੁਆਲੇ ਸਭ ਕੁਝ ਢਹਿ-ਢੇਰੀ ਹੋ ਰਿਹਾ ਹੁੰਦਾ ਹੈ। 'ਸੀਓਬੋ ਦੇਅਰ ਬਿਲੋ' (2008) ਇਲਾਹੀ ਸੁਖ ਦੇ ਟੁਕੜਿਆਂ ਵਿੱਚ ਪ੍ਰਗਟ ਹੋਣ ਦੇ ਵਿਚਾਰ ਦੇ ਦੁਆਲੇ ਘੁੰਮਦਾ ਹੈ ਅਤੇ 'ਡਿਸਟ?ਰਕਸ਼ਨ ਐਂਡ ਸੋਰੋ ਬਿਨੀਥ ਦ ਹੈਵਨਸ' (2004) ਇੱਕ ਅਰਧ-ਆਤਮਕਥਾ ਨਾਵਲ ਹੈ ਜੋ ਚੀਨੀ ਸੰਸਕ੍ਰਿਤੀ ਤੋਂ ਮੋਹਿਤ ਇੱਕ ਯੂਰਪੀਅਨ ਵਿਅਕਤੀ ਅਤੇ ਉਸ ਦੀ ਪੂਰੇ ਚੀਨ ਯਾਤਰਾ ਦੀ ਕਹਾਣੀ ਹੈ ਜੋ ਅਸਲ ਚੀਨੀ ਸੰਸਕ੍ਰਿਤੀ ਨੂੰ ਸਮਝਣ ਵਿੱਚ ਉਸ ਦੀ ਮਦਦ ਕਰਦੀ ਹੈ।

ਸਮਕਾਲੀ ਸਮੇਂ ਵਿੱਚ ਸੈਟ, ਇਹ ਨਾਵਲ ਇੱਕ ਰਾਜਕੁਮਾਰ ਮਿਸ਼ਕਿਨ ਵਰਗੇ ਕਿਰਦਾਰ, ਬੈਰਨ ਬੇਲਾ ਵੇਂਕਹੇਮ ਦੀ ਕਹਾਣੀ ਕਹਿੰਦਾ ਹੈ, ਜੋ ਆਪਣੀ ਜ਼ਿੰਦਗੀ ਦੇ ਅੰਤ ਵਿੱਚ ਆਪਣੇ ਜਨਮ ਦੇ ਪ੍ਰਾਂਤੀਵਾਦੀ ਹੰਗੇਰੀ ਸ਼ਹਿਰ ਵਿੱਚ ਮੁੜ ਆਉਣ ਦਾ ਫੈਸਲਾ ਕਰਦਾ ਹੈ। ਬਿਊਨਸ ਆਇਰਸ ਵਿੱਚ ਆਪਣੇ ਕਈ ਕੈਸੀਨੋ ਕਰਜ਼ਿਆਂ ਤੋਂ ਬਚਣ ਤੋਂ ਬਾਅਦ, ਜਿੱਥੇ ਉਹ ਜਲਾਵਤਨ ਵਿੱਚ ਰਹਿ ਰਿਹਾ ਸੀ, ਉਹ ਆਪਣੀ ਹਾਈ ਸਕੂਲ ਦੀ ਪ੍ਰੇਮਿਕਾ ਮਾਰਿਕਾ ਨਾਲ ਦੁਬਾਰਾ ਮਿਲਣਾ ਚਾਹੁੰਦਾ ਹੈ। ਇਸ ਤੋਂ ਬਾਅਦ ਗੱਪਾਂ, ਠੱਗਾਂ ਅਤੇ ਸਥਾਨਕ ਸਿਆਸਤਦਾਨਾਂ ਦਾ ਇੱਕ ਬੇਅੰਤ ਤੂਫ਼ਾਨ ਆਉਂਦਾ ਹੈ, ਜੋ ਛੋਟੇ ਸ਼ਹਿਰ ਦੀ ਰਸਹੀਣ ਅਤੇ ਬੇਤੁਕੀ ਹੋਂਦ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੈ।

ਹਰਸ਼ਟ 07769 (2024)

ਕ੍ਰਾਸਜ਼ਨਾਹੋਰਕਾਈ ਦੇ ਵਾਕ ਸਾਨੂੰ ਇਨ੍ਹਾਂ ਲੋਕਾਂ ਦੇ ਦਿਮਾਗ ਵਿੱਚ ਉੱਚ ਪਰਿਵਰਤਨ ਦਰ ਤੋਂ ਅੰਦਰ ਅਤੇ ਬਾਹਰ ਲੈ ਜਾਂਦੇ ਹਨ। ਇੱਕ ਪਲ ਵਿੱਚ, ਅਸੀਂ ਦੂਰ ਤੋਂ ਉਨ੍ਹਾਂ ਦੀਆਂ ਜ਼ਿਆਦਤੀਆਂ 'ਤੇ ਹੱਸ ਰਹੇ ਹੁੰਦੇ ਹਾਂ।

ਸਟੈਂਨਟੈਂਗੋ (1985)

ਇਸ ਨਾਵਲ ਦੀ ਲੈਅ ਬਹੁਤ ਮੰਤਰਮੁਗਧ ਕਰਨ ਵਾਲੀ ਹੈ। ਹਰ ਛੋਟੀ-ਵੱਡੀ ਹਰਕਤ-ਚਿੱਕੜ, ਹਵਾ, ਕੀੜੇ-ਮਕੌੜੇ-ਦਾ ਵਰਣਨ ਬਹੁਤ ਸਾਵਧਾਨੀ ਨਾਲ ਕੀਤਾ ਗਿਆ ਹੈ, ਜਿਵੇਂ ਕੁਦਰਤ ਆਪ ਹੌਲੀ-ਹੌਲੀ ਬੋਲ ਰਹੀ ਹੋਵੇ। "ਬਿਨਾਂ ਰੁਕੇ ਵਰ੍ਹਦੀ ਵਰਖਾ ਇੱਕ ਵਿਸ਼ਾਲ ਅਤੇ ਰਸਹੀਣ ਰੌਲਾ ਪਾ ਰਹੀ ਸੀ, ਅਤੇ ਚਿੱਕੜ ਵਿੱਚ ਅੱਧਾ ਧੱਸਿਆ ਪਿੰਡ ਧੀਮੀ ਰਫ਼ਤਾਰ ਨਾਲ ਧਰਤੀ ਵਿੱਚ ਧੱਸਦਾ ਜਾ ਰਿਹਾ ਸੀ।

ਨਾਲੀਆਂ ਕਲਕਲ ਕਰ ਰਹੀਆਂ ਸਨ, ਖਿੜਕੀਆਂ ਰੋ ਰਹੀਆਂ ਸਨ, ਅਤੇ ਵਿਹੜੇ ਵਿੱਚ ਮੁਰਗੀਆਂ ਨੇ ਕੁੜ-ਕੁੜ ਕਰਨਾ ਬੰਦ ਕਰ ਦਿੱਤਾ ਸੀ, ਜਿਵੇਂ ਕਿਸੇ ਦੂਰ, ਵਿਸ਼ਾਲ ਅਤੇ ਅਟੱਲ ਚੀਜ਼ ਨੂੰ ਸੁਣ ਰਹੀਆਂ ਹੋਣ।"

ਇੱਥੇ, ਉਹ ਸਧਾਰਨ ਮੀਂਹ ਨੂੰ ਇੱਕ ਸਜੀਵ, ਦਮ-ਘੋਟੂ ਹਾਜ਼ਰੀ ਵਿੱਚ ਬਦਲ ਦਿੰਦਾ ਹੈ।

ਧੁਨੀ ਦਾ ਦੁਹਰਾਓ ("ਕਲਕਲ", "ਰੋਣਾ", "ਬਿਨਾਂ ਰੁਕੇ ਵਰ੍ਹਨਾ") ਪਾਠਕ ਨੂੰ ਮੰਤਰਮੁਗਧ ਕਰ ਦਿੰਦਾ ਹੈ।

ਸਿਓਬੋ ਦੇਅਰ ਬਿਲੋ (2008) ਵਿੱਚ ਮੰਤਰਮੁਗਧਤਾ ਪ੍ਰਭਾਵ ਦੀ ਇੱਕ ਅਜਿਹੀ ਹੀ ਉਦਾਹਰਣ ਹੈ। ਇਹ ਨਾਵਲ ਇਲਾਹੀ ਸੁੰਦਰਤਾ ਦੇ ਟੁਕੜਿਆਂ ਵਿੱਚ ਪ੍ਰਗਟ ਹੋਣ ਦੇ ਵਿਚਾਰ ਦੇ ਦੁਆਲੇ ਘੁੰਮਦਾ ਹੈ।

ਇੱਥੋਂ ਤੱਕ ਕਿ ਦੇਖਣ ਦੀ ਕਿਰਿਆ ਵੀ ਇੱਕ ਸਮਾਧੀ ਬਣ ਜਾਂਦੀ ਹੈ :

"ਉਹ ਚੁੱਪਚਾਪ ਸਾਹ ਲੈਂਦੇ ਹੋਏ, ਹੌਲੀ-ਹੌਲੀ ਆਪਣੇ ਖੰਭਾਂ ਨੂੰ ਫੈਲਾਉਣ ਲਈ ਸਾਰਸ ਦੀ ਉਡੀਕ ਕਰ ਰਿਹਾ ਸੀ। ਹਵਾ ਸ਼ਾਂਤ ਸੀ, ਹਲਕੀ-ਹਲਕੀ ਕੰਬ ਰਹੀ ਸੀ, ਜਿਵੇਂ ਸਮਾਂ ਆਪਣੇ ਸਾਹਾਂ ਨੂੰ ਰੋਕੀ ਬੈਠਾ ਹੋਵੇ, ਅਤੇ ਜਦੋਂ ਪੰਛੀ ਹਿੱਲਦਾ ਸੀ - ਬੱਸ ਥੋੜ੍ਹਾ ਜਿਹਾ - ਤਾਂ ਪੂਰੀ ਦੁਨੀਆਂ ਆਪਣੀ ਧੁਰੀ 'ਤੇ ਝੁਕੀ ਹੋਈ,

ਕੰਬਦੀ ਹੋਈ, ਧੁੰਦਲੀ ਚਮਕਦੀ ਦਿਖਾਈ ਦਿੰਦੀ ਸੀ।"

ਇੱਥੇ, ਉਹ ਨਿਰੀਖਣ ਦੇ ਇੱਕ ਪਲ ਨੂੰ ਸਥਿਰਤਾ ਅਤੇ ਸਹੀ ਸੰਵੇਦੀ ਵੇਰਵੇ ਦੇ ਮਾਧਿਅਮ ਨਾਲ ਇੱਕ ਰਹੱਸਮਈ ਘਟਨਾ ਵਿੱਚ ਬਦਲ ਦਿੰਦਾ ਹੈ।

ਤੁਸੀਂ ਆਪਣੇ ਆਪ ਨੂੰ ਕਥਾਕਾਰ ਦੇ ਨਾਲ ਉਡੀਕ ਕਰਦੇ ਹੋਏ ਮਹਿਸੂਸ ਕਰਦੇ ਹੋ-ਇਹੀ ਉਨ੍ਹਾਂ ਦਾ ਮੰਤਰਮੁਗਧਤਾ ਪ੍ਰਭਾਵ ਹੈ।

ਪਰ ਨਾਇਪੌਲ ਵਾਂਗ, ਉਹ ਆਪਣੇ ਦੁਆਰਾ ਰਚੇ ਗਏ ਪਾਤਰਾਂ ਨੂੰ ਬਹੁਤ ਘੱਟ ਆਜ਼ਾਦੀ ਦਿੰਦੇ ਜਾਪਦੇ ਹਨ। ਕਿਉਂਕਿ ਚਿਤਰਣ ਸ਼ੁੱਧ ਰੂਪ ਵਿੱਚ ਕਥਨੀ ਹੈ, ਸੰਵਾਦਮਈ ਜਾਂ ਚਰਿੱਤਰ-ਸੰਬੰਧੀ ਨਹੀਂ। ਪਰ ਨਾਇਪੌਲ ਦੇ ਨਾਵਲਾਂ ਵਾਂਗ, ਉਨ੍ਹਾਂ ਦੀਆਂ ਰਚਨਾਵਾਂ ਵਿੱਚ ਕਾਰਨੀਵਲ ਵਰਗੀ ਝਲਕ ਦਿਖਾਈ ਦਿੰਦੀ ਹੈ।

ਸਟੈਂਨਟੈਂਗੋ ਜਾਂ ਦ ਮੇਲਾਨਕੋਲੀ ਆਫ ਰਜਿਸਟੈਂਸ ਵਰਗੇ ਨਾਵਲਾਂ ਵਿੱਚ, ਸਮਾਜ ਆਪਣਾ ਸਾਰਾ ਢਾਂਚਾ ਗੁਆ ਦਿੰਦਾ ਹੈ:

ਪਾਦਰੀ, ਪੁਲਿਸ, ਬੁੱਧੀਜੀਵੀ ਅਤੇ ਸ਼ਰਾਬੀ ਸਾਰੇ ਇੱਕ ਹੀ ਨੈਤਿਕ ਧੁੰਦ ਵਿੱਚ ਵਗਦੇ ਹਨ।

"ਬੁੱਧੀਮਾਨ" ਮੂਰਖ ਬਣ ਜਾਂਦੇ ਹਨ; "ਪਾਗਲ" ਭਵਿੱਖ ਦੱਸਣ ਵਾਲੇ ਬਣ ਜਾਂਦੇ ਹਨ। ਭੂਮਿਕਾਵਾਂ ਦਾ ਇਹ ਉਲਟਾਅ ਮੂਲ ਰੂਪ ਵਿੱਚ ਕਾਰਨੀਵਲ ਹੈ। ਕਾਰਨੀਵਲ ਦੇ ਹੋਰ ਤੱਤ-ਵਿਚਿੱਤਰ ਅਤੇ ਸ਼ਰੀਰਕ ਚਿੱਤਰ ਉਨ੍ਹਾਂ ਦੇ ਨਾਵਲਾਂ ਵਿੱਚ ਥਾਂ ਲੈਂਦੇ ਹਨ। ਉਹ ਅਕਸਰ ਸ਼ਰੀਰ, ਸੜਨ, ਗੰਦਗੀ ਅਤੇ ਜਾਨਵਰਾਂ ਵਰਗੇ ਵਿਹਾਰ ਦਾ ਮੰਤਰਮੁਗਧ ਕਰਨ ਵਾਲਾ ਵਰਣਨ ਕਰਦੇ ਹਨ-ਅਚੰਭੇ ਵਿੱਚ ਨਹੀਂ, ਸਗੋਂ ਪਵਿੱਤਰ ਨੂੰ ਨੀਚ ਵਿੱਚ ਮਿਲਾਉਣ ਲਈ। ਸ਼ਰੀਰ ਇੱਕ ਅਸੰਗਠਿਤ ਬ੍ਰਹਿਮੰਡ ਦਾ ਰੂਪਕ ਬਣ ਜਾਂਦਾ ਹੈ—ਬਿਲਕੁਲ ਰਾਬਲੇ ਜਾਂ ਦੋਸਤੋਵਸਕੀ ਵਾਂਗ। "ਉਹ ਚਿੱਕੜ ਵਿੱਚ ਲਥ-ਪਥ ਸਨ, ਉਨ੍ਹਾਂ ਦੀਆਂ ਅੱਖਾਂ ਦਲਦਲ ਦੀ ਮੱਧਮ ਰੌਸ਼ਨੀ ਵਿੱਚ ਚਮਕ ਰਹੀਆਂ ਸਨ, ਜਿਵੇਂ ਸਿਰਜਣਾ ਹੀ ਸੜ ਗਈ ਹੋਵੇ।" ਇਹੀ ਵਿਚਿੱਤਰ ਯਥਾਰਥਵਾਦ ਹੈ—ਕਾਰਨੀਵਲ ਦੀ ਦੁਨੀਆਂ ਦੀ ਇੱਕ ਮੁੱਖ ਵਿਸ਼ੇਸ਼ਤਾ।

ਲਾਸਜ਼ਲੋ ਨੇ ਪਿਛਲੇ ਮਹੀਨੇ ਨੋਬਲ ਪੁਰਸਕਾਰ ਜਿੱਤ ਕੇ ਭਾਵੇਂ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਹੋਵੇ, ਪਰ ਹੰਗੇਰੀਅਨ ਅਤੇ ਅਨੁਵਾਦਿਤ ਸਾਹਿਤ ਦੀ ਦੁਨੀਆਂ ਵਿੱਚ ਉਨ੍ਹਾਂ ਦਾ ਇੱਕ ਖ਼ਾਸ ਸਥਾਨ ਹੈ। ਉਨ੍ਹਾਂ ਦੇ ਪ੍ਰਭਾਵਸ਼ਾਲੀ ਪ੍ਰਭਾਵ ਨੇ ਉਨ੍ਹਾਂ ਨੂੰ ਵਿਆਪਕ ਪਹੁੰਚ ਪ੍ਰਦਾਨ ਕੀਤੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਦਾ 42 ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ, ਜੋ ਅੱਜ ਇੱਕ ਦੁਰਲੱਭ ਗੱਲ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ ਭਾਵੇਂ ਡੂੰਘਾ ਹੋਵੇ, ਪਰ ਉਮੀਦ ਦੀ ਕਿਰਨ ਉਨ੍ਹਾਂ ਵਿੱਚ ਘੱਟ ਨਹੀਂ ਹੈ। ਨੋਬਲ ਟੀਮ ਕਹਿੰਦੀ ਹੈ: ਉਨ੍ਹਾਂ ਦਾ ਕੰਮ "ਅਰਾਜਕਤਾ ਅਤੇ ਸੜਨ ਦੇ ਵਿਚਕਾਰ ਅਰਥ ਪ੍ਰਦਾਨ ਕਰਨ ਵਾਲੀ ਕਲਾ ਦੀ ਸ਼ਕਤੀ 'ਤੇ ਜ਼ੋਰ ਦਿੰਦਾ ਹੈ।" ਸੱਚਮੁੱਚ ਅਜਿਹਾ ਹੀ ਹੈ। ਕਲਾ ਕਿਸੇ ਵੀ ਰੂਪ ਵਿੱਚ ਦੁਨੀਆਂ ਲਈ ਇੱਕ ਖਿੜਕੀ ਹੈ, ਕਈ ਵਾਰ ਉਸਦਾ ਦਰਪਣ ਜੋ ਦੁਨੀਆਂ ਨੂੰ ਉਸਦੇ ਅਸਲੀ ਰੂਪ ਵਿੱਚ ਦੇਖਣ ਅਤੇ ਉਸ ਦੇ ਨੈਤਿਕ ਤੇ ਅਧਿਆਤਮਿਕ ਦੋਵੇਂ ਤਰ੍ਹਾਂ ਦੇ ਸੁਧਾਰ ਵਿੱਚ ਮਦਦ ਕਰਦੀ ਹੈ।

## ਗ਼ਜ਼ਲ



**-ਡਾ. ਗੁਰਚਰਨ ਕੌਰ ਕੋਚਰ**

ਜ਼ਿੰਦਗਾਨੀ ਹੈ ਨਦੀ ਦੀ ਨੀਰ ਨਾਲ।
ਆਬਰੂ ਤਰਕਸ਼ ਦੀ ਹੁੰਦੀ ਤੀਰ ਨਾਲ।

ਕੋਸ਼ਿਸ਼ਾਂ ਤਾਂ ਲੈ ਗਈ ਤਦਬੀਰ ਨਾਲ ।
ਕੀ ਕਰਾਂ ਸ਼ਿਕਵਾ ਮੈਂ ਹੁਣ ਤਕਦੀਰ ਨਾਲ।

ਪਾ ਖ਼ਿਆਲਾਂ ਦੇ ਨਾ ਪੈਰੀਂ ਬੇੜੀਆਂ,
ਇਹ ਨਹੀਂ ਬੱਝਦੇ ਕਿਸੇ ਜ਼ੰਜੀਰ ਨਾਲ।

ਖ਼ੂਨ ਵਿਚ ਨਾਹਤੀ ਜਿਹਦੀ ਰੱਖਿਆ ਲਈ,
ਓਹੀ ਗੁੱਸੇ ਹੈ ਮੇਰੀ ਸ਼ਮਸ਼ੀਰ ਨਾਲ।

ਅੱਜ ਇਸ ਦੀ, ਕੱਲ੍ਹ ਉਸ ਦੀ ਵੀ ਬਣੇ,
ਤੋਲਦੀ ਫਿਰ ਵੀ ਉਹ ਖ਼ੁਦ ਨੂੰ ਹੀਰ ਨਾਲ।

ਜਾਪਦੈ 'ਕੋਚਰ' ਹੈ ਮੇਰੇ ਸਾਹਮਣੇ,
ਜਦ ਕਰਾਂ ਗੱਲਾਂ ਉਦ੍ਹੀ ਤਸਵੀਰ ਨਾਲ।

# ਜਗਦੀਸ਼ ਰਾਣਾ ਦੀਆਂ ਦੋ .ਗ਼ਜ਼ਲਾਂ



(1)

ਤੂੰ ਪਿੰਜਰੇ ਕੈਦ ਪੰਛੀ ਨੂੰ ਉਡਾ ਦਿੰਦਾ ਤਾਂ ਬਿਹਤਰ ਸੀ।
ਉਦ੍ਹੀ ਪਰਵਾਜ਼ ਨੂੰ ਜੇਕਰ ਦਿਸ਼ਾ ਦਿੰਦਾ ਤਾਂ ਬਿਹਤਰ ਸੀ।

ਬਣਾ ਕੇ ਛਤਰ ਸੋਨੇ ਦਾ, ਤੂੰ ਦੇਵੀ ਦੇ ਚੜ੍ਹਾ ਆਇਓਂ,
ਮਗਰ ਜੇ ਬੇਘਰੇ ਨੂੰ ਘਰ ਬਣਾ ਦਿੰਦਾ ਤਾਂ ਬਿਹਤਰ ਸੀ।

ਹਨੇਰਾ ਢੋ ਰਹੇ ਲੋਕਾਂ 'ਚ ਪਾਉਂਦਾ ਬਾਤ ਚਾਨਣ ਦੀ,
ਤੂੰ ਸੁੱਚੀ ਸੋਚ ਦੇ ਦੀਵੇ ਜਗਾ ਦਿੰਦਾ ਤਾਂ ਬਿਹਤਰ ਸੀ।

ਸਦਾ ਰੱਜੇ ਰਜਾਏ ਤੂੰ ਗੁਰੂ ਦੇ ਨਾਮ ਦੇ ਉੱਤੇ,
ਜ਼ਰੂਰਤਮੰਦਾਂ ਭੁੱਖਿਆਂ ਨੂੰ ਖੁਆ ਦਿੰਦਾ ਤਾਂ ਬਿਹਤਰ ਸੀ।

ਇਹ ਗ਼ਾਫ਼ਿਲ ਇਸ ਤਰ੍ਹਾਂ ਹੋਏ ਕਿ ਅਪਣੇ ਹੱਕ ਵੀ ਨਾ ਮੰਗਣ,
ਚਿਰਾਂ ਦੇ ਸੁੱਤਿਆਂ ਨੂੰ ਤੂੰ ਜਗਾ ਦਿੰਦਾ ਤਾਂ ਬਿਹਤਰ ਸੀ।

ਘੁੰਮੰਡੀ ਹੋ ਗਿਆ ਮਹਿਰਮ ਬੁਲਾਇਆਂ ਵੀ ਨਾ ਬੋਲੇ ਉਹ,
ਮੇਰੀ ਸੁਣਦਾ, ਜੇ ਅਪਣੀ ਵੀ ਸੁਣਾ ਦਿੰਦਾ ਤਾਂ ਬਿਹਤਰ ਸੀ।

ਸਹਾਰਾ ਡੁੱਬਦੇ ਨੂੰ ਤੀਲੇ ਦਾ ਸੁਣਿਆ ਬੜਾ ਹੁੰਦੈ,
ਮੁਸੀਬਤ ਵਿੱਚ ਤੂੰ ਉਸ ਨੂੰ ਆਸਰਾ ਦਿੰਦਾ ਤਾਂ ਬਿਹਤਰ ਸੀ।

ਗੁਜ਼ਾਰੀ ਉਮਰ ਸਾਰੀ ਮੈਂ ਹਨੇਰੇ ਨਾਲ ਲੜ-ਲੜ ਕੇ,
ਮੇਰੇ ਹਿੱਸੇ ਦਾ ਸੂਰਜ ਉਹ ਚੜ੍ਹਾ ਦਿੰਦਾ ਤਾਂ ਬਿਹਤਰ ਸੀ।

ਜ਼ਮਾਨੇ ਦੀ ਲਗਾਈ ਨੂੰ ਹਵਾ ਦਿੰਦਾ ਰਿਹੋਂ ਤੂੰ ਵੀ,
ਤੂੰ ਨ਼ਫ਼ਰਤ ਦੀ ਅਗਨ 'ਰਾਣੇ' ਬੁਝਾ ਦਿੰਦਾ ਤਾਂ ਬਿਹਤਰ ਸੀ।

(2)

ਸਮਝੀ ਨਾ ਏਨੀ ਗੱਲ ਵੀ ਕਿਉਂ ਬੇਸਮਝ ਸੰਸਾਰ ਨੇ।
ਇਹ ਪਦਵੀਆਂ ਇਹ ਦੌਲਤਾਂ, ਇਕ ਮੋੜ 'ਤੇ ਬੇਕਾਰ ਨੇ।

ਧੋਖਾ ਤੇਰਾ ਸੁਭਾਅ ਰਿਹੈ, ਫਿਰ ਵੀ ਨਿਭਾਈ ਮੈਂ ਸਦਾ,
ਤੇਰੇ ਜਿਹੇ ਹਜ਼ਾਰ ਪਰ, ਮੇਰੇ ਜਿਹੇ ਦੋ ਚਾਰ ਨੇ ।

ਐ ਕਾਤਿਲੋ ! ਨਾ ਸਮਝਿਓ, ਉਹ ਮਰ ਗਿਆ ਸਦਾ ਲਈ,
ਮਰਿਆ ਉਦ੍ਹਾ ਸਰੀਰ ਹੈ, ਜ਼ਿੰਦਾ ਉਦ੍ਹੇ ਵਿਚਾਰ ਨੇ ।

ਸਾਦਿਕ-ਅਮੀਨ ਕੌਣ ਹੈ ? ਸਾਰੇ ਹੀ ਠੱਗ ਨੇ ਇਸ ਜਗ੍ਹਾ,
ਗੱਲਾਂ ਦੇ ਨਾਲ? ਹੀ ਇਨ੍ਹਾਂ, ਹੁਣ ਮਹਿਲ ਹਨ ਉਸਾਰਨੇ ।

ਗੋਬਿੰਦ, ਅਸ਼ੋਕ, ਭੀਮ ਦੇ ਵਾਰਿਸ ਅਸੀਂ ਹਾਂ ਯਾਦ ਰੱਖ,
ਰੱਖੀਏ ਬੁਲੰਦ ਹੌਸਲੇ, ਸਿੱਖੇ ਨਾ ਯੁੱਧ ਹਾਰਨੇ।

ਮੇਰੇ ਅਜੀਜ਼ ਪਿਆਰਿਓ, ਰੁਖ਼ਸਤ ਜਦੋਂ ਮੈਂ ਹੋ ਗਿਆ,
ਪਾਣੀ 'ਚ ਫੁੱਲ ਨਾ ਤਾਰ ਕੇ, ਖੇਤਾਂ 'ਚ ਹਨ ਖਿਲਾਰਨੇ ।

ਕਿੱਦਾਂ ਸਮਾਂ ਲੰਘਾ ਰਿਹੈ, ਪੁੱਛੋ ਕਿਸੇ ਗ਼ਰੀਬ ਨੂੰ,
ਮਹਿੰਗਾਈ ਨੇ ਤਾਂ ਜਾਪਦੈ, ਸਾਰੇ ਗ਼ਰੀਬ ਮਾਰਨੇ।

ਦੁਸ਼ਮਣ ਦਾ ਹੱਕ ਦੁਸ਼ਮਣੀ,ਪਰ ਦੋਸਤਾਂ ਨੂੰ ਕੀ ਕਹਾਂ ?
ਪਤਝੜ 'ਤੇ ਕੀ ਗਿਲਾ ਕਰਾਂ, ਜਦ ਲੁੱਟਿਆ ਬਹਾਰ ਨੇ ।

ਸੁੱਟਦੇ ਕਲ਼ਮ ਨੂੰ ਤੋੜ ਕੇ, ਫ਼ਾਇਦਾ ਕੀ ਲਿਖਣ ਦਾ ਜੇ ਤੂੰ,
ਮਸਲੇ ਦੁਖੀ ਸਮਾਜ ਦੇ, .ਗ਼ਜ਼ਲਾਂ 'ਚ ਨਈਂ ਉਭਾਰਨੇ।

ਅਪਣੇ ਵਿਛਾਏ ਜਾਲ਼ ਵਿਚ, ਅੱਜ ਆਪ ਹੀ ਉਹ ਫਸ ਗਏ,
'ਰਾਣੇ' ਸ਼ਿਕਾਰੀ ਆਪ ਹੀ, ਅੱਜ ਹੋ ਗਏ ਸ਼ਿਕਾਰ ਨੇ।

# ਹੈਨਰੀ ਸਰ ਡਿਊਨਾਂਟ ਤੇ ਰੈੱਡ ਕਰਾਸ

-ਬੂਟਾ ਸਿੰਘ ਪੰਡੋਰੀ

ਸਰ ਹੈਨਰੀ ਡਿਊਨਾਂਟ ਸੰਸਾਰ ਪ੍ਰਸਿੱਧ ਸੰਸਥਾ ਰੈੱਡ ਕਰਾਸ ਦੇ ਬਾਨੀ ਦੇ ਨਾਉਂ ਨਾਲ ਜਾਣੇ ਜਾਂਦੇ ਹਨ। ਉਨ੍ਹਾਂ ਦਾ ਜੀਵਨ ਬਹੁਤ ਹੀ ਸੰਘਰਸ਼ਮਈ ਤੇ ਹਿਰਦੇ ਵੇਦਕ ਸੀ। ਉਸ ਦੇ ਜੀਵਨ ਦਾ ਹਰ ਪਲ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਰਿਹਾ ਹੈ। ਜਿੱਥੇ ਅਸੀਂ ਭਾਈ ਘਨੱਈਆ ਜੀ, ਅਸ਼ੋਕ ਮਹਾਨ ਦੀ ਗੱਲ ਕਰਦੇ ਹਾਂ, ਜੇਕਰ ਹੈਨਰੀ ਡਿਊਨਾਂਟ ਦੀ ਗੱਲ ਨਾ ਕੀਤੀ ਜਾਵੇ ਤਾਂ ਉਸ ਨਾਲ ਇਹ ਬਹੁਤ ਹੀ ਵੱਡਾ ਅਨਿਆਂ ਹੋਵੇਗਾ, ਕਿਉਂਕਿ ਭਾਈ ਘਨੱਈਆ ਜੀ ਦੀ ਤਰ੍ਹਾਂ ਹੀ ਇਸ ਨੇ ਵੀ ਆਪਣਾ ਸਾਰਾ ਜੀਵਨ ਰੈੱਡ ਕਰਾਸ ਸੇਵਾ ਵਿਚ ਲਗਾਇਆ ਸੀ।

**ਹੈਨਰੀ ਡਿਊਨਾਂਟ ਦਾ ਜਨਮ 8 ਮਈ 1828 ਈਸਵੀ ਨੂੰ ਜੁਨੇਵਾ**

(ਸਵਿਟਜ਼ਰਲੈਂਡ) ਵਿੱਚ ਇੱਕ ਬਹੁਤ ਹੀ ਪੜ੍ਹੇ-ਲਿਖੇ ਤੇ ਸੁਹਿਰਦ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਪਿਤਾ ਜੀਨ ਜੈਕ ਡਿਊਨਾਂਟ ਇੱਕ ਵਪਾਰੀ ਦਾ ਕਿੱਤਾ ਕਰਦੇ ਸਨ। ਇਨ੍ਹਾਂ ਦੀ ਮਾਤਾ ਐਨ ਐਨਟੋਇਨੀ ਪ੍ਰਸਿੱਧੀ ਵਿਗਿਆਨੀ ਡੈਲੀਅਨ ਕੋਲਡਨ ਦੀ ਭੈਣ ਸੀ ਜੋ ਕਿ ਬਹੁਤ ਹੀ ਚੰਗੇ ਘਰਾਣੇ ਦੀ ਜੰਮ ਪਲ ਹੋਣ ਕਰਕੇ ਦਇਆਵਾਨ ਤੇ ਕਿਰਪਾਲੂ ਰੁਚੀਆਂ ਰੱਖਣ ਵਾਲੀ ਸੀ।

ਮਨੁੱਖਤਾ ਦਾ ਦਰਦ ਮੁੱਢ ਤੋਂ ਹੀ ਉਸ ਦੇ ਹਿਰਦੇ ਅੰਦਰ ਉਜਾਗਰ ਹੋਇਆ ਸੀ। ਜਿਸ ਦਾ ਕਾਫ਼ੀ ਪ੍ਰਭਾਵ ਉਸ ਦੇ ਪੁੱਤਰ ਹੈਨਰੀ ਡਿਊਨਾਂਟ ਤੇ ਪਿਆ।

ਹੈਨਰੀ ਡਿਊਨਾਂਟ ਆਪਣੇ ਮਾਂ-ਬਾਪ ਦਾ ਜੇਠਾ ਪੁੱਤਰ ਸੀ ਤੇ ਮਾਤਾ-ਪਿਤਾ ਨੇ ਇਸ ਦੇ ਪਾਲਣ-ਪੋਸ਼ਣ ਵੱਲ ਬਹੁਤ ਹੀ ਖ਼ਾਸ ਧਿਆਨ ਦਿੱਤਾ।

ਜਦੋਂ ਅਸੀਂ ਸੰਸਾਰ ਪ੍ਰਸਿੱਧ ਮਹਾਂਪੁਰਸ਼ਾਂ ਦੇ ਜੀਵਨ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਦੇ ਜੀਵਨ ਤੇ ਉਨ੍ਹਾਂ ਦੀਆਂ ਮਾਤਾਵਾਂ ਦਾ ਅਜਿਹਾ ਪ੍ਰਭਾਵ ਰਿਹਾ ਹੈ।

ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਨੇ ਪੁਸਤਕ 'ਧੰਨ-ਸੁ-ਮਾਤਾ' ਲਿਖ ਕੇ ਬਹੁਤ ਹੀ ਅਹਿਮ ਕੰਮ ਕੀਤਾ ਤੇ ਜਿਸ ਤੋਂ ਇਸ ਗੱਲ ਦਾ ਗਿਆਨ ਪ੍ਰਾਪਤ ਹੁੰਦਾ ਹੈ ਕਿ ਮਨੁੱਖ ਦੀ ਜਨਮਦਾਤੀ ਮਾਤਾ ਦਾ ਉਨ੍ਹਾਂ ਦੇ ਜੀਵਨ ਤੇ ਬਹੁਤ ਹੀ ਪ੍ਰਭਾਵ ਰਿਹਾ ਹੈ। ਜੋ ਕਿ ਆਪਣੇ ਬੱਚੇ ਨੂੰ ਪਾਰਸ ਬਣਾ ਸਕਦੀਆਂ ਹਨ। ਹੈਨਰੀ ਡਿਊਨਾਂਟ ਤੇ ਉਸ ਦੀ ਮਾਤਾ ਐੱਨ. ਐਨਟੋਇਨੀ ਦਾ ਬਹੁਤ ਹੀ ਜ਼ਿਆਦਾ ਪ੍ਰਭਾਵ ਸੀ। ਮਾਤਾ ਰਾਤ ਨੂੰ ਸੌਣ ਸਮੇਂ, ਧਰਮਾਂ, ਸਦਭਾਵਨਾ ਤੇ ਸੇਵਾ ਦੀਆਂਕਹਾਣੀਆ ਸੁਣਾਇਆ ਕਰਦੀ ਸੀ। ਜਿਸ ਦਾ ਹੈਨਰੀ ਡਿਊਨਾਂਟ ਦੇ ਮਨ ਤੇ ਬਹੁਤ ਹੀ ਗਹਿਰਾ ਅਸਰ ਹੋਇਆ।

ਐਨਟੋਇਨੀ ਹਰ ਰੋਜ਼ ਫ਼ਲ ਤੇ ਹੋਰ ਖਾਣ-ਪੀਣ ਦਾ ਸਮਾਨ ਲੈ ਕੇ ਬਾਹਰ ਜਾਇਆ ਕਰਦੀ ਸੀ ਤੇ ਇਕ ਦਿਨ ਡਿਉਨਾਂਟ ਨੇ ਆਪਣੀ ਜਗਿਆਸਾ ਨੂੰ ਪ੍ਰਗਟ ਕਰਦਿਆਂ ਪੁੱਛ ਹੀ ਲਿਆ ਕਿ, "ਮਾਤਾ ਜੀ ! ਤੁਸੀਂ ਹਰ ਰੋਜ਼ ਕਿੱਥੇ ਜਾਂਦੇ ਹੋ ?"

ਤਾਂ ਮਾਤਾ ਉਸ ਦੀਆਂ ਭਾਵਨਾਵਾਂ ਨੂੰ ਸਮਝਦੀ ਸੀ ਤੇ ਕਿਹਾ. "ਮੇਰੇ ਪੁੱਤਰ। ਇਸ ਨਗਰ ਵਿੱਚ ਯਤੀਮ ਬੱਚੇ ਹਨ ਤੇ ਮੈਂ ਉਨਾਂ ਲਈ ਭੋਜਨ ਲੈ ਕੇ ਜਾਂਦੀ ਹੈ।"

ਪਰ ਬਾਲਕ ਡਿਊਨਾਂਟ ਨੂੰ ਇਸ ਗੱਲ ਦਾ ਸੱਚ ਨਹੀਂ ਆ ਰਿਹਾ ਸੀ ਕਿ ਕੋਈ ਇਸ ਤਰ੍ਹਾਂ ਦੇ ਵੀ ਬੱਚੇ ਹੋਣਗੇ, ਜੋ ਆਪਣੇ ਮਾਂ-ਬਾਪ ਤੋਂ ਹੀਣ ਹਨ। ਤੇ ਬਾਲਕ ਜ਼ਿੱਦ ਕਰਨ ਲੱਗਾ ਕਿ, "ਮਾਤਾ ਜੀ ! ਮੈਨੂੰ ਵੀ ਆਪਣੇ ਨਾਲ ਲੈ ਕੇ ਚੱਲੋ, ਮੈਂ ਵੀ ਆਪਣੇ ਹੱਥਾਂ ਨਾਲ ਉਨ੍ਹਾਂ ਨਿਆਸਰੇ ਬੱਚਿਆਂ ਨੂੰ ਭੋਜਨ ਛਕਾਂਵਾਂਗਾ।" ਇਸ ਤਰ੍ਹਾਂ ਉਹ ਆਪਣੀ ਮਾਤਾ ਨਾਲ ਹਰ ਰੋਜ਼ ਗ਼ਰੀਬ ਟਿਕਾਣਿਆਂ ਤੇ ਜਾਣ ਲੱਗਾ।

ਛੇ-ਸੱਤ ਸਾਲ ਦੀ ਉਮਰੇ ਹੈਨਰੀ ਡਿਊਨਾਂਟ ਇਕ ਦਿਨ ਆਪਣੇ ਪਿਤਾ ਨਾਲ ਤਊਲੋਨ ਨਗਰ ਗਿਆ। ਉਸ ਦਾ ਪਿਤਾ ਇਕ ਸਫ਼ਲ ਵਪਾਰੀ ਵੀ ਸੀ ਤੇ ਉੱਥੇ ਉਹ ਜਨੇਵਾ ਦੀ ਅਦਾਲਤ ਦਾ ਮੈਜਿਸਟਰੇਟ ਵੀ ਸੀ ਅਤੇ ਜੇਲ੍ਹਾਂ ਵਿੱਚ ਕੈਦੀਆਂ ਦੀ ਭਲਾਈ ਦੀ ਸੇਵਾ ਵੀ ਕਰਿਆ ਕਰਦਾ ਸੀ। ਡਿਊਨਾਂਟ ਨੇ ਕੀ ਵੇਖਿਆ ਕਿ ਕੈਦੀਆਂ ਦੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਸਨ ਅਤੇ ਜਹਾਜ਼ ਵਿੱਚੋਂ ਸਮਾਨ ਉਤਾਰ ਰਹੇ ਸਨ। ਪਰ ਬੇੜੀਆਂ ਕਾਰਨ ਉਨ੍ਹਾਂ ਲਈ ਤੁਰਨਾ ਵੀ ਅਤੀ ਮੁਸ਼ਕਲ ਸੀ। ਕਈ ਵਾਰ ਡਿੱਗ-ਡਿੱਗ ਕੇ ਫਿਰ ਅੱਗੇ ਚੱਲਦੇ ਤੇ ਕਈ ਵਿਚਾਰੇ ਧੁੱਪ ਵਿੱਚ ਬੈਠੇ ਪੱਥਰ ਤੋੜ ਰਹੇ ਸਨ ਤੇ ਕੁੱਝ ਖੇਤੀ ਦਾ ਕੰਮ ਕਰ ਰਹੇ ਸਨ। ਉਨ੍ਹਾਂ

ਦੀ ਤਰਸਯੋਗ ਹਾਲਤ ਵੇਖ ਕੇ ਡਿਊਨਾਂਟ ਦਾ ਮਨ ਪਸੀਜ ਗਿਆ। ਉਹ ਚਾਹੁੰਦਾ ਸੀ ਕਿ ਉਨ੍ਹਾਂ ਦੇ ਹੱਥ ਪੈਰ ਖੋਲ੍ਹ ਦਿੱਤੇ ਜਾਣ ਤਾਂ ਜੋ ਉਹ ਸੌਖੇ ਹੋ ਕੇ ਕੰਮ ਕਰ ਸਕਣ। ਇਸ ਤਰ੍ਹਾਂ ਕੈਦੀਆਂ ਦੀ ਭਲਾਈ ਕਰਨਾ ਵੀ ਉਸ ਦੇ ਜੀਵਨ ਦਾ ਮਨੋਰਥ ਬਣਿਆ।

ਡਿਊਨਾਂਟ ਦੇ ਜੀਵਨ ਕਾਲ ਵਿਚ ਅਨੇਕਾਂ ਹੀ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ। ਕਿਹਾ ਜਾਂਦਾ ਹੈ ਕਿ ਇਕ ਦਿਨ ਜੁਨੇਵਾ ਦੀ ਝੀਲ ਦੇ ਕਿਨਾਰੇਬਾਲਕ ਡਿਊਨਾਂਟ ਸੈਰ ਕਰ ਰਿਹਾ ਸੀ। ਉਸ ਨੇ ਵੇਖਿਆ ਕਿਸੇ ਮਨੁੱਖ ਨੇ ਕੁੰਡੀ ਪਾ ਕੇ ਝੀਲ ਵਿੱਚੋਂ ਇਕ ਮੱਛੀ ਫੜ ਲਈ ਜੋ ਕਿ ਤੜਫ਼ ਰਹੀ ਸੀ।

ਡਿਊਨਾਂਟ ਨੇ ਝਪਟ ਮਾਰ ਕੇ ਮੱਛੀ ਖੋਹੀ ਤੇ ਵਾਪਸ ਝੀਲ ਵਿੱਚ ਸੁੱਟ ਦਿੱਤੀ, ਪਰ ਕੁੰਡੀ ਵਾਲਾ ਆਦਮੀ ਉਸ ਨਾਲ ਬਹੁਤ ਹੀ ਨਰਾਜ਼ ਹੋਇਆ। ਡਿਊਨਾਂਟ ਦੇ ਹਿਰਦੇ ਅੰਦਰ ਇੰਨਾ ਦਰਦ ਮਹਿਸੂਸ ਹੋਇਆ ਕਿ ਉਹ ਰੋ ਉੱਠਿਆ ਤੇ ਆਪਣੀ ਜੇਬ ਵਿੱਚੋਂ ਇੱਕ ਫ਼ਰੈਂਕ ਕੱਢਿਆ ਤੇ ਆਦਮੀ ਨੂੰ ਕਿਹਾ, "ਐਹ ਲੋ! ਮੱਛੀ ਦੀ ਕੀਮਤ, ਮੈਂ ਉਸ ਦੀ ਤੜਫ਼ ਨੂੰ ਨਹੀਂ ਝੱਲ ਸਕਦਾ।" ਇਹ ਸੀ ਹੈਨਰੀ ਡਿਊਨਾਂਟ ਦੇ ਮਨ ਅੰਦਰ ਜੀਅ ਦਇਆ ਦਾ ਜਜ਼ਬਾ ਜੋ ਉਸ ਦੀ ਦਇਆਵਾਨ ਰੱਬ ਵਰਗੀ ਮਾਤਾ ਦੇ ਪ੍ਰਭਾਵ ਕਾਰਨ ਆਇਆ।

ਹੈਨਰੀ ਡਿਊਨਾਂਟ ਨੇ ਜਦੋਂ ਸਕੂਲ ਦੀ ਪੜ੍ਹਾਈ ਖ਼ਤਮ ਕੀਤੀ ਤੇ ਉਸ ਨੂੰ ਕਾਲਜ ਵਿੱਚ ਉੱਚ-ਵਿੱਦਿਆ ਦੀ ਪ੍ਰਾਪਤੀ ਲਈ ਭੇਜਿਆ ਗਿਆ। ਉਹ ਕਾਲਜ ਦੀ ਵਿੱਦਿਆ ਪੂਰੀ ਨਾ ਕਰ ਸਕਿਆ ਤਾਂ ਉਸ ਨੇ ਆਪਣੀ ਉਪਜੀਵਿਕਾ ਲਈ ਬੈਂਕ ਦੇ ਕੰਮ ਦੀ ਸਿੱਖਿਆ ਹਾਸਲ ਕੀਤੀ। 1853 ਈਸਵੀ ਵਿੱਚ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਜਿਸ ਦੀ ਇੱਕ ਸ਼ਾਖਾ ਅਲਜੀਰੀਆ ਵਿੱਚ ਸੀ ਤੇ ਉਸ ਦਾ ਜਨਰਲ ਮੈਨੇਜਰ ਹੈਨਰੀ ਡਿਊਨਾਂਟ ਨੂੰ ਬਣਾ ਕੇ ਭੇਜਿਆ ਗਿਆ। 1858 ਈਸਵੀ ਵਿੱਚ ਉਸ ਨੇ ਇਹ ਨੌਕਰੀ ਛੱਡ ਦਿੱਤੀ ਤੇ ਆਪਣੀ ਇੱਕ ਕੰਪਨੀ ਖੋਲ੍ਹ ਲਈ ਕਿਉਂਕਿ ਉਸ ਦਾ ਆਪਣੇ ਦੋਸਤਾਂ-ਮਿੱਤਰਾਂ ਦਾ ਘੇਰਾ ਕਾਫ਼ੀ ਵਿਸ਼ਾਲ ਹੋ ਗਿਆ ਸੀ। ਉਹ ਇੱਕ ਬਹੁਤ ਹੀ ਇਮਾਨਦਾਰ ਤੇ ਮਿਹਨਤੀ ਇਨਸਾਨ ਸੀ।

ਆਪਣੇ ਦੋਸਤਾਂ ਦੀ ਮੱਦਦ ਨਾਲ ਉਹ ਐਲਜੀਰੀਆ ਵਿੱਚ ਭੂਮੀ ਨੂੰ ਉੱਨਤ ਕਰਨ, ਕਣਕ ਪੈਦਾ ਕਰਨ, ਆਟੇ ਦੀਆਂ ਚੱਕੀਆਂ ਲਗਾਉਣ, ਖਾਣਾ, ਜੰਗਲ ਅਤੇ ਪੱਥਰ ਕੱਢਣ ਦੀਆਂ ਪਹਾੜੀਆਂ ਦੀ ਖ਼ਰੀਦ ਕਰਨ ਦਾ ਚਾਹਵਾਨ ਸੀ। ਜਿਸ ਵਿੱਚੋਂ ਉਹ ਕਾਫ਼ੀ ਮੁਨਾਫ਼ੇ ਦੀ ਆਸ ਰੱਖਦਾ ਸੀ, ਜਦੋਂ ਉਸ ਪਾਸ ਕਾਫ਼ੀ ਸਰਮਾਇਆ ਹੋ ਗਿਆ ਤਾਂ ਉਸ ਦਾ ਇਕ ਭਾਈਵਾਲ ਹੈਨਰੀ ਨਿੱਕ ਨੌ-ਜਵਾਨ ਬਣ ਗਿਆ। ਇਸ ਕੰਮ ਦੇ ਸੰਬੰਧ ਵਿੱਚ ਹੈਨਰੀ ਡਿਊਨਾਂਟ ਨੇ ਉਸ ਵਕਤ ਫ਼ਰਾਂਸ ਦੇ ਸਮਰਾਟ ਨੈਪੋਲੀਅਨ ਤੀਜੇ ਨੂੰ ਖ਼ੁਦ ਮਿਲਣ ਦਾ ਉਪਰਾਲਾ ਕੀਤਾ। ਪਰ ਨੈਪੋਲੀਅਨ ਉਸ ਸਮੇਂ ਉੱਤਰੀ ਇਟਲੀ ਵਿੱਚ

ਆਸਟਰੀਆ ਦੇ ਵਿਰੁੱਧ ਜੰਗ ਕਰਨ ਗਿਆ ਹੋਇਆ ਸੀ। ਡਿਊਨਾਂਟ ਦੇ ਮਨ ਦੀ ਖ਼ਾਹਿਸ਼ ਸੀ ਕਿ ਉਸ ਨੇ ਨੈਪੋਲੀਅਨ ਨੂੰ ਇੱਕ ਵਾਰ ਜ਼ਰੂਰ ਮਿਲਣਾ ਹੈ ਤਾਂ ਉਹ ਲੋਮਬਾਰਡੀ ਦੇ ਯੁੱਧ ਖੇਤਰ ਵੱਲ ਚੱਲ ਪਿਆ। ਹੈਨਰੀ ਡਿਊਨਾਂਟ ਦੀ 23 ਜੂਨ ਦੀ ਰਾਤ ਨੂੰ ਲੰਬਾਰਡੀ ਦੇ ਮੈਦਾਨ ਵਿਚਲੇ ਪਿੰਡ ਕਾਸਟੀਲੀਅਨ ਵਿਖੇ ਇੱਕ ਸਰਾਂ ਵਿੱਚ ਠਹਿਰਿਆ ਸੀ।

ਹੈਨਰੀ ਡਿਊਨਾਂਟ ਲੋਮਬਾਰਡੀ ਦੇ ਇਲਾਕੇ ਵਿੱਚ ਪਹੁੰਚਿਆ ਤਾਂ ਉਸ ਸਮੇਂ ਮੋਨਾਟੇਬਲ, ਪੋਲਸਟਰ, ਮੈਗਨਟਾ ਆਦਿ ਥਾਂਵਾਂ ਤੇ ਲੜਾਈਆਂ ਖ਼ਤਮ ਹੋ ਚੁੱਕੀਆਂ ਸਨ ਅਤੇ ਸਾਲਫਰੀਨੋ ਦੇ ਮੈਦਾਨ ਵਿੱਚ ਲੜਾਈ ਕਰਨ ਦੀਆਂ ਤਿਆਰੀਆਂ ਮੁਕੰਮਲ ਹੋ ਰਹੀਆਂ ਸਨ। 24 ਜੂਨ, 1859 ਈਸਵੀ ਨੂੰ ਸਾਲਫਰੀਨ ਦੇ ਮੈਦਾਨ ਵਿੱਚ ਬੜੀ ਹੀ ਭਿਆਨਕ ਜੰਗ ਹੋਈ, ਜਿਸ ਹੈਨਰੀ ਡਿਊਨਾਂਟ ਨੇ ਆਪਣੀਆਂ ਅੱਖਾਂ ਨਾਲ ਦੇਖਿਆ। ਉਸ ਦਾ ਹਿਰਦਾ ਇਨਾ ਸੰਵੇਦਨਸ਼ੀਲ ਹੋ ਗਿਆ ਕਿ ਜੋ ਉਸ ਨੇ ਵੇਖਿਆ ਉਸ ਨੂੰ ਕਦੇ ਵੀ ਭੁੱਲ ਨਾ ਸਕਿਆ।

ਡਿਊਨਾਂਟ ਨੇ ਆਪਣੀਆਂ ਅੱਖਾਂ ਨਾਲ ਜੋ ਵੇਖਿਆ ਕਿ ਸੈਨਿਕ ਕਿਸ ਤਰ੍ਹਾਂ ਬੜੀ ਬੇਰਹਿਮੀ ਨਾਲ ਕਟਾ ਵੱਢੀ ਕਰ ਰਹੇ ਸਨ, ਜ਼ਖ਼ਮੀਆਂ ਦੀਆਂ ਚੀਕਾਂ ਨਾਲ ਸਾਰਾ ਮੈਦਾਨ ਕੁਰਲਾ ਰਿਹਾ ਸੀ, ਜ਼ਖ਼ਮੀ ਹੋਏ ਜਵਾਨ ਤੜਫ਼-ਤੜਫ਼ ਕੇ ਮਰ ਰਹੇ ਸਨ। ਲਾਸ਼ਾਂ ਦੇ ਢੇਰ ਲੱਗੇ ਹੋਏ ਸਨ ਤੇ ਚਾਰੇ ਪਾਸੇ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਸਨ। ਸੈਨਿਕ ਇਕ-ਦੂਸਰੇ ਤੇ ਵਹਿਸ਼ੀਆਨਾ ਹਮਲੇ ਕਰ ਰਹੇ ਸਨ ਤੇ ਕਹਿਰਾਂ ਦਾ ਤੂਫ਼ਾਨ ਸੀ ਜੋ ਦੇਖਿਆ ਨਹੀਂ ਜਾ ਸਕਦਾ ਸੀ। ਜਿੱਧਰ ਵੀ ਨਜ਼ਰ ਮਾਰੀਏ ਲੋਥਾਂ ਦੇ ਢੇਰ ਦਿਖਾਈ ਦੇ ਰਹੇ ਸਨ। ਆਖ਼ਿਰ ਆਸਟਰੀਆ ਪਿੱਛੇ ਹੱਟ ਗਿਆ।

ਗਰਮੀਆਂ ਦੇ ਦਿਨ ਹੋਣ ਕਰਕੇ ਲੜਾਈ ਵਿੱਚ ਜ਼ਖ਼ਮੀਆਂ ਦੇ ਬੁੱਲ੍ਹ ਸੁੱਕ ਰਹੇ ਸਨ ਕਿਉਂਕਿ ਪਾਣੀ ਨਹੀਂ ਮਿਲ ਰਿਹਾ ਸੀ। ਕਈ ਵਿਚਾਰੇ ਤਾਂ ਪਾਣੀ ਦੁੱਖੋਂ ਹੀ ਮਰਦੇ ਜਾਂਦੇ ਸਨ। ਹਰ ਪਾਸੇ ਕੁਰਲਾਹਟ ਸੀ, ਇਰਦ-ਗਿਰਦ ਪੀਣ ਵਾਲਾ ਪਾਣੀ ਵੀ ਖ਼ੂਨ ਹੀ

ਬਣ ਚੁੱਕਾ ਸੀ, ਜੋ ਕਿ ਪੀਣ ਯੋਗ ਨਹੀਂ ਸੀ। ਇਹ ਸਾਰਾ ਦ੍ਰਿਸ਼ ਹੈਨਰੀ ਡਿਊਨਾਂਟ ਨੇ ਅੱਖੀਂ ਵੇਖਿਆ ਤੇ ਆਪਣੇ ਨਿੱਜੀ ਕੰਮ ਨੂੰ ਭੁੱਲ ਗਿਆ ਤੇ ਇਹੀ ਸੋਚਣ ਲੱਗਾ ਕਿ ਇਨ੍ਹਾਂ ਸੈਨਿਕਾਂ ਦੀ ਸਹਾਇਤਾ ਕਿਸ ਤਰ੍ਹਾਂ ਕੀਤੀ ਜਾਵੇ ?

ਉਸ ਨੇ ਕਾਸਟੀਲੀਅਨ ਦੇ ਪੁਰਸ਼, ਇਸਤਰੀਆਂ, ਜਵਾਨ ਵਰਗ ਦੇ ਲੜਕੇ ਲੜਕੀਆਂ ਨੂੰ ਇਕੱਠਿਆਂ ਕੀਤਾ ਤੇ ਯੁੱਧ ਦੇ ਮੈਦਾਨ ਵਿੱਚ ਜ਼ਖ਼ਮੀਆਂ ਦੀ ਸੇਵਾ:ਕਰਨ ਬਾਰੇ ਯੋਗ ਪ੍ਰਬੰਧ ਕਰਨ ਦਾ ਉਪਰਾਲਾ ਕੀਤਾ ਗਿਆ। ਇਤਿਹਾਸ ਗਵਾਹ ਹੈ ਕਿ 40,000 ਤੋਂ ਵੱਧ ਸੈਨਿਕ ਮਰੇ ਤੇ ਜ਼ਖ਼ਮੀ ਹੋਏ ਪਏ ਸਨ। ਉਨ੍ਹਾਂ ਜ਼ਖ਼ਮੀਆਂ ਨੂੰ ਸਕੂਲਾਂ, ਗਿਰਜਾ ਘਰਾਂ, ਸਰਾਂਵਾਂ ਤੇ ਆਮ ਲੋਕਾਂ ਦੇ ਨਿੱਜੀ ਘਰਾਂ ਵਿੱਚ ਰੱਖਿਆ ਗਿਆ । ਹਰ ਪਾਸੇ ਜ਼ਖ਼ਮੀ ਹੀ ਜ਼ਖ਼ਮੀ ਨਜ਼ਰ ਆ ਰਹੇ ਸਨ। ਲਗਭਗ 30,000 ਜ਼ਖ਼ਮੀਆਂ ਨੂੰ ਬਰੈਸੀਆ ਪਹੁੰਚਾਇਆ ਗਿਆ। ਭਾਵੇਂ ਨਰਸਾਂ, ਡਾਕਟਰਾਂ ਤੇ ਸੇਵਾਦਾਰਾਂ ਦੀ ਕਾਫ਼ੀ ਥੁੜ੍ਹ ਸੀ ਪਰ ਹੈਨਰੀ ਡਿਊਨਾਂਟ ਦੇ ਸਾਥੀਆਂ ਦੀ ਇਹ ਕੋਸ਼ਿਸ਼ ਸੀ ਕਿ ਵੱਧ ਤੋਂ ਵੱਧ ਲੋਕਾਂ ਨੂੰ ਮੌਤ ਦੇ ਮੂੰਹ 'ਚੋਂ ਬਚਾਇਆ ਜਾਵੇ। ਜੋ ਕਿ ਆਪਣੇ ਮਿਸ਼ਨ ਵਿੱਚ ਸਫ਼ਲ ਹੋਏ।

ਹੈਨਰੀ ਡਿਊਨਾਂਟ ਨੇ ਆਪਣੇ ਨਾਲ ਜੋ ਸੇਵਾਦਾਰ ਲੋਕਾਂ ਦੀ ਟੀਮ ਤਿਆਰ ਕੀਤੀ, ਉਹ ਸਾਰੇ ਇਟਲੀ ਦੇ ਹੀ ਵਸਨੀਕ ਸਨ ਤੇ ਉਸ ਨੇ ਉਨ੍ਹਾਂ ਸੇਵਾਦਾਰਾਂ ਪਾਸੋਂ ਪ੍ਰਣ ਲਿਆ ਕਿ ਇਨ੍ਹਾਂ ਜ਼ਖ਼ਮੀਆਂ ਦੀ ਸੇਵਾ ਕਰਦੇ ਸਮੇਂ ਕਿਸੇ ਵੀ ਕੌਮ ਜਾਂ ਮਜ਼ਹਬ ਦਾ ਭੇਦ-ਭਾਵ ਨਹੀਂ ਕਰਨਾ। ਜਿਹੜਾ ਵੀ ਫੱਟੜ ਭਾਵੇਂ ਉਹ ਫ਼ਰਾਂਸੀਸੀ ਜਾਂ ਆਸਟਰੀਅਨ, ਇਟਾਲੀਅਨ ਜਾਂ ਜਰਮਨੀ ਦਾ ਹੋਵੇ ਤਾਂ ਉਸ ਦੀ ਸੇਵਾ ਮਨੁੱਖ ਜਾਣ ਕੇ ਕਰਨੀ ਹੈ। ਹੈਨਰੀ ਡਿਊਨਾਂਟ ਨੇ ਆਪਣੇ ਸਾਥੀਆਂ ਨੂੰ ਇਹ ਵੀ ਹਦਾਇਤ ਕੀਤੀ ਸੀ ਕਿ ਇਹ ਅੱਖਰ ਯਾਦ ਰੱਖਣੇ ਕਿ ਅਸੀਂ ਸਾਰੇ ਭਰਾ-ਭਰਾ ਹਾਂ। ਅਸਲ ਵਿੱਚ ਹੈਨਰੀ ਡਿਊਨਾਂਟ ਦੀ ਸੰਸਾਰ ਪ੍ਰਸਿੱਧ ਸੰਸਥਾ ਰੈੱਡ ਕਰਾਸ ਦਾ ਮੁੱਢ ਸਨ ਇਹ ਅੱਖਰ।

ਹੈਨਰੀ ਡਿਊਨਾਂਟ ਦੇ ਇਸ ਉਪਰਾਲੇ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬੱਚ ਗਈਆਂ। ਪਰ ਕਈਆਂ ਨੇ ਜੰਗ ਦੇ ਮੈਦਾਨ ਵਿੱਚ ਹੀ ਉਸ ਦੀਆਂ ਅੱਖਾਂ ਸਾਹਮਣੇ ਪ੍ਰਾਣ ਤਿਆਗ ਦਿੱਤੇ ਸਨ। ਸਾਲਫਰੀਨੋ ਦੀ ਇਸ ਲੜਾਈ ਨੇ ਹੈਨਰੀ ਡਿਊਨਾਂਟ ਨੂੰ ਇੱਕ ਅਜਿਹਾ ਸਦਮਾ ਲਾਇਆ ਕਿ ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਹਰ ਸਮੇਂ ਲੜਾਈ ਦੇ ਦ੍ਰਿਸ਼ ਹੀ ਨਜ਼ਰੀ ਆਉਣ ਲੱਗੇ। ਉਹ ਹਰ ਸਮੇਂ ਡੂੰਘੀਆਂ ਸੋਚਾਂ ਵਿੱਚ ਲੱਗਾ ਰਹਿੰਦਾ ਕਿ ਇਨ੍ਹਾਂ ਜ਼ਖ਼ਮੀਆਂ ਦੀ ਦੇਖ-ਭਾਲ ਕਿਸ ਤਰ੍ਹਾਂ ਕਰਨੀ ਹੈ। ਆਖ਼ਿਰ ਉਸ ਦੀ ਡੂੰਘੀ ਸੋਚ ਦਾ ਨਤੀਜਾ ਇਹ ਹੋਇਆ ਕਿ ਉਸ ਨੇ ਆਪਣੀ ਕਲਮ ਨੂੰ ਜੁੰਬਸ ਦਿੱਤੀ ਤੇ ਜੋ ਕੁੱਝ ਜੰਗ ਦੇ ਮੈਦਾਨ ਵਿੱਚ ਉਸ ਨੇ ਵੇਖਿਆ ਤੇ ਵਾਪਰਿਆ। ਉਸ ਨੂੰ ਸੰਸਾਰ ਸਾਹਮਣੇ ਰੱਖਣ ਦਾ ਦ੍ਰਿੜ੍ਹ ਇਰਾਦਾ ਕੀਤਾ ਤੇ ਹੈਨਰੀ ਡਿਊਨਾਂਟ ਨੇ ਬੜੀ ਹੀ ਦਰਦਨਾਕ ਪੁਸਤਕ 'ਸਾਲਫਰੀਨੋ ਦੀ ਯਾਦ' ਲਿਖੀ। ਜੋ ਉਸਨੇ ਆਪਣੇ ਖ਼ਰਚੇ ਤੇ ਛਪਵਾ ਕੇ ਸੰਸਾਰ ਦੇ ਪ੍ਰਸਿੱਧ ਸਮਰਾਟਾਂ, ਬੁੱਧੀਜੀਵੀ ਲੋਕਾਂ, ਵਿਦਵਾਨਾਂ, ਲੇਖਕਾਂ ਤੇ ਰਾਜਸੀ ਆਗੂਆਂ ਨੂੰ ਆਪਣੇ ਖ਼ਰਚੇ ਤੇ ਮੁਫ਼ਤ ਭੇਜੀ। ਜਿਸ ਵਿੱਚ ਮਨੁੱਖਤਾਪ੍ਰਤੀ ਦਿਲ ਹਿਲਾ ਦੇਣ ਵਾਲੀ ਹੁਕ ਸੀ ਕਿ ਲੜਾਈ ਦੇ ਮੈਦਾਨ ਵਿੱਚ ਜ਼ਖ਼ਮੀ ਹੋਣ ਵਾਲਿਆਂ ਲਈ ਕੁੱਝ ਕੀਤਾ ਜਾਵੇ ਤਾਂ ਜੋ ਕੀਮਤੀ ਜਾਨਾਂ ਬਚ ਸਕਣ। ਜਿਸ ਦੇ ਫਲਸਰੂਪ ਅੱਜ ਦੀ ਕੌਮਾਂਤਰੀ ਰੈੱਡ ਕਰਾਸ ਸੁਸਾਇਟੀ ਹੋਂਦ ਵਿੱਚ ਆਈ। ਜੋ ਕਿ ਸੰਸਾਰ ਦੇ ਤਕਰੀਬਨ ਹਰ ਦੇਸ਼ ਅੰਦਰ ਬੜੀ ਮਿਹਨਤ ਤੇ ਲਗਨ ਨਾਲ ਕੰਮ ਕਰ ਰਹੀਆਂ ਸਨ 1 8 ਮਈ ਦਾ ਦਿਨ ਵਿਸ਼ਵ ਰੈੱਡ ਕਰਾਸ ਦੇ ਦਿਵਸ ਵਜੋਂ ਮਨਾਇਆ ਜਾਂਦਾ ਹੈ। 5 ਅਕਤੂਬਰ, 1863 ਈਸਵੀ ਨੂੰ ਰੈੱਡ ਕਰਾਸ ਕੌਮਾਂਤਰੀ ਕਮੇਟੀ ਵਜੂਦ ਵਿੱਚ ਆਈ, ਇਸ ਦਾ ਪਹਿਲਾ ਨਾਉਂ 'ਫੱਟੜ ਸੈਨਿਕਾਂ ਦੀ ਸਹਾਇਤਾ ਕਮੇਟੀ' ਸੀ ਤੇ ਬਾਅਦ ਵਿੱਚ 1880 ਈਸਵੀ ਵਿੱਚ ਇਹ ਨਾਂ ਬਦਲ ਕੇ ਰੈੱਡ ਕਰਾਸ ਕੌਮਾਂਤਰੀ ਕਮੇਟੀ ਰੱਖਿਆ ਗਿਆ।ਰੈੱਡ ਕਰਾਸ ਦੀ ਸਭ ਤੋਂ ਅਹਿਮ ਪ੍ਰਾਪਤੀ ਜਨੇਵਾ ਸੰਧੀ ਹੈ। ਭਾਰਤ ਵਿੱਚ ਰੈੱਡ ਕਰਾਸ ਦਾ ਕੰਮ 1914 ਈਸਵੀ ਵਿੱਚ ਆਰੰਭ ਹੋ ਗਿਆ ਸੀ ਤੇ ਭਾਰਤੀ ਰੈੱਡ ਕਰਾਸ ਸੋਸਾਇਟੀ ਦੀ ਸਥਾਪਨਾ 1920 ਈਸਵੀ ਵਿੱਚ ਹੋਈ। ਪੰਜਾਬ ਜਿਸ ਦੀ ਜਦੋਂ ਵੰਡ ਨਹੀਂ ਹੋਈ ਸੀ ਤਾਂ ਪੰਜਾਬ ਵਿੱਚ ਇਸ ਸੁਸਾਇਟੀ ਦੀ ਸ਼ਾਖਾ 1925 ਈਸਵੀ ਵਿੱਚ ਕਾਇਮ ਕੀਤੀ ਗਈ ਸੀ।

ਜਿਵੇਂ ਕਿ ਹੈਨਰੀ ਡਿਊਨਾਂਟ ਨੇ ਇਟਲੀ ਵਿੱਚ ਸਾਲਫਰੀਨੋ ਦੀ ਲੜਾਈ ਵਿੱਚ ਜ਼ਖ਼ਮੀਆਂ ਦੀ ਸੇਵਾ ਕੀਤੀ। ਇਸੇ ਸੋਚ ਨੂੰ ਭਾਈ ਘਨੱਈਆ ਜੀ ਦੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਸਤਾਰਵੀਂ ਸਦੀ ਈਸਵੀ ਵਿੱਚ ਨਿਭਾਇਆ ਸੀ ਅਤੇ ਭਾਈ ਘਨੱਈਆ ਨੂੰ ਰੈੱਡ ਕਰਾਸ ਦਿਵਸ ਦੇ ਮੌਕੇ 'ਤੇ ਹਰ ਸਾਲ ਪੰਜਾਬ ਦੇ ਰੈੱਡ ਕਰਾਸ ਦੇ ਅਸਲੀ ਮੋਢੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

ਬੀਜ ਡਰਾਫਟ ਬਿੱਲ, 2025 - 11 ਦਸੰਬਰ, 2025 ਤੱਕ ਸੁਝਾਅ ਮੰਗੇ ਗਏ ਹਨ - ਇੱਕ ਇਤਿਹਾਸਕ ਕਦਮ ਜੋ ਭਾਰਤੀ ਖੇਤੀਬਾੜੀ ਦੇ ਭਵਿੱਖ ਨੂੰ ਮੁੜ ਪਰਿਭਾਸ਼ਿਤ ਕਰੇਗਾ।

# ਬੀਜ ਡਰਾਫਟ ਬਿੱਲ, 2025 - ਭਾਰਤੀ ਖੇਤੀਬਾੜੀ ਵਿੱਚ ਗੁਣਵੱਤਾ, ਅਧਿਕਾਰਾਂ ਅਤੇ ਪਾਰਦਰਸ਼ਤਾ ਦਾ ਇੱਕ ਨਵਾਂ ਯੁੱਗ।

ਐਡਵੋਕੇਟ
ਕਿਸ਼ਨ
ਸੰਮੁਖਦਾਸ
ਭਵਾਨੀ
ਗੋਂਡੀਆ, ਮਹਾਰਾਸ਼ਟਰ






***ਇਹ ਬਿੱਲ ਗੈਰ-ਕਾਨੂੰਨੀ ਬੀਜ ਵਿਕਰੀ, ਜਾਅਲੀ ਬ੍ਰਾਂਡਿੰਗ ਅਤੇ ਅਣਅਧਿਕਾਰਤ ਜੈਨੇਟਿਕ ਕਿਸਮਾਂ ਵਰਗੇ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਪ੍ਰਦਾਨ ਕਰਦਾ ਹੈ। ਕੋਈ ਵੀ ਕੰਪਨੀ ਰਜਿਸਟਰੇਸ਼ਨ ਤੋਂ ਬਿਨਾਂ ਬਾਜ਼ਾਰ ਵਿੱਚ ਬੀਜ ਨਹੀਂ ਵੇਚ ਸਕਦੀ। - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ***

ਗੋਂਡੀਆ – ਭਾਰਤ ਇੱਕ ਖੇਤੀਬਾੜੀ ਦੇਸ਼ ਹੈ, ਜਿੱਥੇ ਖੇਤੀਬਾੜੀ ਨਾ ਸਿਰਫ਼ ਰੋਜ਼ੀ-ਰੋਟੀ ਦਾ ਸਰੋਤ ਹੈ, ਸਗੋਂ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਜੀਵਨ ਦੀ ਨੀਂਹ ਵੀ ਹੈ। ਇਸ ਵਿਸ਼ਾਲ ਖੇਤੀਬਾੜੀ ਪ੍ਰਣਾਲੀ ਦੀ ਆਤਮਾ ਬੀਜ ਹੈ, ਕਿਉਂਕਿ ਬੀਜ ਪਹਿਲਾ ਤੱਤ ਹੈ ਜਿੱਥੋਂ ਉਤਪਾਦਨ, ਨਵੀਨਤਾ ਅਤੇ ਭੋਜਨ ਸੁਰੱਖਿਆ ਦੀ ਪੂਰੀ ਲੜੀ ਸ਼ੁਰੂ ਹੁੰਦੀ ਹੈ। ਬੀਜ ਖੇਤਰ ਵਿੱਚ ਸੁਧਾਰ ਅਤੇ ਪਾਰਦਰਸ਼ਤਾ ਲਿਆਉਣ ਲਈ, ਸਰਕਾਰ ਨੇ ਬੀਜ ਡਰਾਫਟ ਬਿੱਲ, 2025 ਦਾ ਪ੍ਰਸਤਾਵ ਰੱਖਿਆ ਹੈ, ਅਤੇ 11 ਦਸੰਬਰ, 2025 ਤੱਕ ਨਾਗਰਿਕਾਂ, ਕਿਸਾਨਾਂ, ਵਿਗਿਆਨੀਆਂ, ਬੀਜ ਉਤਪਾਦਕਾਂ ਅਤੇ ਹੋਰ ਹਿੱਸੇਦਾਰਾਂ ਤੋਂ ਸੁਝਾਅ ਮੰਗੇ ਹਨ। ਇਹ ਡਰਾਫਟ ਬਿੱਲ ਨਾ ਸਿਰਫ਼ ਖੇਤੀਬਾੜੀ ਸੁਧਾਰਾਂ ਦੇ ਅਗਲੇ ਪੜਾਅ ਦਾ ਸੰਕੇਤ ਦਿੰਦਾ ਹੈ, ਸਗੋਂ ਦੇਸ਼ ਵਿੱਚ ਗੁਣਵੱਤਾ ਵਾਲੇ ਬੀਜ ਸ਼ਾਸਨ ਲਈ ਇੱਕ ਨਵਾਂ ਢਾਂਚਾ ਵੀ ਪੇਸ਼ ਕਰਦਾ ਹੈ। ਮੈਂ,ਐਡਵੋਕੇਟ ਕਿਸ਼ਨਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਬੀਜ ਡਰਾਫਟ ਬਿੱਲ, 2025 ਨੂੰ ਜਾਰੀ ਕਰਕੇ, ਭਾਰਤ ਨੇ ਇੱਕ ਵਿਧਾਨਕ ਯਤਨ ਸ਼ੁਰੂ ਕੀਤਾ ਹੈ ਜੋ ਨਾ ਸਿਰਫ਼ ਦੇਸ਼ ਦੀ ਖੇਤੀਬਾੜੀ ਪ੍ਰਣਾਲੀ ਨੂੰ ਆਧੁਨਿਕਤਾ, ਪਾਰਦਰਸ਼ਤਾ ਅਤੇ ਗੁਣਵੱਤਾ ਦੇ ਉੱਚਤਮ ਮਿਆਰਾਂ ਨਾਲ ਜੋੜਦਾ ਹੈ, ਸਗੋਂ ਬੀਜ ਸੁਰੱਖਿਆ, ਕਿਸਾਨਾਂ ਦੇ ਅਧਿਕਾਰਾਂ ਅਤੇ ਖੇਤੀਬਾੜੀ ਕਾਰੋਬਾਰ ਦੇ ਨੈਤਿਕ ਢਾਂਚੇ ਲਈ ਇੱਕ ਨਵੀਂ ਦਿਸ਼ਾ ਵੀ ਪ੍ਰਦਾਨ ਕਰਦਾ ਹੈ। ਇਹ ਬਿੱਲ 1966 ਦੇ ਬੀਜ ਐਕਟ ਅਤੇ 1983 ਦੇ ਬੀਜ ਕੰਟਰੋਲ ਆਰਡਰ ਦੀ ਥਾਂ ਲਵੇਗਾ, ਜੋ ਅੱਜ ਦੀਆਂ ਤਕਨਾਲੋਜੀ- ਸੰਚਾਲਿਤ ਖੇਤੀਬਾੜੀ ਮੰਗਾਂ ਦੇ ਸਾਹਮਣੇ

ਨਾਕਾਫ਼ੀ ਹੋ ਗਏ ਹਨ। ਬਦਲਦੀਆਂ ਜਲਵਾਯੂ ਸਥਿਤੀਆਂ, ਬੀਜਾਂ ਵਿੱਚ ਬਾਇਓਟੈਕਨਾਲੋਜੀ ਦੀ ਵੱਧ ਰਹੀ ਵਰਤੋਂ, ਅਤੇ ਵਿਸ਼ਵ ਬਾਜ਼ਾਰਾਂ ਵਿੱਚ ਮੁਕਾਬਲੇ ਦੇ ਦਬਾਅ ਨੇ ਇਸ ਨਵੇਂ ਬਿੱਲ ਦੀ ਜ਼ਰੂਰਤ ਨੂੰ ਹੋਰ ਮਜ਼ਬੂਤ ਕੀਤਾ ਹੈ। ਇਹ ਪ੍ਰਸਤਾਵ ਖੇਤੀਬਾੜੀ ਖੇਤਰ ਨੂੰ ਵਿਸ਼ਵ ਪੱਧਰੀ ਬਣਾਉਣ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਤਰਜੀਹ ਦੇਣ ਵੱਲ ਭਾਰਤ ਦੀ ਤੇਜ਼ ਪ੍ਰਗਤੀ ਦਾ ਪ੍ਰਮਾਣ ਹੈ।




ਦੋਸਤੋ, ਅੱਜ ਭਾਰਤ ਵਿਸ਼ਵ ਬੀਜ ਬਾਜ਼ਾਰ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਬਣ ਗਿਆ ਹੈ। ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਤੋਂ, ਦੇਸ਼ ਦੇ ਬੀਜ ਨਿਰਯਾਤ ਦਾ ਮੁੱਲ ਅਰਬਾਂ ਡਾਲਰ ਤੱਕ ਪਹੁੰਚ ਗਿਆ ਹੈ, ਅਤੇ ਨਿੱਜੀ ਖੇਤਰ, ਖਾਸ ਕਰਕੇ ਬਹੁ-ਰਾਸ਼ਟਰੀ ਬੀਜ ਕੰਪਨੀਆਂ, ਇਸ ਉਦਯੋਗ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾ ਰਹੀਆਂ ਹਨ। ਬੀਜ ਬਿੱਲ, 2025 ਦਾ ਖਰੜਾ ਕਾਰੋਬਾਰ ਕਰਨ ਵਿੱਚ ਆਸਾਨੀ ਦੇ ਸਿਧਾਂਤ 'ਤੇ ਅਧਾਰਤ ਹੈ। ਇਹ ਬੀਜ ਰਜਿਸਟਰੇਸ਼ਨ, ਲਾਇਸੈਂਸਿੰਗ, ਟੈਸਟਿੰਗ ਅਤੇ ਵੰਡ ਦੀਆਂ ਪ੍ਰਕਿਰਿਆਵਾਂ ਨੂੰ ਇੱਕ ਡਿਜੀਟਲ ਪਲੇਟਫਾਰਮ 'ਤੇ ਲਿਆਉਣ ਦੀ ਮੰਗ ਕਰਦਾ ਹੈ। ਇਹ ਛੋਟੇ ਉੱਦਮੀਆਂ, ਸਟਾਰਟਅੱਪਸ ਅਤੇ ਸਥਾਨਕ ਬੀਜ ਉਤਪਾਦਕਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਬਿੱਲ ਗੈਰ-ਕਾਨੂੰਨੀ ਬੀਜ ਵਿਕਰੀ, ਜਾਅਲੀ ਬ੍ਰਾਂਡਿੰਗ ਅਤੇ ਅਣਅਧਿਕਾਰਤ ਜੈਨੇਟਿਕ ਕਿਸਮਾਂ ਵਰਗੇ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਦੀ ਵਿਵਸਥਾ ਕਰਦਾ ਹੈ, ਜੋ ਬੀਜ ਉਦਯੋਗ ਵਿੱਚ ਪਾਰਦਰਸ਼ਤਾ ਅਤੇ ਖਪਤਕਾਰਾਂ ਦੇ ਵਿਸ਼ਵਾਸ ਦੋਵਾਂ ਨੂੰ ਮਜ਼ਬੂਤ ਕਰੇਗਾ। ਅੰਤਰਰਾਸ਼ਟਰੀ ਦ੍ਰਿਸ਼ਟੀਕੋਣ-ਭਾਰਤੀ ਢਾਂਚਾ ਗਲੋਬਲ ਮਿਆਰਾਂ ਨਾਲ ਜੁੜਿਆ ਹੋਇਆ ਹੈ ਗਲੋਬਲ ਬੀਜ ਵਪਾਰ ਅਤੇ ਨਿਯਮਨ ਅੰਤਰਰਾਸ਼ਟਰੀ ਮਿਆਰਾਂ ਜਿਵੇਂ ਕਿ ਨਵੀਆਂ ਕਿਸਮਾਂ ਦੀਆਂ ਪੌਦਿਆਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਯੂਨੀਅਨ, ਅੰਤਰਰਾਸ਼ਟਰੀ ਬੀਜ ਜਾਂਚ ਐਸੋਸੀਏਸ਼ਨ, ਅਤੇ ਬੀਜ ਯੋਜਨਾਵਾਂ ਦੇ ਅਧੀਨ ਕੰਮ ਕਰਦੇ ਹਨ। ਭਾਰਤ ਦਾ ਨਵਾਂ ਡਰਾਫਟ ਬੀਜ ਬਿੱਲ ਭਾਰਤੀ ਬੀਜ ਉਦਯੋਗ ਨੂੰ ਗਲੋਬਲ ਵਪਾਰ ਨੈੱਟਵਰਕਾਂ ਵਿੱਚ ਹੋਰ ਜੋੜਨ ਲਈ ਇਹਨਾਂ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਇੱਕ ਨੀਤੀਗਤ ਢਾਂਚਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਭਾਰਤ ਨੂੰ ਨਾ ਸਿਰਫ਼ ਘਰੇਲੂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਯੋਗ ਬਣਾਏਗਾ ਬਲਕਿ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਉੱਭਰ ਰਹੇ ਖੇਤੀਬਾੜੀ ਬਾਜ਼ਾਰਾਂ ਨੂੰ ਬੀਜ ਸਪਲਾਈ ਦਾ ਇੱਕ ਸਥਿਰ ਅਤੇ ਭਰੋਸੇਮੰਦ ਸਰੋਤ ਵੀ ਬਣਾਏਗਾ।

ਦੋਸਤੋ, ਜੇਕਰ ਅਸੀਂ ਕਿਸਾਨਾਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਸਮਝਦੇ ਹਾਂ, ਤਾਂ ਕਿਸਾਨ ਕੇਂਦਰ ਵਿੱਚ ਹੈ, ਨਾ ਕਿ ਸਿਰਫ਼ ਖਪਤਕਾਰ। ਲੰਬੇ ਸਮੇਂ ਤੋਂ, ਭਾਰਤ ਦੀ ਖੇਤੀਬਾੜੀ ਨੀਤੀ ਕਿਸਾਨ ਨੂੰ ਸਿਰਫ਼ ਇੱਕ "ਖਪਤਕਾਰ" ਵਜੋਂ ਦੇਖਦੀ ਸੀ ਜਿਸਨੂੰ

ਬੀਜ ਖਰੀਦਣੇ ਪੈਂਦੇ ਹਨ। ਪਰ ਡਰਾਫਟ ਬੀਜ ਬਿੱਲ, 2025 ਇਸ ਧਾਰਨਾ ਨੂੰ ਬਦਲਦਾ ਹੈ। ਇਹ ਕਿਸਾਨ ਨੂੰ ਇੱਕ ਹਿੱਸੇਦਾਰ ਵਜੋਂ ਮਾਨਤਾ ਦਿੰਦਾ ਹੈ, ਜਿਸਦੇ ਅਧਿਕਾਰ, ਗਿਆਨ ਅਤੇ ਭਾਗੀਦਾਰੀ ਕਾਨੂੰਨੀ ਢਾਂਚੇ ਵਿੱਚ ਸ਼ਾਮਲ ਹਨ। ਬਿੱਲ ਵਿੱਚ ਇਹ ਯਕੀਨੀ ਬਣਾਉਣ ਲਈ ਪ੍ਰਬੰਧ ਸ਼ਾਮਲ ਹਨ ਕਿ ਜੇਕਰ ਕੋਈ ਕਿਸਾਨ ਬੀਜ ਤੋਂ ਉਮੀਦ ਅਨੁਸਾਰ ਨਤੀਜੇ ਪ੍ਰਾਪਤ ਨਹੀਂ ਕਰਦਾ ਹੈ, ਤਾਂ ਉਹ ਬੀਜ ਸਪਲਾਇਰ ਜਾਂ ਨਿਰਮਾਤਾ ਦੇ ਖਿਲਾਫ ਮੁਆਵਜ਼ਾ ਦਾਅਵਾ ਦਾਇਰ ਕਰ ਸਕਦਾ ਹੈ। ਇਹ ਪ੍ਰਬੰਧ ਖੇਤੀਬਾੜੀ ਖੇਤਰ ਵਿੱਚ ਖਪਤਕਾਰ ਸੁਰੱਖਿਆ ਦੇ ਸਿਧਾਂਤ ਨੂੰ ਲਾਗੂ ਕਰਨ ਵੱਲ ਇੱਕ ਇਨਕਲਾਬੀ ਕਦਮ ਹੈ। ਇਸ ਤੋਂ ਇਲਾਵਾ, ਡਰਾਫਟ ਕਿਸਾਨਾਂ ਨੂੰ ਰਵਾਇਤੀ ਬੀਜਾਂ ਨੂੰ ਬਚਾਉਣ, ਮੁੜ ਵਰਤੋਂ ਅਤੇ ਆਦਾਨ-ਪ੍ਰਦਾਨ ਕਰਨ ਦੇ ਅਧਿਕਾਰ ਤੋਂ ਇਨਕਾਰ ਨਹੀਂ ਕਰਦਾ, ਜੋ ਕਿ ਭਾਰਤ ਦੇ ਵਿਭਿੰਨ ਖੇਤੀਬਾੜੀ ਵਾਤਾਵਰਣ ਪ੍ਰਣਾਲੀ ਅਤੇ ਸਵਦੇਸ਼ੀ ਬੀਜ ਸੰਭਾਲ ਪਰੰਪਰਾਵਾਂ ਦੀ ਰੱਖਿਆ ਲਈ ਮਹੱਤਵਪੂਰਨ ਹੈ। ਬੀਜ ਗੁਣਵੱਤਾ ਨਿਯੰਤਰਣ, ਵਿਗਿਆਨ ਅਤੇ ਜਵਾਬਦੇਹੀ ਦਾ ਸੰਗਮ - ਡਰਾਫਟ ਬੀਜ ਬਿੱਲ 2025 ਸਪੱਸ਼ਟ ਤੌਰ 'ਤੇ ਦੱਸਦਾ ਹੈ ਕਿ ਸਾਰੇ ਬੀਜ ਉਤਪਾਦਕਾਂ, ਵਿਤਰਕਾਂ ਅਤੇ ਵਿਕਰੇਤਾਵਾਂ ਨੂੰ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪ੍ਰਮਾਣੀਕਰਣ ਏਜੰਸੀ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬਾਜ਼ਾਰ ਵਿੱਚ ਵੇਚੇ ਜਾਣ ਵਾਲੇ ਬੀਜ ਮਿਆਰੀ ਹੋਣ ਅਤੇ ਨਿਰਧਾਰਤ ਸੀਮਾਵਾਂ ਤੋਂ ਘੱਟ ਨਾ ਹੋਣ ਵਾਲੇ ਘੱਟੋ-ਘੱਟ ਉਗਣ ਅਤੇ ਸ਼ੁੱਧਤਾ ਦੇ ਪੱਧਰਾਂ ਨੂੰ ਪੂਰਾ ਕਰਨ। ਬਿੱਲ ਰਾਸ਼ਟਰੀ ਬੀਜ ਅਥਾਰਟੀ ਅਤੇ ਰਾਜ ਬੀਜ ਪ੍ਰਮਾਣੀਕਰਣ ਬੋਰਡਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਦਾ ਹੈ। ਉਹ ਨਾ ਸਿਰਫ਼ ਬੀਜ ਜਾਂਚ, ਰਜਿਸਟਰੇਸ਼ਨ ਅਤੇ ਪ੍ਰਮਾਣੀਕਰਣ ਲਈ ਜ਼ਿੰਮੇਵਾਰ ਹੋਣਗੇ, ਸਗੋਂ ਬੀਜ ਉਤਪਾਦਕਾਂ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇੱਕ ਸ਼ਿਕਾਇਤ ਨਿਵਾਰਣ ਵਿਧੀ ਵੀ ਸਥਾਪਤ ਕਰਨਗੇ।

ਦੋਸਤੋ, ਜੇਕਰ ਅਸੀਂ ਬੀਜ ਨਿਯਮਨ ਨੂੰ ਆਧੁਨਿਕ ਬਣਾਉਣ ਦੀ ਜ਼ਰੂਰਤ 'ਤੇ ਵਿਚਾਰ ਕਰੀਏ, ਤਾਂ 1966 ਦਾ ਬੀਜ ਐਕਟ ਉਸ ਸਮੇਂ ਲਾਗੂ ਕੀਤਾ ਗਿਆ ਸੀ ਜਦੋਂ ਭਾਰਤ ਖੁਰਾਕ ਸੰਕਟ ਨਾਲ ਜੂਝ ਰਿਹਾ ਸੀ ਅਤੇ ਹਰੀ ਕ੍ਰਾਂਤੀ ਹੁਣੇ ਸ਼ੁਰੂ ਹੋਈ ਸੀ। ਉਸ ਸਮੇਂ ਖੇਤੀਬਾੜੀ ਤਕਨਾਲੋਜੀ ਨਾ ਤਾਂ ਅੱਜ ਵਾਂਗ ਉੱਨਤ ਸੀ, ਅਤੇ ਨਾ ਹੀ ਨਿੱਜੀ ਬੀਜ ਕੰਪਨੀਆਂ ਦਾ ਦਾਇਰਾ ਇੰਨਾ ਵਿਆਪਕ ਸੀ। ਹਾਲਾਂਕਿ, 2025 ਤੱਕ, ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ। ਦੇਸ਼ ਵਿੱਚ 300 ਤੋਂ ਵੱਧ ਰਜਿਸਟਰਡ ਬੀਜ ਕੰਪਨੀਆਂ ਹਨ, ਅਤੇ ਬਾਇਓ-ਸੋਧੀਆਂ ਕਿਸਮਾਂ, ਹਾਈਬ੍ਰਿਡ ਕਿਸਮਾਂ, ਡਰੋਨ-ਅਧਾਰਤ ਬੀਜ ਟੈਸਟਿੰਗ, ਅਤੇ ਸਮਾਰਟ ਫਸਲ ਨਿਗਰਾਨੀ ਵਰਗੀਆਂ ਤਕਨਾਲੋਜੀਆਂ ਮੁੱਖ ਧਾਰਾ ਬਣ ਗਈਆਂ ਹਨ। ਪੁਰਾਣਾ ਕਾਨੂੰਨ ਗੁਣਵੱਤਾ ਜਾਂਚ, ਮਾਨਕੀਕਰਨ, ਪਾਰਦਰਸ਼ਤਾ, ਕਿਸਾਨਾਂ ਦੇ ਅਧਿਕਾਰਾਂ ਅਤੇ ਮਾਰਕੀਟਿੰਗ ਨਿਯੰਤਰਣ ਦੇ ਆਧੁਨਿਕ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਸੀ। ਇਨ੍ਹਾਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਨੇ ਡਰਾਫਟ ਸੀਡਜ਼ ਬਿੱਲ, 2025 ਤਿਆਰ ਕੀਤਾ ਹੈ, ਜੋ ਬੀਜ ਨਿਯਮਨ ਨੂੰ ਸਮੇਂ ਸਿਰ, ਵਿਗਿਆਨਕ ਅਤੇ ਅੰਤਰਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਬਣਾਉਂਦਾ ਹੈ। ਇਹ ਬਿੱਲ ਅੰਤਰਰਾਸ਼ਟਰੀ ਬੀਜ ਟੈਸਟਿੰਗ ਐਸੋਸੀਏਸ਼ਨ, ਓ.ਈ.ਸੀ.ਡੀ.ਬੀਜ ਮਿਆਰਾਂ ਅਤੇ ਐਫ.ਏ.ਓ. ਦੇ ਵਿਸ਼ਵ-ਵਿਆਪੀ ਖੇਤੀਬਾੜੀ ਸੁਰੱਖਿਆ ਮਿਆਰਾਂ ਨਾਲ ਵੀ ਮੇਲ ਖਾਂਦਾ ਹੈ।

ਦੋਸਤੋ, ਜੇਕਰ ਅਸੀਂ ਡਰਾਫਟ ਬੀਜ ਬਿੱਲ, 2025 ਦੇ ਮੁੱਖ ਉਦੇਸ਼ਾਂ ਅਤੇ ਕਿਸਾਨਾਂ ਲਈ ਵਿਸ਼ੇਸ਼ ਪ੍ਰਬੰਧਾਂ 'ਤੇ ਵਿਚਾਰ ਕਰੀਏ, ਤਾਂ ਇਸ ਬਿੱਲ ਦੇ ਉਦੇਸ਼ ਬਹੁਪੱਖੀ ਹਨ, ਜਿਸ ਵਿੱਚ ਖਪਤਕਾਰ ਸੁਰੱਖਿਆ, ਕਿਸਾਨ ਸੁਰੱਖਿਆ, ਵਿਗਿਆਨਕ ਗੁਣਵੱਤਾ ਨਿਯੰਤਰਣ, ਖੇਤੀਬਾੜੀ ਖੋਜ ਨੂੰ ਉਤਸ਼ਾਹਿਤ ਕਰਨਾ ਅਤੇ ਖੇਤੀਬਾੜੀ ਬਾਜ਼ਾਰ ਵਿੱਚ ਨਿਰਪੱਖ ਮੁਕਾਬਲਾ ਸ਼ਾਮਲ ਹੈ। ਮੁੱਖ ਉਦੇਸ਼ਾਂ ਵਿੱਚ ਸ਼ਾਮਲ ਹਨ: (1) ਕਿਸਾਨਾਂ ਨੂੰ ਉੱਚ-ਗੁਣਵੱਤਾ ਵਾਲੇ ਬੀਜ ਪ੍ਰਦਾਨ ਕਰਨਾ; (2) ਬੀਜ ਬਾਜ਼ਾਰ ਵਿੱਚ ਨਕਲੀ, ਮਿਲਾਵਟੀ ਅਤੇ ਘਟੀਆ ਬੀਜਾਂ ਨੂੰ ਕੰਟਰੋਲ ਕਰਨਾ; (3) ਕਿਸਾਨਾਂ ਦੇ ਅਧਿਕਾਰਾਂ ਅਤੇ ਮੁਆਵਜ਼ੇ ਦੀ ਗਰੰਟੀ ਦੇਣਾ; (4) ਬੀਜ ਉਤਪਾਦਕਾਂ, ਵਿਤਰਕਾਂ ਅਤੇ ਕੰਪਨੀਆਂ ਦੀ ਲਾਜ਼ਮੀ

ਰਜਿਸਟਰੇਸ਼ਨ; (5) ਖੋਜ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ; ਅਤੇ (6) ਬੀਜਾਂ ਵਿੱਚ ਜੈਵਿਕ ਸੁਰੱਖਿਆ ਅਤੇ ਜੈਵ ਵਿਭਿੰਨਤਾ ਦੀ ਰੱਖਿਆ ਕਰਨਾ। ਇਨ੍ਹਾਂ ਸਾਰੇ ਉਦੇਸ਼ਾਂ ਦਾ ਮੂਲ ਭਾਰਤ ਦੀ ਖੇਤੀਬਾੜੀ ਪ੍ਰਣਾਲੀ ਨੂੰ ਭਵਿੱਖ-ਮੁਖੀ ਅਤੇ ਜੋਖਮ-ਮੁਕਤ ਬਣਾਉਣਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਅਤੇ ਉਤਪਾਦਨ ਦੋਵਾਂ ਵਿੱਚ ਸਥਿਰਤਾ ਯਕੀਨੀ ਬਣਾਈ ਜਾ ਸਕੇ। ਕਿਸਾਨਾਂ ਲਈ ਵਿਸ਼ੇਸ਼ ਪ੍ਰਬੰਧ - ਸੁਰੱਖਿਆ, ਅਧਿਕਾਰ ਅਤੇ ਮੁਆਵਜ਼ਾ ਇਸ ਬਿੱਲ ਦਾ ਸਭ ਤੋਂ ਮਹੱਤਵਪੂਰਨ ਅਤੇ ਪ੍ਰਗਤੀਸ਼ੀਲ ਪਹਿਲੂ ਕਿਸਾਨਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨਾ ਹੈ। ਸਾਲਾਂ ਤੋਂ, ਖੇਤੀਬਾੜੀ ਖੇਤਰ ਵਿੱਚ ਇੱਕ ਸ਼ਿਕਾਇਤ ਰਹੀ ਹੈ ਕਿ ਜੇਕਰ ਕਿਸਾਨ ਬੀਜ ਕੰਪਨੀਆਂ ਦੁਆਰਾ ਵਾਅਦਾ ਕੀਤੇ ਗਏ ਉਤਪਾਦਨ ਨੂੰ ਪ੍ਰਾਪਤ ਨਹੀਂ ਕਰਦੇ ਹਨ ਤਾਂ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ। ਡਰਾਫਟ ਬੀਜ ਬਿੱਲ 2025 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸਾਨ ਮੁਆਵਜ਼ੇ ਦੇ ਯੋਗ ਹੋਣਗੇ (1) ਜੇਕਰ ਬੀਜ ਦੀ ਗੁਣਵੱਤਾ ਘਟੀਆ ਪਾਈ ਜਾਂਦੀ ਹੈ, (2) ਜੇਕਰ ਬੀਜ ਜਾਂਚ ਦੇ ਮਾਪਦੰਡ ਪੂਰੇ ਨਹੀਂ ਹੁੰਦੇ, (3) ਜਾਂ ਜੇਕਰ ਕੰਪਨੀ ਦੁਆਰਾ ਇਸ਼ਤਿਹਾਰ ਦਿੱਤਾ ਗਿਆ ਉਪਜ ਪ੍ਰਾਪਤ ਨਹੀਂ ਹੁੰਦਾ। ਇਸ ਉਦੇਸ਼ ਲਈ, ਜ਼ਿਲ੍ਹਾ ਪੱਧਰ ’ਤੇ ਇੱਕ ਬੀਜ ਮੁਆਵਜ਼ਾ ਕਮੇਟੀ ਸਥਾਪਤ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਕਿਸਾਨਾਂ ਨੂੰ ਆਪਣੇ ਬੀਜਾਂ ਨੂੰ ਬਚਾਉਣ, ਵਰਤਣ, ਵਟਾਂਦਰਾ ਕਰਨ ਅਤੇ ਵੇਚਣ ਦਾ ਵੀ ਪੂਰਾ ਅਧਿਕਾਰ ਹੋਵੇਗਾ, ਬਸ਼ਰਤੇ ਉਹ ਬ੍ਰਾਂਡਿੰਗ ਜਾਂ ਪੈਕੇਜਿੰਗ ਨਾਲ ਕਿਸੇ ਵੀ ਕਾਰੋਬਾਰ ਵਿੱਚ ਸ਼ਾਮਲ ਨਾ ਹੋਣ। ਇਹ ਵਿਵਸਥਾ ਐਫਏਓ ਕਿਸਾਨ ਅਧਿਕਾਰਾਂ ਦੇ ਚਾਰਟਰ ਦੇ ਅਨੁਸਾਰ ਹੈ, ਜੋ ਅੰਤਰਰਾਸ਼ਟਰੀ ਪੱਧਰ ’ਤੇ ਕਿਸਾਨਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ, ਅਤੇ ਭਾਰਤ ਦੇ ਆਪਣੇ ਪੀ.ਪੀ.ਵੀ.ਐਫ.ਆਰ. ਐਕਟ। ਡਰਾਫਟ ਬੀਜ ਬਿੱਲ 2025 ਦੀਆਂ ਚੁਣੌਤੀਆਂ - ਹਾਲਾਂਕਿ ਬਿੱਲ ਪ੍ਰਗਤੀਸ਼ੀਲ ਹੈ, ਇਸਦੇ ਲਾਗੂ ਕਰਨ ਵਿੱਚ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਜਿਸ ਵਿੱਚ ਛੋਟੇ ਕਿਸਾਨਾਂ ਵਿੱਚ ਜਾਗਰੂਕਤਾ ਦੀ ਘਾਟ, ਪੇਂਡੂ ਖੇਤਰਾਂ ਵਿੱਚ ਟੈਸਟਿੰਗ ਲੈਬਾਂ ਦੀ ਘਾਟ, ਛੋਟੇ ਬੀਜ ਉਤਪਾਦਕਾਂ ’ਤੇ ਰਜਿਸਟਰੇਸ਼ਨ ਪ੍ਰਕਿਰਿਆ ਦਾ ਬੋਝ, ਅਤੇ ਮੁਆਵਜ਼ਾ ਪ੍ਰਕਿਰਿਆ ਦਾ ਵਿਵਹਾਰਕ ਸਰਲੀਕਰਨ ਸ਼ਾਮਲ ਹੈ। ਹਾਲਾਂਕਿ, ਸਰਕਾਰ ਡਿਜੀਟਲ ਪਲੇਟਫਾਰਮਾਂ, ਖੇਤੀਬਾੜੀ ਵਿਸਥਾਰ ਸੇਵਾਵਾਂ ਅਤੇ ਰਾਜ ਸਰਕਾਰਾਂ ਨਾਲ ਤਾਲਮੇਲ ਰਾਹੀਂ ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਦੋਸਤੋ, ਜੇਕਰ ਅਸੀਂ ਬੀਜਾਂ ਦੀ ਲਾਜ਼ਮੀ ਰਜਿਸਟਰੇਸ਼ਨ ਅਤੇ ਗੁਣਵੱਤਾ ਜਾਂਚ ’ਤੇ ਵਿਚਾਰ ਕਰੀਏ, ਤਾਂ ਬਿੱਲ ਬੀਜ ਕੰਪਨੀਆਂ ਅਤੇ ਉਤਪਾਦਕਾਂ ਲਈ ਸਖ਼ਤ ਨਿਯਮ ਨਿਰਧਾਰਤ ਕਰਦਾ ਹੈ। ਹੁਣ, ਕੋਈ ਵੀ ਕੰਪਨੀ ਰਜਿਸਟਰੇਸ਼ਨ ਤੋਂ ਬਿਨਾਂ ਬਾਜ਼ਾਰ ਵਿੱਚ ਬੀਜ ਨਹੀਂ ਵੇਚ ਸਕਦੀ। ਮੁੱਖ ਨਿਯਮ ਹਨ: (1) ਸਾਰੇ ਬੀਜਾਂ ਦੀ ਲਾਜ਼ਮੀ ਰਜਿਸਟਰੇਸ਼ਨ; (2) ਰਜਿਸਟਰੇਸ਼ਨ ਤੋਂ ਪਹਿਲਾਂ ਖੇਤ ਜਾਂਚ, ਉਪਜ ਤਸਦੀਕ ਅਤੇ ਗੁਣਵੱਤਾ ਜਾਂਚ; (3) ਬੀਜ ਉਤਪਾਦਨ ਅਤੇ ਵੰਡ ਦਾ ਰਿਕਾਰਡ ਰੱਖਣਾ; (4) ਪ੍ਰਯੋਗਸ਼ਾਲਾ ਜਾਂਚ ਵਿੱਚ ਪਾਰਦਰਸ਼ਤਾ; ਇਹ ਵਿਸ਼ਵ ਪੱਧਰੀ ਮਿਆਰਾਂ ਵੱਲ ਇੱਕ ਵੱਡਾ ਕਦਮ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਡਰਾਫਟ ਬੀਜ ਬਿੱਲ, 2025, ਖੇਤੀਬਾੜੀ ਖੇਤਰ ਨੂੰ ਸਸ਼ਕਤ ਬਣਾਉਣ ਵਾਲਾ ਇੱਕ ਭਵਿੱਖਮੁਖੀ ਬਿੱਲ, ਭਾਰਤ ਨੂੰ ਆਧੁਨਿਕ ਖੇਤੀਬਾੜੀ ਸ਼ਾਸਨ ਦੇ ਇੱਕ ਨਵੇਂ ਯੁੱਗ ਵਿੱਚ ਲੈ ਜਾਂਦਾ ਹੈ। ਇਹ ਨਾ ਸਿਰਫ਼ ਕਿਸਾਨਾਂ ਨੂੰ ਗੁਣਵੱਤਾ, ਸੁਰੱਖਿਆ ਅਤੇ ਮੁਆਵਜ਼ੇ ਦੇ ਨਾਲ ਸਸ਼ਕਤ ਬਣਾਉਂਦਾ ਹੈ, ਸਗੋਂ ਬੀਜ ਵਪਾਰ ਨੂੰ ਪਾਰਦਰਸ਼ੀ ਬਣਾ ਕੇ ਭਾਰਤ ਨੂੰ ਵਿਸ਼ਵਵਿਆਪੀ ਮੁਕਾਬਲੇ ਲਈ ਵੀ ਤਿਆਰ ਕਰਦਾ ਹੈ। ਆਧੁਨਿਕ ਵਿਗਿਆਨ, ਡਿਜੀਟਲ ਨਿਗਰਾਨੀ, ਜੈਵ ਸੁਰੱਖਿਆ, ਖੋਜ ਅਤੇ ਮਜ਼ਬੂਤ ਨਿਯਮ ਦਾ ਇਹ ਸੰਤੁਲਿਤ ਸੁਮੇਲ ਭਾਰਤੀ ਖੇਤੀਬਾੜੀ ਨੂੰ ਸਥਿਰਤਾ, ਉਤਪਾਦਕਤਾ ਅਤੇ ਸਵੈ-ਨਿਰਭਰਤਾ ਦੇ ਰਾਹ ’ਤੇ ਅੱਗੇ ਵਧਾਉਂਦਾ ਹੈ। ਇਸ ਬਿੱਲ ਦੇ ਸਫਲ ਲਾਗੂ ਹੋਣ ਨਾਲ ਭਾਰਤ ਨਾ ਸਿਰਫ਼ ਵਿਸ਼ਵ ਪੱਧਰੀ ਬੀਜ ਅਰਥਵਿਵਸਥਾ ਦਾ ਕੇਂਦਰ ਬਣੇਗਾ, ਸਗੋਂ ਤਿੰਨਾਂ ਮੋਰਚਿਆਂ ’ਤੇ ਇਤਿਹਾਸਕ ਮਜ਼ਬੂਤੀ ਵੀ ਪ੍ਰਾਪਤ ਕਰੇਗਾ: ਕਿਸਾਨ ਆਮਦਨ, ਉਤਪਾਦਨ ਅਤੇ ਵਿਸ਼ਵਾਸ।

***

# ਅਮਰ ਨਾਥ ਕੌਸਤੁਭ ਦੀਆਂ ਤਿੰਨ ਗ਼ਜ਼ਲਾਂ

## ਮੁਸਤਜ਼ਾਦ ਗਜ਼ਲ

## ਬਹਿਰ :- ਮੁਤਕਾਰਿਬ

(1)

ਤਿਰੇ ਬਾਝ ਸਾਜਨ ਕੀ ਰੀਝਾਂ ਮਲਾਰਾਂ, ਮਨੋਹਾਰੀ ਮੰਜ਼ਰ, ਘਟਾਵਾਂ, ਫੁਹਾਰਾਂ ਫਿਜ਼ਾਵਾਂ ਬਹਾਰਾਂ! ਵਿਮੋਹਕ ਸਰੋਵਰ।
ਕਿਧਰ ਜਾਣ ਉਠਕੇ ਤਿਰੇ ਆਸਤਾਂ ਤੋਂ, ਦੁਖੀ ਦਿਲ ਦਿਵਾਨੇ, ਦਿਲੋ ਜਾਨ ਜ਼ਖ਼ਮੀਂ, ਗਿਰੀਵਾਂ ਲਗਾਰਾਂ। ਫਟੇ ਹਾਲ ਬੇ ਘਰ।
ਸੁਰਾਹੀ ਸੁਬੂ ਜਾਮ ਸਾਗਰ ਉਠਾ ਤੂੰ, ਠਗਾ ਨਾ ਓ ਸਾਕੀ, ਬੜਾ ਖ਼ੂਬਸੂਰਤ ਹੈ ਮੌਸਮ ਬਹਾਰਾਂ। ਪਿਲਾ ਜਾਮ ਭਰ ਭਰ।
ਪ੍ਰਭੂ ਭਗਤ ਲੋਕਾਂ ਦੇ ਹੱਥਾਂ 'ਚ ਲੋਕੋ, ਬਲਾ ਲੋਕ ਘਾਤਕ, ਇਹ ਬਰਛੇ, ਇਹ ਤੇਗਾਂ ਇਹ ਭਾਲੇ ਕਟਾਰਾਂ। ਬਚਾ ਜਾਨ ਦਿਲਬਰ।
ਠਰੇ ਹਾੜ੍ਹ ਅੰਦਰ ਅਸੀਂ ਹਿਜਰ ਮਾਰੇ, ਗਜ਼ਬ ਹੈ, ਗਜ਼ਬ ਹੈ, ਜਲੇ ਤਨ ਬਦਨ ਮਨ ਜਾਂ ਆਈਆਂ ਫੁਹਾਰਾਂ। ਪਸੀਜਾ ਨਾ ਪੱਥਰ।
ਯਮਾਂ ਤੱਤਿਆਂ ਥੀਂ ਪੁਆਇਆ ਹੈ ਪਾਲਾ, ਲੜਾਇਆ ਸਿਤਮਗਰ, ਤਿਰੇ ਲਾਰੇ ਲੱਪਿਆਂ ਤੇ ਅਹਿਦਾਂ ਕਰਾਰਾਂ। ਸਤਾਇਆ ਨਿਰੰਤਰ।
ਔਹ ਬੁਲਬੁਲ ਪਪੀਹੇ ਤੇ ਬੱਦਲ ਵਜਾਉਂਦੇ, ਬੜੇ ਮੁਗਧਕਾਰੀ, ਨਗਾਰੇ ਪਿਆਨੋ ਗਿਟਾਰਾਂ ਸਿਤਾਰਾਂ। ਕਈ ਸਾਜ਼ ਸੁੰਦਰ।
ਬਤੇਵਰ ਗ਼ਜ਼ਲ ਤੂੰ ਕਹੀ ਕੀ ਏ 'ਕੌਸਤੁਭ', ਨਸ਼ਾ ਆ ਗਿਆ ਹੈ, ਅਨੇਕਾਂ ਗ਼ਜ਼ਲਕਾਰ ਖਾਵਣਗੇ ਖ਼ਾਰਾਂ। ਕਸਮ ਹੈ ਸੁਖ਼ਨਵਰ।

(2)

ਯਾਰਾ ਸਵਾਲ ਮੇਰਾ, 'ਡੀਕੇ ਜਵਾਬ ਤੇਰਾ, ਮੌਲਾ ਹੀ ਜਾਣਦਾ ਕਦ, ਜਾਊ ਹਿਜਾਬਾ ਤੇਰਾ।
ਯਾ ਰੱਬ ਯਾਰ ਦਾ ਤੂੰ, ਖੇੜਾ ਆਬਾਦ ਰੱਖਣਾ, ਜੋ ਆਖਦਾ ਹੈ ਅਕਸਰ, ਖ਼ਾਨਾ ਖਰਾਬ ਤੇਰਾ।
ਜੋ ਤੂੰ ਏਂ ਉਹ ਤੂੰਹੀ ਏਂ, ਦੇਵਾਂ ਕੀ ਤੈਨੂੰ ਉਪਮਾਂ, ਦੁਨੀਆਂ ਤੇ ਹੈ ਨਾ ਉੱਕਾ, ਕੋਈ ਜਵਾਬ ਤੇਰਾ।
ਇਹ ਅੰਗੜਾਈ ਤੇਰੀ, ਫਾਹ ਲੈਂਦੀ ਉੜਦਿਆਂ ਨੂੰ, ਜ਼ੁਲਫਾਂ ਦੇ ਡੰਗ ਮਾਰੇ, ਜਾਲਿਮ ਸ਼ਬਾਬ ਤੇਰਾ।
ਨਾ ਉਸਨੂੰ ਚੈਨ ਆਈ, ਨਾ ਉਸ ਨੂੰ ਨੀਂਦ ਆਵੇ, ਜਿਸਨੇ ਵੀ ਦੇਖਿਆ ਹੈ, ਇਕ ਵਾਰ ਖ਼ਾਬ ਤੇਰਾ।
ਕਿਸਦੇ ਨਸੀਬ ਲਿਖਿਆ, ਚੰਨਣ ਦੀ ਗੋਲੀ ਪਿੰਡਾ, ਕਿਸ ਭੌਰ ਨੂੰ ਰਿਝਾਊ, ਮੁੱਖੜਾ ਗੁਲਾਬ ਤੇਰਾ।
ਦਾਤਾ ਹੈ ਜਾਂ ਭਿਖਾਰੀ, ਸ਼ਾਹ ਹੈ ਕਿ ਸ਼ਹਿਨਸ਼ਾਹ ਹੈ, ਸਭ ਪਾਣੀ ਭਰ ਰਹੇ ਨੇ, ਇੱਥੇ ਜਨਾਬ ਤੇਰਾ।
ਕੀ ਦੱਸਾਂ ਤੈਂ ਹਸੀਨਾ ਕਿੰਨਾ ਹਨੇਰਾ ਪਾਇਆ, ਐਵੇਂ ਮੈਂ ਰੱਖ ਲਿਆ ਹੈ ਨਾਂ ਆਫਤਾਬ ਤੇਰਾ।
ਉਹ ਵਕਤ ਤੁਰ ਗਿਆ ਹੈ ਤੂੰ ਛਟ ਪਟਾ ਨਾ 'ਕੌਸਤੁਭ', ਹੋਣਾ ਬਹੁਤ ਹੀ ਮੁਸ਼ਕਿਲ ਹੁਣ ਕਾਮਯਾਬ ਤੇਰਾ।

(3)

ਸਾਜ਼ ਉਠਾ, ਧੁਨ ਵਜਾ, ਗੀਤ ਸੁਣਾ ਗਾ ਗ਼ਜ਼ਲ, ਘੁੱਟ ਰਿਹਾ ਦਮ ਮਿਰਾ, ਦੇਰ ਨਾ ਲਾ ਗਾ ਗ਼ਜ਼ਲ।
ਹੱਸ ਹਸਾ, ਜੀ ਰਿਝਾ, ਨੱਚ ਨਚਾ ਗਾ ਗ਼ਜ਼ਲ, ਬੰਨ ਸਮਾਂ, ਗੁਣ ਗੁਣਾ ਬਜ਼ਮ ਸਜਾ ਗਾ ਗ਼ਜ਼ਲ।
ਦੂਰ ਨਾ ਜਾ, ਪਾਸ ਆ, ਸ਼ੇਰ ਸੁਣਾ ਗਾ ਗ਼ਜ਼ਲ, ਜਾਮ ਉਠਾ, ਮਧ ਪਿਲਾ, ਮਸਤ ਬਣਾ,ਗਾ ਗ਼ਜ਼ਲ।
ਸ਼ੀਰੀਂ ਸੁਖ਼ਨਾ, ਦਿਲ ਰੁਬਾ, ਚੰਗ ਵਜਾ ਗਾ ਗ਼ਜ਼ਲ, ਜਾਨੇ ਗ਼ਜ਼ਲ, ਖੁਸ਼ ਨਵਾ ਵਜ਼ਦ ਚ ਆ ਗਾ ਗ਼ਜ਼ਲ।
ਬੀਤ ਰਹੀ ਬੇਮਜ਼ਾ ਦੇਖ ਘੜੀ ਵਸਲ ਦੀ, ਦੇਰ ਨਾ ਲਾ ਜਲਦ ਆ ਆਸ ਪੁਗਾ ਗਾ ਗ਼ਜ਼ਲ।

# ਪੈੜ ਜਗੀਰੋ ਦੀ



**ਸੰਤ ਸਿੰਘ ਸੰਧੂ**

ਟੈਰਿਫ਼ – ਮੁੰਡਾ ਮੰਗਦਾ, ਬਦਾਮਾਂ ਵਾਲੀ ਖੀਰ ਕੁੜੀਓ।
ਅਮਰੀਕਾ – ਤੇਰੀ ਚੁੱਕ ਨਹੀਂ ਮਸੀਤ ਲਿਜਾਣੀ, ਰਾਹੀਆਂ ਨੇ ਰਾਤ ਕੱਟਣੀ।
ਬਿਆਸ – ਭਿੱਜ ਗਈ ਰੂਹ ਮਿਤਰਾਂ, ਸ਼ਿਆਮ ਘਟਾਂ ਚੜ੍ਹ ਆਈਆਂ।
ਨਿਹਾਰ – ਰੰਣਾ ਵਾਲਿਆਂ ਦੇ ਪਕੱਣ ਪਰੌਂਠੇ, ਛੜਿਆਂ ਦੀ ਅੱਗ ਨਾ ਬਲੇ।
ਚੋਣ ਕਮਿਸ਼ਨ – ਜੱਗੇ ਮਾਰਿਆ ਲਾਇਲਪੁਰ ਡਾਕਾ, ਤਾਰਾਂ ਖੜਕ ਰਹੀਆਂ।
ਬੇਰੁਜ਼ਗਾਰੀ – ਸਾਨੂੰ ਗਿਟਕਾਂ ਗਿਣਨ ’ਤੇ ਈ ਰੱਖ ਲੈ, ਬੇਰੀਆਂ ਦੇ ਬੇਰ ਖਾਣੀਏ।
ਤਾਨਾਸ਼ਾਹੀ – ਦੁੱਧ ਨੂੰ ਮਧਾਣੀ ਪੁੱਛਦੀ, ਰਾਤੀਂ ਜਾਗ ਹੰਝੂਆਂ ਕਿਨ ਲਾਇਆ।
ਪੱਛਮੀ ਪੰਜਾਬ – ਵਿਹੜੇ ਸੱਜਣਾਂ ਦੇ ਵਗਦੀਆਂ ਪ੍ਰੀਤ ਝਨਾਵਾਂ।
ਕ੍ਰਿਸਾਨੀ – ਤੇਲ ਬਾਝੋਂ ਨਹੀਂ ਪੱਕਦੇ ਗੁਲਗੁਲੇ ਵੇਖ ਰਹੀ ਪਤਰਾਅ ਕੇ।
ਪੰਜਾਬੀ ਯੂਨੀਵਰਸਿਟੀ – ਅੱਖ ਨਾਲ ਗੱਲ ਕਰਦੀ ਪੱਲਾ ਮਾਰ ਕੇ ਬੁਝਾਉਂਦੀ ਦੀਵੇ।
ਕਾਂਗਰਸ – ਕਾਲੀ ਤਿੱਤਰੀ ਕਮਾਦੋਂ ਨਿਕਲੀ ਉੜਦੀ ਨੂੰ ਬਾਜ ਪੈ ਗਿਆ।
ਕੇਂਦਰੀ ਸਹਾਇਤਾ – ਬਾਪੂ ਤੇਰੇ ਕੁੜਮਾਂ ਨੇ ਪੱਟੀ ਲੱਸੀ ਦੀ ਸੁਲਾਹ ਨਾ ਮਾਰੀ।
ਸੀਚੇਵਾਲ – ਜਿਥੋਂ ਬਲਬੀਰ ਲੰਘਦੇ, ਉਹਨਾਂ ਰਾਤਾਂ ਦੀ ਰੇਤਾ ਖੰਡ ਬਣਦੀ।
ਭਾਜਪਾ – ਪੈੜ ਜਗੀਰੋ ਦੀ, ਪਿੱਪਲਾਂ ਹੇਠ ਵੀ ਜਾਵੇ।
ਲਾਹੌਰ – ਸੱਕ ਮਲਦੀਆਂ, ਰਾਵੀ ਦੇ ਪੱਤਣਾਂ ਨੂੰ, ਅੱਗ ਲਾਉਣ ਲਾਹੌਰਨਾਂ ਚੱਲੀਆਂ ਜੀ।
ਪ੍ਰਧਾਨ ਮੰਤਰੀ – ਉਹਦੇ ਨਾਲ ਕੀ ਬੋਲਣਾ, ਜੀਹਨੇ ਮਿਡਲ ਪਾਸ ਨਾ ਕੀਤਾ।
ਆਸਮ ਮਨੀਰ – ਸੱਸ ਭਾਵੇਂ ਦੇਵੇ ਗਾਲੀਆਂ, ਤੇਰੀ ਫੌਜ ਨੂੰ ਕਰਾਂ ਵੀਰਾ ਰੋਟੀ।
ਆਸਾ ਸਿੰਘ ਘੁੰਮਣ – ਵੀਰ ਦੀ ਸੁਨਿਹਰੀ ਪੱਗ ਨੂੰ, ਚੁਣ ਚੁਣ ਲਾਵਾਂ ਗੋਟਾ।
ਵਰਿਆਮ ਸਿੰਘ ਸੰਧੂ – ਬਾਤਾਂ ਲੰਮੀਆਂ ਵੀਰ ਨੇ ਪਾਈਆਂ, ਰੱਬ ਦੀਆਂ ਰਾਤਾਂ ਛੋਟੀਆਂ।
ਧਰਮਪਾਲ ਉੱਗੀ – ਪੀਹੜੀ ਉਤੇ ਬਹਿ ਜਾਹ ਵੀਰਨਾ, ਸੱਸ ਚੰਦਰੀ ਦੇ ਰੁਦਨ ਸੁਣਾਵਾਂ।
ਹਰਮਨ ਸਿੱਧੂ – ਕਿਹੜੀ ਛਾਉਣੀ ’ਚ ਲੁਆ ਲਿਆ ਨਾਵਾਂ, ਜਾਂਦਾ ਹੋਇਆ ਦੱਸ ਨਾ ਗਿਆ।
ਹਰਮਨਪ੍ਰੀਤ ਪੀ.ਯੂ. – ਮੈਂ ਸ਼ੀਹਣੀ ਗੋਬਿੰਦ ਦੀ, ਅਨੰਦਪੁਰ ਤੋਂ ਆਈ।
ਹਰਮਪ੍ਰੀਤ ਕ੍ਰਿਕਟ – ਭਾਬੀ ਤੇਰੀ ਗੱਲ੍ਹ ਵਰਗਾ, ਅਸੀਂ ਬੇਰੀਆਂ ’ਚੋਂ ਬੇਰ ਲਿਆਂਦਾ।
ਮੋਤਾ ਸਿੰਘ ਸਰਾਏ – ਕੋਈ ਨੇਕ ਤਦਬੀਰ ਵੀ ਦੱਸ ਸਾਨੂੰ, ਮੁਕਬਲ ਆਇਆ ਹੈ ਚੱਲ ਕੇ ਤੱਕ ਤਾਂ।
ਡਾ. ਇੰਦਰਜੀਤ ਕੌਰ – ਤੈਨੂੰ ਮਾਨਾਂ ਵਾਲੇ ਜਾ ਕੇ ਧਿਆਵਾਂ, ਵੱਡੀ ਭੈਣ ਸਰਾਂ ਵਾਲੀਏ।
ਡਾ. ਨਿਰਮਲ ਸਿੰਘ – ਵੇਖੀਂ ਕਿਤੇ ਨਿੰਦ ਨ ਦਈ, ਮੁੰਡਾ ਪਿੱਛਲੇ ਜਨਮ ਦਾ ਸਾਧੂ।
ਪਿਆਰਾ ਸਿੰਘ ਸੰਘੇ ਖਾਲਸਾ– ਟੋਲੀ ਆਉਂਦੀ ਮੁੰਡਿਆਂ ਦੀ, ਲੰਮਾ–ਲੰਮਾ ਵੀਰ ਮੇਰਾ।

ਤਲਵੰਡੀ ਸਲੇਮ (ਜਲੰਧਰ)
97794–79169


ਰੰਗ ਮਜੀਠ
(ਕਾਵਿ ਰੰਗੋਲੀ)
ਸੁਰਿੰਦਰ ਸਿੰਘ ਸੁੱਨੜ


ਸਵਿੰਦਰ ਸੰਧੂ


ਤਸਵੀਰਾਂ
ਸਆਦਤ ਹਸਨ ਮੰਟੋ
ਅਨੁਵਾਦਕ
ਡਾ. ਬਲਦੇਵ ਸਿੰਘ 'ਬੱਦਨ'


ਪੰਜਾਬੀਆਂ ਦੇ ਵਹਿਮ-ਭਰਮ
ਤੇ ਰਸਮ-ਰਿਵਾਜ
ਡਾ. ਰਾਮ ਮੂਰਤੀ

| Apni Aawaaz | Volume 4 | Issue 5 | December 2025 | RNI : PUNPUN/2022/82997 |
| --- | --- | --- | --- | --- |













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/12/2025*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਕ ਮਿਤੀ : 01/12/2025*